@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 2 September 2026

Punjabi National Daily
Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 2 ਸਤੰਬਰ 2026, 19 ਭਾਦੋਂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 299, qpatrika@gmail.com ਫੋਨ : 9971359517 www.qaumipatrika.org

# 'ਵਿਦਿਆਰਥੀਆਂ ਦੀ ਗੂੰਜ' ਦੇ ਜਵਾਬ 'ਚ ਬਣੀ 'ਝੂਠ ਕੀ ਗੂੰਜ' ਵੈੱਬਸਾਈਟ, ਰਾਹੁਲ ਗਾਂਧੀ ਦੇ ਦਾਅਵਿਆਂ ਦਾ ਹੋ ਰਿਹੈ ਫੈਕਟ-ਚੈੱਕ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 1 ਸਤੰਬਰ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸਰਕਾਰ ਦੇ ਖ਼?ਲਾਫ਼ 'ਝੂਠ ਕੀ ਗੂੰਜ' ਨਾਮ ਨਾਲ ਕੈਂਪੇਨ ਸ਼ੁਰੂ ਕੀਤਾ ਪਰ ਇਸ ਕੈਂਪੇਨ ਦੇ ਜਵਾਬ ਵਿੱਚ ਇੱਕ ਅਜਿਹੀ ਵੈੱਬਸਾਈਟ ਨੇ ਲੋਕਾਂ ਦਾ ਧਿਆਨ ਖਿੱਚਿਆ ਹੈ, ਜਿਸ ਨੂੰ 'ਝੂਠ ਕੀ ਗੂੰਜ' ਨਾਮ ਦਿੱਤਾ ਗਿਆ ਹੈ। 'ਝੂਠ ਕੀ ਗੂੰਜ' ਵੈੱਬਸਾਈਟ ਕਿਸ ਨੇ ਬਣਾਈ, ਇਹ ਗੱਲ ਤਾਂ ਸਾਹਮਣੇ ਨਹੀਂ ਆਈ ਹੈ ਪਰ ਇਸ ਵੈੱਬਸਾਈਟ 'ਤੇ ਜਾਰੀ ਹੋਣ ਵਾਲੇ ਕੰਟੈਂਟ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਨੂੰ ਕਾਂਗਰਸ ਵਿਰੋਧੀ ਲੋਕਾਂ ਨੇ ਬਣਾਇਆ ਹੈ। ਰਾਹੁਲ ਗਾਂਧੀ ਦੇ ਕੈਂਪੇਨ ਦੇ ਖ਼?ਲਾਫ਼ ਬਣੀ ਇਸ ਵੈੱਬਸਾਈਟ ਨੇ ਭਾਰਤੀ ਜਨਤਾ ਪਾਰਟੀ ਦੇ ਸਮਰਥਕਾਂ ਦਾ ਧਿਆਨ ਖਿੱਚਿਆ ਹੈ। ਕਾਂਗਰਸ ਨੇਤਾ ਹੁਣ ਤੱਕ 'ਛਾਤਰੋਂ ਕੀ ਗੂੰਜ' ਨਾਮ ਨਾਲ ਚਾਰ ਈਵੈਂਟ ਕਰ ਚੁੱਕੇ ਹਨ। ਉੱਥੇ ਹੀ ਇਹ 'ਝੂਠ ਕੀ ਗੂੰਜ' ਵੈੱਬਸਾਈਟ ਇਨ੍ਹਾਂ ਈਵੈਂਟਾਂ ਵਿੱਚ ਰਾਹੁਲ ਦੇ ਦਾਅਵਿਆਂ ਦੀ ਸੱਚਾਈ ਦੀ ਜਾਂਚ (ਫੈਕਟ-ਚੈੱਕ) ਕਰਨ ਦਾ ਦਾਅਵਾ ਕਰਦੀ ਹੈ। ਇਸ ਵੈੱਬਸਾਈਟ ਨੂੰ ਭਾਰਤੀ ਜਨਤਾ ਪਾਰਟੀ ਦੇ ਸਮਰਥਕਾਂ ਦਾ ਸਮਰਥਨ ਮਿਲ



ਰਿਹਾ ਹੈ ਪਰ ਬੀਜੇਪੀ ਨੇ ਇਸ ਵੈੱਬਸਾਈਟ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਤੋਂ ਇਨਕਾਰ ਕੀਤਾ। ਵੈੱਬਸਾਈਟ 'ਤੇ ਵੀ ਇਸ ਨੂੰ ਬਣਾਉਣ ਵਾਲਿਆਂ ਦਾ ਕੋਈ ਸਿੱਧਾ ਜ਼ਿਕਰ ਨਹੀਂ ਹੈ ਪਰ ਇਹ ਵੈੱਬਸਾਈਟ ਬਣਨ ਦੇ ਨਾਲ ਹੀ ਸੋਸ਼ਲ ਮੀਡੀਆ 'ਤੇ ਟ?ਰੈਂਡ ਕਰ ਰਹੀ ਹੈ। ਕੁਝ ਲੋਕਾਂ ਨੇ ਇਸ ਨੂੰ 'ਰਾਸ਼ਟਰਵਾਦੀ ਰਿਸਰਚਰਜ਼' ਅਤੇ Gen Z (ਅੱਜ ਦੀ ਯੁਵਾ ਪੀੜ੍ਹੀ) ਦਾ ਕੰਮ ਦੱਸਿਆ ਹੈ। 'ਝੂਠ ਕੀ ਗੂੰਜ' ਵੈੱਬਸਾਈਟ 'ਤੇ ਲਿਖਿਆ ਹੈ, 'ਚਾਰ ਰੈਲੀਆਂ, ਚਾਲੀ ਦਾਅਵੇ ਅਤੇ ਇੱਕ answer key। ਇੱਥੇ ਉਹ ਸਾਰੇ ਝੂਠ ਦਿੱਤੇ ਗਏ ਹਨ ਜੋ ਰਾਹੁਲ ਗਾਂਧੀ ਨੇ ਆਪਣੇ ਕਥਿਤ 'ਛਾਤਰੋਂ ਕੀ ਗੂੰਜ' ਪ੍ਰੋਗਰਾਮ ਦੌਰਾਨ ਬੋਲੇ।' ਇਸ ਤੋਂ ਸਾਫ਼ ਪਤਾ ਲੱਗਦਾ ਕਿ ਬੀਜੇਪੀ ਦੇ ਖ਼?ਲਾਫ਼ ਰਾਹੁਲ ਦੀ ਮੁਹਿੰਮ 'ਚ ਇਹ ਵੈੱਬਸਾਈਟ ਕਿਸ ਪੱਖ ਵਿੱਚ ਹੈ। ਇਸ ਵੈੱਬਸਾਈਟ 'ਤੇ ਦੱਸਿਆ ਗਿਆ ਹੈ, 'ਰਾਹੁਲ ਗਾਂਧੀ ਨੇ ਛਾਤਰੋਂ ਕੀ ਗੂੰਜ ਕੈਂਪੇਨ ਦੇ ਚਾਰ ਈਵੈਂਟਾਂ ਦੌਰਾਨ 40 ਦਾਅਵੇ ਕੀਤੇ, ਜਿਨ੍ਹਾਂ 'ਚੋਂ 29 ਗਲਤ ਅਤੇ 11 ਗੁੰਮਰਾਹ ਕਰਨ ਵਾਲੇ ਸਨ।' ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਰਾਹੁਲ ਨੇ ਕਿਹਾ ਸੀ ਕਿ ਨੌਕਰੀ ਦੀ ਭਾਲ ਕਰ ਰਹੇ 1,000 ਜੁਆਨਾਂ ਵਿੱਚੋਂ ਲਗਪਗ 36 ਨੂੰ ਪੱਕੀ ਨੌਕਰੀ ਮਿਲੇਗੀ। ਉਨ੍ਹਾਂ ਕਿਹਾ ਕਿ ਮੋਟੇ ਤੌਰ 'ਤੇ 300 ਬੇਰੁਜ਼ਗਾਰ ਰਹਿਣਗੇ ਅਤੇ ਲਗਪਗ 700 ਗਿੱਗ ਵਰਕਰ (ਅਸਥਾਈ ਜਾਂ ਕੰਟਰੈਕਟ ਵਰਕਰ) ਬਣਨਗੇ। ਇਸ ਦਾਅਵੇ ਨੂੰ ਗਲਤ ਦੱਸਦੇ ਹੋਏ, ਵੈੱਬਸਾਈਟ PLFS ਯੂਨਿਟ-ਲੈਵਲ ਡਾਟਾ ਦਾ ਹਵਾਲਾ ਦਿੰਦੀ ਹੈ ਅਤੇ ਦਾਅਵਾ ਕਰਦੀ ਹੈ ਕਿ 2025 'ਚ 15-29 ਸਾਲ ਦੀ ਉਮਰ ਦੇ ਹਰ 100 ਗ੍ਰੈਜੂਏਟ 'ਚੋਂ 26 ਕੋਲ ਤਨਖਾਹ ਵਾਲੀ ਨੌਕਰੀ ਹੈ। ਰਾਹੁਲ ਦੀ ਇੱਕ ਹੋਰ ਗੱਲ, ਜਿਸ ਵਿੱਚ ਉਨ੍ਹਾਂ ਨੇ ਲਗਪਗ 29% ਔਰਤਾਂ ਨੂੰ ਸਰੀਰਕ ਹਿੰਸਾ ਦਾ ਸਾਹਮਣਾ ਕਰਨਾ ਪਿਆ, ਅਜਿਹਾ ਦਾਅਵਾ ਕੀਤਾ ਸੀ। ਇਸ 'ਤੇ ਵੈੱਬਸਾਈਟ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੁਰਾਣੇ NFHS ਡਾਟਾ ਦਾ ਸਹਾਰਾ ਲਿਆ। ਵੈੱਬਸਾਈਟ 'ਤੇ ਦੱਸਿਆ ਗਿਆ ਹੈ, 'ਜਦੋਂ ਤੋਂ ਮੋਦੀ ਸਰਕਾਰ ਸੱਤਾ 'ਚ ਆਈ ਹੈ, NFHS ਡਾਟਾ ਤੋਂ ਜੀਵਨਸਾਥੀ ਦੁਆਰਾਂ ਕੀਤੀ ਜਾਣ ਵਾਲੀ ਸਰੀਰਕ ਅਤੇ/ਜਾਂ ਜਿਨਸੀ ਹਿੰਸਾ ਵਿੱਚ ਸਾਫ਼ ਕਮੀ ਦਿਖੀ ??: (2005-06) ਵਿੱਚ 37.2% ਤੋਂ ਘੱਟ ਕੇ (2023-24) ਵਿੱਚ 22.3% ਹੋ ਗਈ।'

## ਸੱਜਣ ਕੁਮਾਰ ਮਾਮਲੇ 'ਚ ਭਾਜਪਾ ਪ੍ਰਧਾਨ ਦਾ ਐਕਸ਼ਨ ! ਆਪਣੇ ਹੀ 3 ਸੰਸਦ ਮੈਂਬਰਾਂ ਨੂੰ ਲਗਾਈ ਫਟਕਾਰ

ਕੌਮੀ ਪਤ੍ਰਿਕਾ

ਨਵੀਂ ਦਿੱਲੀ 1 ਸਤੰਬਰ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਸੱਜਣ ਕੁਮਾਰ ਦੀ ਸ਼ਰਧਾਂਜਲੀ ਸਭਾ 'ਚ ਸ਼ਾਮਲ ਹੋਣ 'ਤੇ ਪਾਰਟੀ ਦੇ ਸੰਸਦ ਮੈਂਬਰਾਂ ਕਮਲਜੀਤ ਸਹਿਰਾਵਤ, ਰਾਮਵੀਰ ਸਿੰਘ ਬਿਧੂੜੀ ਅਤੇ ਯੋਗੇਂਦਰ ਚੰਦੋਲੀਆ ਨੂੰ ਫਟਕਾਰ ਲਗਾਈ ਹੈ ਅਤੇ ਤਲਬ ਕੀਤਾ ਹੈ। ਤਿੰਨੋਂ ਸੰਸਦ ਮੈਂਬਰ ਬੀਤੇ ਦਿਨ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਸੱਜਣ ਕੁਮਾਰ ਦੀ ਸ਼ਰਧਾਂਜਲੀ ਸਭਾ 'ਚ ਪਹੁੰਚੇ ਸਨ। ਉਨ੍ਹਾਂ ਦੇ ਉੱਥੇ ਜਾਣ 'ਤੇ ਭਾਜਪਾ ਦੇ ਸੀਨੀਅਰ ਨੇਤਾ ਅਤੇ ਸਿੱਖ ਦੰਗਾ ਪੀੜਤਾਂ ਲਈ ਲੰਬੇ ਸਮੇਂ ਤੋਂ ਨਿਆਂ ਦੀ ਲੜਾਈ ਲੜ ਰਹੇ ਵਕੀਲ ਐੱਚ.ਐੱਸ. ਫੂਲਕਾ ਨੇ ਵੀ ਨਾਰਾਜ਼ਗੀ ਜਤਾਈ ਸੀ। ਫੂਲਕਾ ਨੇ 'ਐਕਸ' 'ਤੇ ਪੋਸਟ ਕਰਦੇ ਹੋਏ ਤਿੰਨੋਂ ਸੰਸਦ ਮੈਂਬਰਾਂ ਦੇ ਬਾਈਕਾਟ ਦੀ ਮੰਗ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਭਾਜਪਾ ਸੰਸਦ ਮੈਂਬਰਾਂ ਨੂੰ ਸੱਜਣ ਕੁਮਾਰ ਦੀ ਸ਼ਰਧਾਂਜਲੀ ਸਭਾ 'ਚ ਜਾਣ ਦੀ ਬਜਾਏ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਪ੍ਰਤੀ ਹਮਦਰਦੀ



ਜਤਾਉਣੀ ਚਾਹੀਦੀ ਸੀ। ਉਨ੍ਹਾਂ ਨੇ ਲਿਖਿਆ,"ਮੈਂ ਤਿੰਨੋਂ ਭਾਜਪਾ ਸੰਸਦ ਮੈਂਬਰਾਂ- ਕਮਲਜੀਤ ਸਹਿਰਾਵਤ, ਰਾਮਵੀਰ ਸਿੰਘ ਬਿਧੂੜੀ ਅਤੇ ਯੋਗੇਂਦਰ ਚੰਦੋਲੀਆ ਦੇ ਉਸ ਦੌਰੇ ਦੀ ਸਖ਼ਤ ਨਿੰਦਾ ਕਰਦਾ ਹਾਂ, ਜਿਸ 'ਚ ਉਹ ਕਾਤਲ ਸੱਜਣ ਕੁਮਾਰ ਦੇ ਘਰ ਉਸ ਦੀ ਮੌਤ 'ਤੇ ਸੋਗ ਜਤਾਉਣ ਗਏ ਸਨ। ਹਮਦਰਦੀ ਤਾਂ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਪ੍ਰਤੀ ਹੋਣੀ ਚਾਹੀਦੀ- ਜਿਨ੍ਹਾਂ 'ਚੋਂ ਕਈ ਲੋਕ ਅੱਜ ਵੀ ਉਨ੍ਹਾਂ ਦਿਨਾਂ ਦੇ ਖੌਫ਼ਨਾਕ ਮੰਜ਼ਰ ਨੂੰ ਜੀ ਰਹੇ ਹਨ। ਮੈਂ ਇਨ੍ਹਾਂ ਤਿੰਨਾਂ ਸੰਸਦ ਮੈਂਬਰਾਂ ਦੇ ਬਾਈਕਾਟ ਦੀ ਮੰਗ ਕਰਦਾ ਹਾਂ।"

## ਸੋਨੀਆ ਗਾਂਧੀ ਦੀ ਆਤਮਕਥਾ ਛਾਪਣ ਤੋਂ 'ਪੈਂਗੁਇਨ ਇੰਡੀਆ' ਦਾ ਇਨਕਾਰ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 1 ਸਤੰਬਰ। ਕਾਂਗਰਸ ਆਗੂ ਸੋਨੀਆ ਗਾਂਧੀ ਦੀ ਬਹੁ-ਉਡੀਕੀ ਜਾ ਰਹੀ ਆਤਮਕਥਾ 'ਬਿਲੌਂਗਿੰਗ : ਏ ਜਰਨੀ ਆਫ਼ ਲਵ' ਨੂੰ ਲੈ ਕੇ ਅਹਿਮ ਜਾਣਕਾਰੀ ਸਾਹਮਣੇ ਆਈ ਹੈ। ਰਿਪੋਰਟਾਂ ਮੁਤਾਬਕ, ਪੈਂਗੁਇਨ ਰੈਂਡਮ ਹਾਊਸ ਇੰਡੀਆ, ਜਿਸ ਨੇ ਇਸ ਨੂੰ ਪ੍ਰਕਾਸ਼ਿਤ ਕਰਨ ਦਾ ਐਲਾਨ ਕੀਤਾ ਸੀ, ਹੁਣ ਉਸ ਨੇ ਇਸ ਨੂੰ ਛਾਪਣ ਤੋਂ ਇਨਕਾਰ ਕਰ ਦਿੱਤਾ ਹੈ। ਪੈਂਗੁਇਨ ਇੰਡੀਆ ਵੱਲੋਂ ਕਿਹਾ ਗਿਆ ਕਿ ਉਹ ਭਾਰਤ 'ਚ ਇਸ ਨੂੰ ਪ੍ਰਕਾਸ਼ਿਤ ਨਹੀਂ ਕਰਨਗੇ। ਪੈਂਗੁਇਨ ਦਾ ਇਹ ਬਿਆਨ ਅਮਰੀਕੀ ਪ੍ਰਕਾਸ਼ਕ 'ਅਲਫ?ਰੈਡ ਏ. ਨੌਫ਼' ਵੱਲੋਂ ਇਹ ਐਲਾਨ ਕੀਤੇ ਜਾਣ ਦੇ ਕੁਝ ਹਫ਼ਤਿਆਂ ਬਾਅਦ ਆਇਆ ਹੈ ਕਿ ਪੁਸਤਕ 10 ਨਵੰਬਰ ਨੂੰ ਪ੍ਰਕਾਸ਼ਿਤ ਹੋਵੇਗੀ। ਅਲਫ?ਰੈਡ ਏ. ਨੌਫ਼,






ਪੈਂਗੁਇਨ ਰੈਂਡਮ ਹਾਊਸ ਦਾ ਇਕ ਪ੍ਰਕਾਸ਼ਨ ਅਦਾਰਾ ਹੈ। ਕੰਪਨੀ ਨੇ ਕਿਹਾ ਕਿ ਪੈਂਗੁਇਨ ਰੈਂਡਮ ਹਾਊਸ ਇੰਡੀਆ ਭਾਰਤ 'ਚ 'ਬਿਲੌਂਗਿੰਗ' ਦੀ ਪ੍ਰਕਾਸ਼ਕ ਨਹੀਂ ਹੈ। ਇਹ ਕਹਿਣਾ ਸਥਿਤੀਆਂ ਦੀ ਸਹੀ ਤਰੀਕੇ ਨਾਲ ਪੇਸ਼ਕਾਰੀ ਨਹੀਂ ਹੈ ਕਿ ਲੇਖਿਕਾ (ਸੋਨੀਆ) ਵੱਲੋਂ ਸੰਪਾਦਕੀ ਬਦਲਾਅ ਸਵੀਕਾਰ ਕਰਨ ਤੋਂ ਇਨਕਾਰ ਕਰਨ ਦੇ ਕਾਰਨ ਪੈਂਗੁਇਨ ਰੈਂਡਮ ਹਾਊਸ ਇੰਡੀਆ ਨੇ ਇਸ ਨੂੰ ਪ੍ਰਕਾਸ਼ਿਤ ਨਾ ਕਰਨ ਦਾ ਫੈਸਲਾ ਕੀਤਾ ਹੈ। ਇਹ ਬਿਆਨ ਇਕ ਰਿਪੋਰਟ ਤੋਂ ਬਾਅਦ ਆਇਆ ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਸੋਨੀਆ ਗਾਂਧੀ ਵੱਲੋਂ ਖਰੜੇ 'ਚ 'ਸੰਪਾਦਕੀ ਬਦਲਾਅ' ਕਰਨ ਤੋਂ ਇਨਕਾਰ ਕਰਨ ਤੋਂ ਬਾਅਦ ਪ੍ਰਕਾਸ਼ਕ ਪਿੱਛੇ ਹਟ ਗਿਆ। ਪੈਂਗੁਇਨ ਰੈਂਡਮ ਹਾਊਸ ਇੰਡੀਆ ਨੇ ਕਿਹਾ ਕਿ ਉਹ 'ਪੁਸਤਕ ਪ੍ਰਕਾਸ਼ਿਤ ਕਰਨ ਲਈ ਇੱਛੁਕ ਅਤੇ ਉਤਸੁਕ' ਸੀ ਪਰ ਲੇਖਕਾਂ ਦੀ ਤੱਥ-ਜਾਂਚ ਕਰਨਾ ਅਤੇ ਉਨ੍ਹਾਂ ਨੂੰ ਸੁਝਾਅ ਦੇਣਾ ਪ੍ਰਕਾਸ਼ਨ ਪ੍ਰਕਿਰਿਆ ਦੇ ਆਮ ਹਿੱਸੇ ਵਜੋਂ ਉਸ ਦਾ 'ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ' ਹੈ। ਕੰਪਨੀ ਨੇ ਕਿਹਾ ਕਿ ਅਸੀਂ ਲੇਖਿਕਾ ਨਾਲ ਹੋਈ ਗੁਪਤ ਗੱਲਬਾਤ 'ਚ ਅੱਗੇ ਕੋਈ ਟਿੱਪਣੀ ਨਹੀਂ ਕਰਾਂਗੇ। ਇਸ ਦੌਰਾਨ, ਭਾਰਤ 'ਚ ਪੁਸਤਕ ਦੇ ਡਿਸਟ?ਰੀਬਿਊਟਰ ਦੀ ਸਥਿਤੀ ਅਜੇ ਸਪੱਸ਼ਟ ਨਹੀਂ ਹੈ। ਹਾਲਾਂਕਿ, ਈ-ਕਾਮਰਸ ਵੈੱਬਸਾਈਟ ਐਮਾਜ਼ੋਨ ਦੇ ਇਕ ਪੇਜ 'ਤੇ 'ਬਿਲੌਂਗਿੰਗ' ਦਾ ਈ-ਬੁੱਕ ਐਡੀਸ਼ਨ 2,615 ਰੁਪਏ 'ਚ ਪ੍ਰੀ-ਆਰਡਰ ਲਈ ਉਪਲਬਧ ਦਿਸਿਆ।

## ਕਿਵੇਂ ਹੋਵੇਗਾ ਕੇਸਾਂ ਦਾ ਨਿਪਟਾਰਾ ? ਅਦਾਲਤਾਂ 'ਚ 58 ਫ਼ੀਸਦੀ ਤੱਕ ਜੱਜਾਂ ਦੀਆਂ ਕੁਰਸੀਆਂ 'ਖ਼ਾਲੀ'

ਨਵੀਂ ਦਿੱਲੀ 1 ਸਤੰਬਰ। ਦੇਸ਼ ਦਾ ਅਜਿਹਾ ਕੋਈ ਸੂਬਾ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਨਹੀਂ ਹੈ, ਜਿੱਥੇ ਜੱਜਾਂ ਦੀ ਕਮੀ ਨਹੀਂ ਹੈ। ਵਧਦੇ ਮੁਕੱਦਮਿਆਂ ਦੇ ਬੋਝ ਵਿਚਾਲੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ 10 ਤੋਂ 58 ਫੀਸਦੀ ਤੋਂ ਵੱਧ ਜੱਜਾਂ ਦੇ ਅਹੁਦੇ ਖ਼ਾਲੀ ਹਨ, ਜਦੋਂ ਕਿ ਦੇਸ਼ ਭਰ 'ਚ 23 ਫੀਸਦੀ ਤੋਂ ਵੱਧ ਜੱਜਾਂ ਦੇ ਅਹੁਦੇ ਖ਼ਾਲੀ ਹਨ। ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰਾਲਾ ਦੇ ਅੰਕੜਿਆਂ ਤੋਂ ਇਹ ਖੁਲਾਸਾ ਹੋਇਆ ਹੈ। ਕਾਨੂੰਨ ਮੰਤਰਾਲਾ ਦੇ ਅੰਕੜਿਆਂ ਅਨੁਸਾਰ ਦੇਸ਼ 'ਚ ਸਭ ਤੋਂ ਵੱਧ ਜੱਜਾਂ ਦੀ ਕਮੀ ਕਰਨਾਟਕ 'ਚ ਹੈ। ਇੱਥੇ ਦੀਆਂ ਜ਼ਿਲ੍ਹਾ ਅਦਾਲਤਾਂ 'ਚ 58 ਫੀਸਦੀ ਤੋਂ ਵੱਧ ਜੱਜਾਂ ਦੇ ਅਹੁਦੇ ਖਾਲੀ ਹਨ। ਮੰਤਰਾਲਾ ਅਨੁਸਾਰ, ਕਰਨਾਟਕ 'ਚ ਕੁੱਲ ਜੱਜਾਂ ਦੀ ਮਨਜ਼ੂਰ ਸਮਰੱਥਾ 2812 'ਚੋਂ ਸਿਰਫ਼ 1172 ਜੱਜ ਤਾਇਨਾਤ ਹਨ, ਜਦੋਂ ਕਿ 1640 ਜੱਜਾਂ ਦੇ ਅਹੁਦੇ ਖ਼ਾਲੀ ਹਨ। ਦੇਸ਼ ਭਰ ਦੀਆਂ ਜ਼ਿਲ੍ਹਾ ਅਦਾਲਤਾਂ 'ਚ ਜੱਜਾਂ ਦੀ ਕੁੱਲ ਮਨਜ਼ੂਰ ਸਮਰੱਥਾ 30868 'ਚੋਂ 23558 ਜੱਜ ਤਾਇਨਾਤ ਹਨ। ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਮਹਾਰਾਸ਼ਟਰ, ਮੱਧ ਪ੍ਰਦੇਸ਼ ਵਰਗੇ ਵੱਡੇ ਸੂਬਿਆਂ 'ਚ ਜੱਜਾਂ ਦੀ ਭਾਰੀ ਕਮੀ ਹੈ। ਉੱਤਰ ਪ੍ਰਦੇਸ਼ 'ਚ 1082, ਬਿਹਾਰ 374, ਝਾਰਖੰਡ 212, ਮਹਾਰਾਸ਼ਟਰ 897, ਮੱਧ ਪ੍ਰਦੇਸ਼ 368, ਗੁਜਰਾਤ 535 ਜੱਜਾਂ ਦੇ ਅਹੁਦੇ ਖਾਲੀ ਹਨ। ਜਦੋਂ ਕਿ ਇਨ੍ਹਾਂ ਸੂਬਿਆਂ 'ਚ ਅਦਾਲਤ ਮੁਕੱਦਮਿਆਂ ਦੇ ਬੋਝ ਨਾਲ ਦੱਬੀ ਹੈ। ਲੰਬੇ ਸਮੇਂ ਚਲੀ ਆ ਰਹੀ ਜੱਜਾਂ ਦੀ ਕਮੀ ਨਾਲ ਸਿਰਫ਼ ਇਕ ਸਾਲ 'ਚ ਜ਼ਿਲ੍ਹਾ ਅਦਾਲਤਾਂ 'ਚ ਲੱਖਾਂ ਮੁਕੱਦਮਿਆਂ ਦਾ ਬੋਝ ਵਧ ਗਿਆ ਹੈ।

## ਚੰਡੀਗੜ੍ਹ ਦੇ ਸਰਕਾਰੀ ਸਕੂਲ 'ਚ ਬੱਚੇ ਦਾ ਫਟਿਆ ਕੰਨ, ਅਧਿਆਪਕ ਬੋਲੇ- ਪੌੜੀਆਂ ਤੋਂ ਡਿੱਗਿਆ

ਚੰਡੀਗੜ੍ਹ 1 ਸਤੰਬਰ। ਧਨਾਸ ਦੇ ਸਰਕਾਰੀ ਸਕੂਲ 'ਚ ਪਹਿਲੀ ਜਮਾਤ ਦੇ ਵਿਦਿਆਰਥੀ ਦੇ ਜ਼ਖ਼ਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਬੱਚੇ ਦਾ ਕੰਨ ਬੁਰੀ ਤਰ੍ਹਾਂ ਫਟ ਗਿਆ ਹੈ, ਜਿਸ 'ਤੇ ਸਕੂਲ ਪ੍ਰਬੰਧਕ ਪੌੜੀਆਂ ਤੋਂ ਡਿੱਗਣ ਦੀ ਗੱਲ ਕਹਿ ਰਹੇ ਹਨ। ਉੱਥੇ ਹੀ, ਬੱਚੇ ਦੇ ਪਿਤਾ ਨੇ ਬੇਟੇ ਨਾਲ ਮਾਰਕੁੱਟ ਕਰਨ ਦੇ ਦੋਸ਼ ਲਾਏ ਹਨ। ਬੱਚੇ ਨੂੰ ਸੈਕਟਰ-16 ਸਥਿਤ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਉਸ ਦੇ ਕੰਨ 'ਤੇ ਟਾਂਕੇ ਲੱਗੇ ਹਨ। ਬੱਚੇ ਦੀ ਉਮਰ ਸੱਤ ਸਾਲ ਹੈ। ਪਹਿਲਾਂ ਉਹ ਪ੍ਰਾਈਵੇਟ ਸਕੂਲ ਵਿੱਚ ਪੜ੍ਹਦਾ ਸੀ, ਪਰ ਆਰਥਿਕ ਤੰਗੀ ਕਾਰਨ ਪਰਿਵਾਰ ਨੇ ਉਸ ਦਾ ਸਰਕਾਰੀ ਸਕੂਲ 'ਚ ਦਾਖ਼ਲਾ ਕਰਵਾਇਆ ਹੈ। ਘਟਨਾ ਦੁਪਹਿਰ ਕਰੀਬ ਇੱਕ ਵਜੇ ਦੀ ਹੈ। ਬੱਚੇ ਦੇ ਪਿਤਾ ਨੂੰ ਸਕੂਲ ਤੋਂ ਫੋਨ ਆਇਆ ਕਿ ਉਨ੍ਹਾਂ ਦਾ ਬੇਟਾ ਪੌੜੀਆਂ ਤੋਂ ਡਿੱਗ ਗਿਆ ਹੈ। ਬੇਟੇ ਦੀ ਹਾਲਤ ਦੇਖ ਕੇ ਪਿਤਾ ਨੇ ਮਾਰਕੁੱਟ ਹੋਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਬੇਟੇ ਨਾਲ ਪਹਿਲਾਂ ਵੀ ਕਈ ਵਾਰ ਮਾਰਕੁੱਟ ਹੋ ਚੁੱਕੀ ਹੈ ਅਤੇ ਇਸ ਵਾਰ ਵੀ ਵਿਦਿਆਰਥੀਆਂ ਦੀ ਮਾਰਕੁੱਟ ਨਾਲ ਹੀ ਕੰਨ ਉੱਤੇ ਸੱਟ ਲੱਗੀ ਹੈ। ਪਹਿਲਾਂ ਹੋਈ ਮਾਰਕੁੱਟ ਨੂੰ ਲੈ ਕੇ ਅਧਿਆਪਕਾਂ ਨੂੰ ਸ਼ਿਕਾਇਤ ਦਿੱਤੀ ਗਈ ਸੀ, ਪਰ ਕੋਈ ਕਾਰਵਾਈ ਨਹੀਂ ਹੋਈ। ਜ਼ਿਲ੍ਹਾ ਸਿੱਖਿਆ ਅਧਿਕਾਰੀ ਬੀਨਾ ਰਾਣੀ ਦਾ ਕਹਿਣਾ ਹੈ ਕਿ ਇਸ ਸਬੰਧ ਵਿੱਚ ਸਕੂਲ ਪ੍ਰਿੰਸੀਪਲ ਨਾਲ ਗੱਲ ਕੀਤੀ ਜਾਵੇਗੀ ਅਤੇ ਪੂਰਾ ਮਾਮਲਾ ਜਾਣਨ ਤੋਂ ਬਾਅਦ ਹੀ ਕੁਝ ਕਿਹਾ ਜਾਵੇਗਾ।

## ਹਰਿਆਣਾ 'ਚ ਆਯੁਸ਼ਮਾਨ ਯੋਜਨਾ ਹੋ ਸਕਦੀ ਹੈ ਠੱਪ, 480 ਹਸਪਤਾਲਾਂ ਨੇ ਦਿੱਤੀ ਚਿਤਾਵਨੀ

ਨੈਸ਼ਲਨ ਡੈਸਕ 1 ਸਤੰਬਰ। ਹਰਿਆਣਾ 'ਚ ਆਯੁਸ਼ਮਾਨ ਯੋਜਨਾ ਨਾਲ ਜੁੜੇ ਹਸਪਤਾਲ ਦਾਅਵਿਆਂ ਦੇ ਭੁਗਤਾਨ 'ਚ ਲੰਬੀ ਦੇਰੀ ਕਾਰਨ ਗੰਭੀਰ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਹਰਿਆਣਾ ਦੇ ਲਗਭਗ 480 ਹਸਪਤਾਲਾਂ 'ਤੇ ਹਰਿਆਣਾ ਸਰਕਾਰ ਦਾ 1,200 ਕਰੋੜ ਤੋਂ ਵੱਧ ਦਾ ਬਕਾਇਆ ਹੈ। ਇਸ ਕਾਰਨ ਇੰਡੀਅਨ ਮੈਡੀਕਲ ਐਸੋਸੀਏਸ਼ਨ ਹਰਿਆਣਾ ਨੇ 16 ਸਤੰਬਰ ਤੋਂ ਹਰਿਆਣਾ ਵਿੱਚ ਸੇਵਾਵਾਂ ਮੁਅੱਤਲ ਕਰਨ ਦੀ ਧਮਕੀ ਦਿੱਤੀ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਹਰਿਆਣਾ ਦੀ ਪ੍ਰਧਾਨ ਡਾ. ਸੁਨੀਲਾ ਸੋਨੀ ਦਾ ਕਹਿਣਾ ਹੈ ਕਿ ਹਾਲ ਹੀ 'ਚ ਇੱਕ ਹਸਪਤਾਲ ਨੂੰ ਅਜਿਹੀਆਂ ਵਿੱਤੀ ਮੁਸ਼ਕਲਾਂ ਕਾਰਨ ਬੰਦ ਕਰਨਾ ਪਿਆ ਸੀ। ਉਨ੍ਹਾਂ ਦੱਸਿਆ ਕਿ ਦਾਅਵਿਆਂ ਨੂੰ ਕਲੀਅਰ ਕਰਨ ਲਈ 15 ਦਿਨਾਂ ਦੀ ਸਮਾਂ ਸੀਮਾ ਦੇ ਬਾਵਜੂਦ, ਭੁਗਤਾਨਾਂ ਵਿੱਚ ਦੇਰੀ ਹੁਣ ਛੇ ਮਹੀਨਿਆਂ ਤੋਂ ਵੱਧ ਹੋ ਗਈ ਹੈ। ਇਸ ਨਾਲ ਬਹੁਤ ਸਾਰੇ ਹਸਪਤਾਲ ਗੰਭੀਰ ਵਿੱਤੀ ਦਬਾਅ ਹੇਠ ਆ ਗਏ ਹਨ, ਜਿਸ ਕਾਰਨ ਆਯੁਸ਼ਮਾਨ ਸੇਵਾਵਾਂ ਜਾਰੀ ਰੱਖਣਾ ਮੁਸ਼ਕਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਆਯੁਸ਼ਮਾਨ ਦੇ ਸੀਈਓ ਨੂੰ ਲਿਖੇ ਇੱਕ ਪੱਤਰ ਵਿੱਚ ਉਨ੍ਹਾਂ ਕਿਹਾ ਕਿ ਭੁਗਤਾਨਾਂ ਵਿੱਚ ਲਗਾਤਾਰ ਦੇਰੀ ਹਰਿਆਣਾ ਵਿੱਚ ਗਰੀਬ ਲਾਭਪਾਤਰੀਆਂ ਲਈ ਸਿਹਤ ਸੰਭਾਲ ਸੇਵਾਵਾਂ ਦੀ ਉਪਲਬਧਤਾ 'ਤੇ ਮਾੜਾ ਪ੍ਰਭਾਵ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਵਾਰ-ਵਾਰ ਭਰੋਸਾ ਦੇਣ ਦੇ ਬਾਵਜੂਦ, ਇਸ ਮੁੱਦੇ ਦਾ ਹੱਲ ਨਹੀਂ ਹੋਇਆ ਹੈ। ਇਸ ਲਈ, ਉਹ ਤੁਹਾਨੂੰ ਇਹ ਦੱਸਣ ਲਈ ਮਜਬੂਰ ਹੈ ਕਿ ਆਯੁਸ਼ਮਾਨ ਨਾਲ ਸਬੰਧਤ ਹਸਪਤਾਲ 1 ਸਤੰਬਰ ਨੂੰ 12:00 ਵਜੇ (ਅੱਧੀ ਰਾਤ) ਤੋਂ ਅਗਲੀ ਰਾਤ 12:00 ਵਜੇ ਤੱਕ ਆਯੁਸ਼ਮਾਨ ਸੇਵਾਵਾਂ ਨੂੰ ਮੁਅੱਤਲ ਕਰ ਦੇਣਗੇ। ਡਾ. ਸੁਨੀਲਾ ਸੋਨੀ ਨੇ ਦੱਸਿਆ ਕਿ ਇਹ ਪ੍ਰਤੀਕਾਤਮਕ ਮੁਅੱਤਲੀ ਸਰਕਾਰ, ਸਬੰਧਤ ਅਧਿਕਾਰੀਆਂ, ਮੀਡੀਆ ਅਤੇ ਆਮ ਜਨਤਾ ਦਾ ਧਿਆਨ ਆਯੁਸ਼ਮਾਨ ਨਾਲ ਸਬੰਧਤ ਹਸਪਤਾਲਾਂ ਨੂੰ ਦਰਪੇਸ਼ ਗੰਭੀਰ ਵਿੱਤੀ ਮੁਸ਼ਕਲਾਂ ਵੱਲ ਖਿੱਚਣ ਲਈ ਹੈ।

## ਇੰਤਜ਼ਾਰ ਖ਼ਤਮ ! ਬੰਗਾਲ ਦੀ ਧਰਤੀ ਤੋਂ ਨਿਕਲਿਆ ਕੱਚਾ ਤੇਲ, ਟਰੱਕਾਂ ਰਾਹੀਂ ਰਿਫਾਇਨਰੀ ਪਹੁੰਚੀ ਪਹਿਲੀ ਖੇਪ; ਹਰਦੀਪ ਸਿੰਘ ਪੁਰੀ ਦਾ ਐਲਾਨ

ਕੌਮੀ ਪਤ੍ਰਿਕਾ

ਨਵੀਂ ਦਿੱਲੀ 1 ਸਤੰਬਰ। ਦੇਸ਼ ਦੇ ਤੇਲ ਅਤੇ ਗੈਸ ਖੇਤਰ ਨੂੰ ਲੈ ਕੇ ਪੱਛਮੀ ਬੰਗਾਲ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਐਲਾਨ ਕੀਤਾ ਕਿ ਬੰਗਾਲ ਬੇਸਿਨ ਦੇ ਅਸ਼ੋਕਨਗਰ ਖੇਤਰ ਵਿੱਚ ਤੇਲ ਅਤੇ ਕੁਦਰਤੀ ਗੈਸ ਕਾਰਪੋਰੇਸ਼ਨ ਦੀ ਪਹਿਲੀ ਵਪਾਰਕ ਹਾਈਡਰੋਕਾਰਬਨ ਖੋਜ ਨੇ ਉਤਪਾਦਨ ਵੱਲ ਇੱਕ ਮਹੱਤਵਪੂਰਨ ਮੀਲ ਪੱਥਰ ਪਾਰ ਕਰ ਲਿਆ ਹੈ। ਸਾਈਟ ਤੋਂ ਕੱਢੇ ਗਏ ਕੱਚੇ ਤੇਲ ਦੀ ਪਹਿਲੀ ਖੇਪ ਨੂੰ ਰਿਫਾਇਨਰੀ ਤੱਕ ਪਹੁੰਚਾਉਣ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਗਈ ਹੈ। ਇਹ ਖ਼ਬਰ ਅਜਿਹੇ ਸਮੇਂ ਆਈ ਹੈ ਜਦੋਂ ਈਰਾਨ ਅਤੇ ਅਮਰੀਕਾ ਵਿਚਕਾਰ ਚੱਲ ਰਹੇ ਟਕਰਾਅ ਕਾਰਨ ਕੱਚੇ ਤੇਲ ਅਤੇ ਊਰਜਾ ਖੇਤਰਾਂ 'ਤੇ ਅਨਿਸ਼ਚਿਤਤਾ ਮੰਡਰਾ ਰਹੀ ਹੈ। ਇਸ ਵਿਚਕਾਰ, ਇਹ ਵਿਕਾਸ ਭਾਰਤ ਲਈ ਸਕਾਰਾਤਮਕ ਖ਼ਬਰ ਲਿਆਉਂਦਾ ਹੈ, ਜੋ ਕੱਚੇ ਤੇਲ ਵਿੱਚ ਆਤਮਨਿਰਭਰ ਬਣਨ ਵੱਲ ਲਗਾਤਾਰ ਵੱਡੀਆਂ ਤਰੱਕੀਆਂ ਕਰ ਰਿਹਾ ਹੈ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਦੇ ਅਨੁਸਾਰ, ਅਸ਼ੋਕਨਗਰ ਖੇਤਰ ਵਿੱਚ ਵਿਕਾਸ ਖੂਹ AS-AZ ਲਈ ਖੁਦਾਈ 30 ਮਈ, 2026 ਨੂੰ ਸ਼ੁਰੂ ਹੋਈ ਸੀ। ਤਿੰਨ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ, ONGC ਨੇ ਹਲਕੇ, ਉੱਚ-ਗੁਣਵੱਤਾ ਵਾਲੇ ਕੱਚੇ ਤੇਲ ਦਾ ਪ੍ਰਵਾਹ ਪੈਦਾ ਕਰਨ ਲਈ ਖੂਹ ਦੀ ਸਮਰੱਥਾ ਨੂੰ ਸਫਲਤਾਪੂਰਵਕ ਸਥਾਪਿਤ ਕੀਤਾ। ਸੋਸ਼ਲ ਮੀਡੀਆ ਪਲੇਟਫਾਰਮ X 'ਤੇ




ਇਸ ਪ੍ਰਾਪਤੀ ਦੇ ਵੇਰਵੇ ਸਾਂਝੇ ਕਰਦੇ ਹੋਏ, ਮੰਤਰੀ ਨੇ ਕਿਹਾ ਕਿ ਇਹ ਖੋਜ ਭਾਰਤ ਦੀ ਘਰੇਲੂ ਹਾਈਡ?ਰੋਕਾਰਬਨ ਸਮਰੱਥਾ ਨੂੰ ਵਧਾਉਣ ਅਤੇ ਊਰਜਾ ਸੁਰੱਖਿਆ ਨੂੰ ਮਜ਼ਬੂਤ ??ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਲੰਬੇ ਸਮੇਂ ਤੱਕ ਖੋਜ ਅਤੇ ਵਿਕਾਸ ਗਤੀਵਿਧੀਆਂ ਤੋਂ ਬਾਅਦ ਪ੍ਰੋਜੈਕਟ ਹੁਣ ਅਸਲ ਉਤਪਾਦਨ ਵੱਲ ਵਧ ਰਿਹਾ ਹੈ। ਅਸ਼ੋਕਨਗਰ ਤੇਲ ਖੇਤਰ ਤੋਂ ਕੱਚੇ ਤੇਲ ਦੀ ਪਹਿਲੀ ਖੇਪ ਆਵਾਜਾਈ ਲਈ ਭੇਜੀ ਗਈ ਸੀ। ਇਸਨੂੰ ਇੰਡੀਅਨ ਆਇਲ ਕਾਰਪੋਰੇਸ਼ਨ ਦੀ ਹਲਦੀਆ ਰਿਫਾਇਨਰੀ ਵਿੱਚ ਭੇਜਿਆ ਜਾ ਰਿਹਾ ਹੈ। ਅਸ਼ੋਕਨਗਰ ਦੇ ਵਿਧਾਇਕ ਡਾ. ਸੁਮਯ ਹੀਰਾ ਅਤੇ ONGC ਦੇ ਡਾਇਰੈਕਟਰ (ਖੋਜ) ਇਸ ਮੌਕੇ 'ਤੇ ਮੌਜੂਦ ਸਨ। ਕੱਚੇ ਤੇਲ ਦੀ ਇਹ ਸ਼ੁਰੂਆਤੀ ਖੇਪ ਨਾ ਸਿਰਫ਼ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਖੋਜ ਦੀ ਸਫਲਤਾ ਦਾ ਸੰਕੇਤ ਦਿੰਦੀ ਹੈ, ਸਗੋਂ ਇਸ ਲਈ ਵੀ ਕਿਉਂਕਿ ਇਹ ਬੰਗਾਲ ਬੇਸਿਨ ਵਿੱਚ ਵਪਾਰਕ ਪੱਧਰ 'ਤੇ ਉਤਪਾਦਨ ਦੀ ਸੰਭਾਵਨਾ ਨੂੰ ਮਜ਼ਬੂਤ ਕਰਦੀ ਹੈ। ਬੰਗਾਲ ਬੇਸਿਨ ਵਿੱਚ ਤੇਲ ਅਤੇ ਗੈਸ ਦੀ ਗਤੀਵਿਧੀ ਵਧਣ ਦੀ ਸੰਭਾਵਨਾ ਅਸ਼ੋਕਨਗਰ ਵਿਖੇ ਖੋਜ ਪੱਛਮੀ ਬੰਗਾਲ ਨੂੰ ਭਾਰਤ ਦੇ ਹਾਈਡਰੋਕਾਰਬਨ ਨਕਸ਼ੇ 'ਤੇ ਮਜ਼ਬੂਤੀ ਨਾਲ ਰੱਖ ਰਹੀ ਹੈ। ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਇਹ ਵਿਕਾਸ ਬੰਗਾਲ ਬੇਸਿਨ ਵਿੱਚ ਤੇਲ ਅਤੇ ਗੈਸ ਦੀ ਖੋਜ ਅਤੇ ਉਤਪਾਦਨ ਨਾਲ ਸਬੰਧਤ ਗਤੀਵਿਧੀਆਂ ਨੂੰ ਤੇਜ਼ ਕਰ ਸਕਦਾ ਹੈ। ਭਾਰਤ ਆਪਣੀਆਂ ਊਰਜਾ ਜ਼ਰੂਰਤਾਂ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਪੂਰਾ ਕਰਨ ਲਈ ਕੱਚੇ ਤੇਲ ਦੀ ਦਰਾਮਦ 'ਤੇ ਨਿਰਭਰ ਕਰਦਾ ਹੈ। ਇਸ ਸੰਦਰਭ ਵਿੱਚ ਦੇਸ਼ ਦੇ ਅੰਦਰ ਨਵੇਂ ਤੇਲ ਅਤੇ ਗੈਸ ਸਰੋਤਾਂ ਦੀ ਖੋਜ ਅਤੇ ਵਪਾਰਕ ਵਰਤੋਂ ਦਰਾਮਦ 'ਤੇ ਨਿਰਭਰਤਾ ਨੂੰ ਘਟਾਉਣ ਵਿੱਚ ਮਦਦ ਕਰ ਸਕਦੀ ਹੈ।

## ਪਨੀਰ ਤੋਂ ਬਾਅਦ ਹੁਣ ਐਨਾਲਾਗ ਘਿਓ 'ਤੇ ਐਕਸ਼ਨ, ਹਰਿਆਣਾ ਸਰਕਾਰ ਨੇ ਲਗਾਇਆ 1 ਸਾਲ ਦਾ ਬੈਨ

ਨੈਸ਼ਨਲ ਡੈਸਕ 1 ਸਤੰਬਰ। ਹਰਿਆਣਾ ਸਰਕਾਰ ਨੇ ਫੂਡ ਪਦਾਰਥਾਂ 'ਚ ਮਿਲਾਵਟ ਅਤੇ ਗਾਹਕਾਂ ਨੂੰ ਗੁੰਮਰਾਹ ਕਰਨ ਵਾਲੇ ਉਤਪਾਦਾਂ ਦੀ ਵਿਕਰੀ 'ਤੇ ਰੋਕ ਲਗਾਉਣ ਲਈ ਵੱਡਾ ਕਦਮ ਚੁੱਕਿਆ ਹੈ। ਹਰਿਆਣਾ 'ਚ ਮਾਪਦੰਡਾਂ 'ਤੇ ਖਰ੍ਹਾ ਨਾ ਉਤਰਨ ਵਾਲੇ ਉਤਪਾਦਾਂ ਨੂੰ ਘਿਓ ਦੇ ਨਾਂ ਨਾਲ ਬਣਾਉਣ, ਵੇਚਣ, ਸਟੋਰ ਕਰਨ ਅਤੇ ਸਪਲਾਈ ਕਰਨ 'ਤੇ ਇਕ ਸਾਲ ਲਈ ਰੋਕ ਲਗਾ ਦਿੱਤੀ ਗਈ ਹੈ। ਇਹ ਆਦੇਸ਼ ਪੂਰੇ ਹਰਿਆਣਾ 'ਚ ਲਾਗੂ ਹੋਇਆ ਹੈ। ਸਰਕਾਰ ਦੇ ਆਦੇਸ਼ ਅਨੁਸਾਰ, ਕੋਈ ਵੀ ਅਜਿਹਾ ਉਤਪਾਦ ਜਿਸ ਨੂੰ ਘਿਓ ਦੇ ਨਾਂ ਨਾਲ ਵੇਚਿਆ ਜਾ ਰਿਹਾ ਹੈ ਪਰ ਉਹ ਤੈਅ ਗੁਣਵੱਤਾ ਮਾਪਦੰਡਾਂ ਨੂੰ ਪੂਰਾ ਨਹੀਂ ਕਰਨਾ, ਉਸ ਦੀ ਵਿਕਰੀ ਅਤੇ ਵੰਡ 'ਤੇ ਰੋਕ ਰਹੇਗੀ। ਖ਼ਾਸ ਤੌਰ 'ਤੇ ਪੂਜਾ ਲਈ ਘਿਓ, ਦੀਵੇ ਲਈ ਘਿਓ, ਵਨਸਪਤੀ ਘਿਓ, ਕੁਕਿੰਗ ਘਿਓ, ਟੇਬਲ ਘਿਓ ਅਤੇ ਹਵਨ ਘਿਓ ਵਰਗੇ ਨਾਵਾਂ ਨਾਲ ਵੇਚੇ ਜਾਣ ਵਾਲੇ ਉਤਪਾਦ ਵੀ ਇਸ ਆਦੇਸ਼ ਦੇ ਦਾਇਰੇ 'ਚ ਹਨ। ਇਨ੍ਹਾਂ ਨੂੰ ਘਿਓ ਦੇ ਨਾਂ 'ਤੇ ਬਾਜ਼ਾਰ 'ਚ ਨਹੀਂ ਵੇਚਿਆ ਜਾ ਸਕਦਾ। ਸਰਕਾਰ ਦੇ ਇਸ ਫੈਸਲੇ ਦਾ ਮਤਲਬ ਇਹ ਨਹੀਂ ਹੈ ਕਿ ਹਰ ਤਰ੍ਹਾਂ ਦੇ ਘਿਓ ਦੀ ਵਿਕਰੀ 'ਤੇ ਰੋਕ ਲਗਾ ਦਿੱਤੀ ਗਈ ਹੈ। ਜੋ ਘਿਓ ਖੁਰਾਕ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਉਸ ਦੀ ਵਿਕਰੀ ਤਾਂ ਜਾਰੀ ਰਹੇਗੀ। ਆਦੇਸ਼ 'ਚ ਇਹ ਸਾਫ਼ ਕੀਤਾ ਗਿਆ ਹੈ ਕਿ ਅਸਲੀ ਘਿਓ 'ਤੇ ਬੈਨ ਨਹੀਂ ਹੈ। ਇਹ ਪਾਬੰਦੀ 21 ਅਗਸਤ 2026 ਤੋਂ ਇਕ ਸਾਲ ਲਈ ਲਾਗੂ ਕੀਤੀ ਗਈ ਹੈ। ਇਸ ਦਾ ਮਤਲਬ ਹੈ ਕਿ ਜੇਕਰ ਹੁਕਮ ਨੂੰ ਰੱਦ ਨਹੀਂ ਕੀਤਾ ਜਾਂਦਾ ਹੈ, ਤਾਂ ਇਹ ਪਾਬੰਦੀ ਅਗਸਤ 2027 ਤੱਕ ਲਾਗੂ ਰਹੇਗੀ।

## ਮੁਸ਼ਕਲ 'ਚ ਮਮਤਾ ਬੈਨਰਜੀ ! ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਦੇ ਦੋਸ਼ 'ਚ ਐੱਫ.ਆਈ.ਆਰ. ਦਰਜ

ਕੌਮੀ ਪਤ੍ਰਿਕਾ

ਕੋਲਕਾਤਾ 1 ਸਤੰਬਰ। ਕੋਲਕਾਤਾ ਪੁਲਿਸ ਨੇ ਪੱਛਮੀ ਬੰਗਾਲ ਦੀ ਸਾਬਕਾ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਮੁਖੀ ਮਮਤਾ ਬੈਨਰਜੀ ਦੇ ਖ਼?ਲਾਫ਼ ਖ਼ੁਦ ਨੋਟਿਸ ਲੈਂਦਿਆਂ ਇੱਕ ਐੱਫ.ਆਈ.ਆਰ. ਦਰਜ ਕੀਤੀ ਹੈ। ਇਹ ਮਾਮਲਾ ਕੋਲਕਾਤਾ ਦੇ ਹੇਸਟਿੰਗਜ਼ ਪੁਲਿਸ ਸਟੇਸ਼ਨ ਵਿੱਚ ਦਰਜ ਕੀਤਾ ਗਿਆ ਹੈ। ਦੱਸ ਦੇਈਏ ਕਿ ਇਹ ਕਾਰਵਾਈ ਸ਼ੁੱਕਰਵਾਰ ਨੂੰ ਕੋਲਕਾਤਾ ਦੇ ਸੈਂਟਰਲ ਇਲਾਕੇ ਵਿੱਚ ਸਥਿਤ ਕੈਥੇਡ?ਰਲ ਰੋਡ ਉੱਤੇ ਆਯੋਜਿਤ ਤ੍ਰਿਣਮੂਲ ਛਾਤਰ ਪਰਿਸ਼ਦ (ਟੀ.ਐੱਮ.ਸੀ.ਐੱਸ.ਪੀ.) ਦੇ ਸਥਾਪਨਾ ਦਿਵਸ ਪ੍ਰੋਗਰਾਮ ਨੂੰ ਲੈ ਕੇ ਕੀਤੀ ਗਈ ਹੈ। ਪੁਲਿਸ ਮੁਤਾਬਕ, ਇਸ ਮੀਟਿੰਗ ਲਈ ਕਲਕੱਤਾ ਹਾਈ ਕੋਰਟ ਨੇ ਕੁਝ ਖ਼ਾਸ ਸ਼ਰਤਾਂ ਅਤੇ ਨਿਯਮ ਤੈਅ ਕੀਤੇ ਸਨ। ਦੋਸ਼ ਹੈ ਕਿ ਇਸ



ਪ੍ਰੋਗਰਾਮ ਦੌਰਾਨ ਉਨ੍ਹਾਂ ਅਦਾਲਤੀ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਕੀਤੀ ਗਈ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਐੱਫ.ਆਈ.ਆਰ. ਦਰਜ ਕਰਨ ਤੋਂ ਬਾਅਦ ਹੁਣ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਨਿਯਮਾਂ ਨੂੰ ਤੋੜਨ 'ਚ ਕਿਸ-ਕਿਸ ਕੀ ਭੂਮਿਕਾ ਰਹੀ ਹੈ। ਮਮਤਾ ਬੈਨਰਜੀ ਤੋਂ ਇਲਾਵਾ ਇਸ ਮੀਟਿੰਗ ਦੇ ਹੋਰ ਆਯੋਜਕਾਂ ਦੇ ਖ਼?ਲਾਫ਼ ਵੀ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਪੁਲਿਸ ਹੁਣ ਪੂਰੇ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ।

## IRCTC ਘੁਟਾਲੇ 'ਚ ਲਾਲੂ, ਰਾਬੜੀ ਤੇ ਤੇਜਸਵੀ ਦੀਆਂ ਮੁਸ਼ਕਲਾਂ ਬਰਕਰਾਰ; ਮਨੀ ਲਾਂਡਰਿੰਗ ਮਾਮਲੇ 'ਚ 7 ਸਤੰਬਰ ਨੂੰ ਤੈਅ ਹੋਣਗੇ ਦੋਸ਼

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 1 ਸਤੰਬਰ। IRCTC ਹੋਟਲ ਘੋਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ RJD ਮੁਖੀ ਲਾਲੂ ਪ੍ਰਸਾਦ ਯਾਦਵ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਮੁਸ਼ਕਲਾਂ ਫਿਲਹਾਲ ਬਰਕਰਾਰ ਹਨ। ਰਾਊਜ਼ ਐਵੇਨਿਊ ਸਥਿਤ ਵਿਸ਼ੇਸ਼ ਅਦਾਲਤ ਨੇ ਲਾਲੂ ਯਾਦਵ, ਰਾਬੜੀ ਦੇਵੀ, ਤੇਜਸਵੀ ਯਾਦਵ, ਤੇਜ ਪ੍ਰਤਾਪ ਯਾਦਵ, ਮੀਸਾ ਭਾਰਤੀ, ਹੇਮਾ ਯਾਦਵ ਸਮੇਤ 16 ਦੋਸ਼ੀਆਂ ਖ਼?ਲਾਫ਼ ਦੋਸ਼ ਤੈਅ ਕਰਨ ਸਬੰਧੀ ਫ਼ੈਸਲਾ ਸੁਰੱਖਿਅਤ ਰੱਖ ਲਿਆ ਹੈ। ਹੁਣ ਅਦਾਲਤ 7 ਸਤੰਬਰ ਨੂੰ ਫ਼ੈਸਲਾ ਸੁਣਾਏਗੀ। ਇਨਫੋਰਸਮੈਂਟ ਡਾਇਰੈਕਟੋਰੇਟ (ED) ਨੇ ਮਾਮਲੇ ਵਿੱਚ ਦਾਇਰ ਕੀਤੀ ਪ੍ਰੋਸੀਕਿਊਸ਼ਨ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ 2004 ਤੋਂ 2009 ਦਰਮਿਆਨ ਲਾਲੂ ਪ੍ਰਸਾਦ ਯਾਦਵ ਦੇ ਰੇਲ ਮੰਤਰੀ ਰਹਿੰਦਿਆਂ IRCTC ਦੇ ਹੋਟਲਾਂ ਦੇ ਸੰਚਾਲਨ ਅਤੇ ਰੱਖ-ਰਖਾਅ ਦੇ ਠੇਕੇ ਦੇਣ ਵਿੱਚ ਨਿਯਮਾਂ ਦੀ ਅਣਦੇਖੀ ਕੀਤੀ ਗਈ। ਦੋ ਰੋਜ਼ਾ ਦੌਰੇ 'ਤੇ ਉਜ਼ਬੇਕਿਸਤਾਨ ਪਹੁੰਚੇ



PM ਮੋਦੀ, ਏਅਰਪੋਰਟ 'ਤੇ ਹੋਇਆ ਸ਼ਾਨਦਾਰ ਸਵਾਗਤ ਜਾਂਚ ਏਜੰਸੀ ਦਾ ਦੋਸ਼ ਹੈ ਕਿ ਟੈਂਡਰ ਪ੍ਰਕਿਰਿਆ ਵਿੱਚ ਹੇਰਾਫੇਰੀ ਕਰਕੇ ਇੱਕ ਨਿੱਜੀ ਕੰਪਨੀ ਨੂੰ ਠੇਕਾ ਦਿਵਾਇਆ ਗਿਆ। 54 ਮੁਤਾਬਕ, ਇਸ ਠੇਕੇ ਦੇ ਬਦਲੇ ਕਰੀਬ ਤਿੰਨ ਏਕੜ ਜ਼ਮੀਨ ਇੱਕ ਬੇਨਾਮੀ ਕੰਪਨੀ ਰਾਹੀਂ ਹਾਸਲ ਕੀਤੀ ਗਈ। ਏਜੰਸੀ ਦਾ ਦਾਅਵਾ ਹੈ ਕਿ ਇਸ ਕੰਪਨੀ ਦੇ ਸਬੰਧ ਲਾਲੂ ਯਾਦਵ ਦੇ ਪਰਿਵਾਰ ਅਤੇ ਉਨ੍ਹਾਂ ਦੇ ਕਰੀਬੀ ਸਹਿਯੋਗੀਆਂ ਨਾਲ ਸਨ। IRCTC ਹੋਟਲ ਪ੍ਰਾਜੈਕਟ ਵਿੱਚ ਕਥਿਤ ਬੇਨਿਯਮੀਆਂ ਦੀ ਜਾਂਚ ਸਭ ਤੋਂ ਪਹਿਲਾਂ 329 ਨੇ ਸ਼ੁਰੂ ਕੀਤੀ ਸੀ। ਇਸ ਤੋਂ ਬਾਅਦ 54 ਨੇ ਅਪਰਾਧ ਰਾਹੀਂ ਹਾਸਲ ਕੀਤੀ ਜਾਇਦਾਦ ਅਤੇ ਪੈਸਿਆਂ ਦੇ ਲੈਣ-ਦੇਣ ਦੀ ਜਾਂਚ ਦੇ ਆਧਾਰ 'ਤੇ ਮਨੀ ਲਾਂਡਰਿੰਗ ਦਾ ਮਾਮਲਾ ਦਰਜ ਕੀਤਾ। ਮਾਮਲੇ ਵਿੱਚ 54 ਨੇ ਕੁੱਲ 16 ਦੋਸ਼ੀਆਂ ਖ਼?ਲਾਫ਼ ਪ੍ਰੋਸੀਕਿਊਸ਼ਨ ਸ਼ਿਕਾਇਤ ਦਾਇਰ ਕੀਤੀ ਹੈ। ਇਨ੍ਹਾਂ ਵਿੱਚ ਲਾਲੂ ਪ੍ਰਸਾਦ ਯਾਦਵ ਤੋਂ ਇਲਾਵਾ ਉਨ੍ਹਾਂ ਦੀ ਪਤਨੀ ਰਾਬੜੀ ਦੇਵੀ, ਪੁੱਤਰ ਤੇਜਸਵੀ ਯਾਦਵ ਅਤੇ ਤੇਜ ਪ੍ਰਤਾਪ ਯਾਦਵ, ਧੀ ਮੀਸਾ ਭਾਰਤੀ ਅਤੇ ਹੇਮਾ ਯਾਦਵ ਸਮੇਤ ਹੋਰ ਲੋਕ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਇਸੇ ਘੋਟਾਲੇ ਨਾਲ ਜੁੜੇ ਭ੍ਰਿਸ਼ਟਾਚਾਰ ਮਾਮਲੇ ਵਿੱਚ ਅਦਾਲਤ ਪਿਛਲੇ ਸਾਲ ਅਕਤੂਬਰ ਵਿੱਚ ਦੋਸ਼ੀਆਂ ਖ਼?ਲਾਫ਼ ਧੋਖਾਧੜੀ, ਅਪਰਾਧਿਕ ਸਾਜ਼ਿਸ਼ ਅਤੇ ਭ੍ਰਿਸ਼ਟਾਚਾਰ ਨਾਲ ਸਬੰਧਤ ਧਾਰਾਵਾਂ ਤਹਿਤ ਦੋਸ਼ ਤੈਅ ਕਰ ਚੁੱਕੀ ਹੈ।

# ਜਲੰਧਰ: ਕਾਰੋਬਾਰੀ ਕੋਲੋਂ 72 ਲੱਖ ਲੁੱਟਣ ਦੇ ਮਾਮਲੇ 'ਚ ਵੱਡਾ ਖ਼ੁਲਾਸਾ ! ਮਾਲਕ ਦੇ ਘਰ 'ਚ 24 ਘੰਟੇ ਡਰਾਈਵਰ

**ਕੌਮੀ ਪਤ੍ਰਿਕਾ**

ਜਲੰਧਰ 1 ਸਤੰਬਰ। ਥਾਣਾ ਰਾਮਾ ਮੰਡੀ ਦੇ ਇਲਾਕੇ ਸੂਰਿਆ ਐਨਕਲੇਵ ਵਿਚ ਲੋਹਾ ਕਾਰੋਬਾਰੀ ਲਲਿਤ ਮਿੱਤਲ ਨਾਲ ਹੋਈ 72 ਲੱਖ ਰੁਪਏ ਦੀ ਲੁੱਟ ਦੇ ਮਾਮਲੇ 'ਚ ਨਵਾਂ ਖ਼ੁਲਾਸਾ ਹੋਇਆ ਹੈ ਕਿ ਵਾਰਦਾਤ ਨੂੰ ਅੰਜਾਮ ਲਲਿਤ ਮਿੱਤਲ ਦੇ ਡਰਾਈਵਰ, ਉਸ ਦੇ ਜੀਜੇ ਅਤੇ ਉਨ੍ਹਾਂ ਦੀ ਮਹਿਲਾ ਰਿਸ਼ਤੇਦਾਰ ਨੇ ਦੋ ਹੋਰ ਸਾਥੀਆਂ ਨਾਲ ਮਿਲ ਕੇ ਦਿੱਤਾ ਸੀ। ਫੜੇ ਗਏ ਮੁਲਜ਼ਮਾਂ ਦੇ ਕਬਜ਼ੇ ਤੋਂ ਪੁਲਸ ਨੇ 12 ਲੱਖ ਰੁਪਏ ਦੀ ਬਰਾਮਦਗੀ ਕਰ ਲਈ ਹੈ ਅਤੇ ਬਾਕੀ ਦੀ ਰਿਕਵਰੀ ਕਰਨ ਲਈ ਉਨ੍ਹਾਂ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਉਨ੍ਹਾਂ ਦਾ ਪੁਲਸ ਰਿਮਾਂਡ ਲੈ ਕੇ ਉਨ੍ਹਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਡਰਾਈਵਰ ਮਿੱਤਲ ਪਰਿਵਾਰ ਕੋਲ ਸਾਲਾਂ ਤੋਂ ਕੰਮ ਕਰਦਾ ਸੀ ਪਰ ਇਸੇ ਭਰੋਸੇ ਦਾ ਫਾਇਦਾ ਚੁੱਕਦਿਆਂ ਧੋਖੇਬਾਜ਼ ਡਰਾਈਵਰ ਨੇ ਵਾਰਦਾਤ ਨੂੰ ਅੰਜਾਮ ਦੇ ਦਿੱਤਾ। ਉੱਥੇ ਹੀ ਵਾਰਦਾਤ ਦੇ 24 ਘੰਟੇ ਤੱਕ ਮੁਲਜ਼ਮ ਡਰਾਈਵਰ ਮਿੱਤਲ ਪਰਿਵਾਰ ਦੇ ਘਰ ਹੀ ਰਿਹਾ ਤਾਂ ਜੋ ਉਹ ਪੁਲਸ ਕਾਰਵਾਈ 'ਤੇ ਨਜ਼ਰ ਰੱਖ ਸਕੇ। ਪੁਲਸ ਨੇ ਉਸ ਨੂੰ ਕਾਬੂ ਕੀਤਾ ਤਾਂ ਉਸ ਨੇ ਪੂਰਾ ਖ਼ੁਲਾਸਾ ਕਰ ਦਿੱਤਾ। ਲੋਹਾ ਕਾਰੋਬਾਰੀ ਲਲਿਤ ਮਿੱਤਲ ਨਾਲ ਲੱਖਾਂ ਰੁਪਏ ਦੀ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਦਾ ਪਲਾਨ ਕਿਸੇ ਹੋਰ ਨੇ ਨਹੀਂ ਸਗੋਂ ਉਨ੍ਹਾਂ ਦੇ ਆਪਣੇ ਹੀ ਪੁਰਾਣੇ ਨੌਕਰ ਨੇ ਆਪਣੇ ਜੀਜੇ ਅਤੇ ਮਹਿਲਾ ਰਿਸ਼ਤੇਦਾਰ ਨਾਲ ਮਿਲ ਕੇ ਬਣਾਇਆ ਸੀ। ਇਹ ਡਰਾਈਵਰ ਮਿੱਤਲ ਪਰਿਵਾਰ ਨਾਲ ਕਈ ਸਾਲਾਂ ਤੋਂ ਜੁੜਿਆ ਹੋਇਆ ਸੀ ਅਤੇ ਇਸ ਨੇ ਆਪਣਾ ਭਰੋਸਾ ਮਿੱਤਲ ਪਰਿਵਾਰ 'ਤੇ ਇਸ ਕਦਰ ਬਣਾ ਰੱਖਿਆ ਸੀ, ਜਿਵੇਂ ਉਹ ਉਨ੍ਹਾਂ ਦੇ ਪਰਿਵਾਰ ਦਾ ਹੀ ਕੋਈ ਮੈਂਬਰ ਹੋਵੇ। ਸਵੇਰ ਦੇ ਨਾਸ਼ਤੇ ਤੋਂ ਲੈ ਕੇ ਰਾਤ ਦੇ ਖਾਣੇ ਤੱਕ ਡਰਾਈਵਰ ਮਿੱਤਲ ਪਰਿਵਾਰ ਨਾਲ ਹੀ ਰਹਿੰਦਾ ਸੀ। ਅਜਿਹੇ ਵਿਚ ਉਸ ਨੂੰ ਉਨ੍ਹਾਂ ਦੇ ਕਾਰੋਬਾਰ ਤੋਂ ਲੈ ਕੇ ਘਰ ਦੇ ਹਰ ਮੈਂਬਰ ਦੀ ਹਰ ਜਾਣਕਾਰੀ ਬਾਰੇ ਵੀ ਚੰਗੀ ਤਰ੍ਹਾਂ ਪਤਾ ਸੀ। ਉਸ 'ਤੇ ਭਰੋਸਾ ਵੀ ਮਿੱਤਲ ਪਰਿਵਾਰ ਘਰ ਦੇ ਮੈਂਬਰ ਦੀ ਤਰ੍ਹਾਂ ਹੀ ਕਰਦਾ ਸੀ। ਲਲਿਤ ਮਿੱਤਲ ਲੋਹਾ ਕਾਰੋਬਾਰੀ ਦੀ ਪਤਨੀ ਜੋਕਿ ਸੀ. ਜੇ. ਐੱਸ. ਸਕੂਲ ਚਲਾਉਂਦੀ ਹੈ, ਉਨ੍ਹਾਂ ਨੇ ਆਪਣੇ ਸਕੂਲ ਵਿਚ ਕੰਮ ਕਰਨ ਵਾਲੀ ਇਕ ਮਹਿਲਾ ਨਾਲ ਡਰਾਈਵਰ ਦਾ ਵਿਆਹ ਵੀ ਕਰਵਾਇਆ ਸੀ। ਇਸ ਵਿਆਹ ਦਾ ਸਾਰਾ ਖਰਚਾ ਮਿੱਤਲ ਪਰਿਵਾਰ ਨੇ ਹੀ ਚੁੱਕਿਆ ਸੀ ਕਿਉਂਕਿ ਉਹ ਡਰਾਈਵਰ ਨੂੰ ਆਪਣਾ ਪੁੱਤਰ ਮੰਨਦੇ ਸਨ। ਅਜਿਹੇ ਵਿਚ ਡਰਾਈਵਰ ਨੂੰ ਮਿੱਤਲ ਪਰਿਵਾਰ ਦਾ ਪੂਰਾ ਭੇਤ ਸੀ, ਜਿਸ ਕਾਰਨ ਉਸ ਨੂੰ ਲੋਹੇ ਦੇ ਕਾਰੋਬਾਰ ਅਤੇ ਸਕੂਲ ਤੋਂ ਆਉਣ ਵਾਲੀ ਕਮਾਈ ਬਾਰੇ ਪਤਾ ਸੀ ਅਤੇ ਇਹ ਵੀ ਪਤਾ ਸੀ ਕਿ ਕਦੋਂ ਉਹ ਪੈਸੇ ਬੈਂਕ ਵਿਚ ਜਮ?ਹਾ ਕਰਵਾਉਣ ਜਾਂਦੇ ਹਨ। ਪੂਰੀ ਤਰ੍ਹਾਂ ਭੇਤੀ ਹੋਣ ਕਰਕੇ ਹੀ ਉਸ ਨੇ ਬਜ਼ੁਰਗ ਲਲਿਤ ਮਿੱਤਲ ਨੂੰ ਲੁੱਟਣ ਦੀ ਯੋਜਨਾ ਤਿਆਰ ਕਰ ਲਈ। ਇਸ ਤੋਂ ਬਾਅਦ ਉਸ ਨੇ ਇਸ ਯੋਜਨਾ ਵਿਚ ਆਪਣੇ ਜੀਜੇ ਅਤੇ ਇਕ ਮਹਿਲਾ ਰਿਸ਼ਤੇਦਾਰ ਨੂੰ ਵੀ ਸ਼ਾਮਲ ਕੀਤਾ। ਲੁੱਟ ਦੀ ਵਾਰਦਾਤ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਮਹਿਲਾ ਨੂੰ ਯੋਜਨਾ ਤਹਿਤ ਡਰਾਈਵਰ ਨੇ ਲਲਿਤ ਮਿੱਤਲ ਨਾਲ ਮਿਲਾਇਆ ਅਤੇ ਉਸ ਨੂੰ ਨੌਕਰੀ 'ਤੇ ਰੱਖਵਾ ਦਿੱਤਾ ਕਿਉਂਕਿ ਮਿੱਤਲ ਪਰਿਵਾਰ ਡਰਾਈਵਰ 'ਤੇ ਪੂਰਾ ਭਰੋਸਾ ਕਰਦਾ ਸੀ। ਇਸੇ ਲਈ ਬਿਨਾਂ ਵੈਰੀਫਿਕੇਸ਼ਨ ਕਰਵਾਏ ਉਸ ਮਹਿਲਾ ਨੂੰ ਕੰਮ 'ਤੇ ਰੱਖ ਲਿਆ। ਇਸ ਤੋਂ ਬਾਅਦ ਡਰਾਈਵਰ ਦੇ ਜੀਜੇ ਅਤੇ ਉਸ ਮਹਿਲਾ ਰਿਸ਼ਤੇਦਾਰ ਨੇ ਡਰਾਈਵਰ ਦੇ ਕਹਿਣ 'ਤੇ ਲਲਿਤ ਮਿੱਤਲ ਦੀ ਰੇਕੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਡਰਾਈਵਰ ਨੇ ਆਪਣੇ ਜੀਜੇ ਅਤੇ ਮਹਿਲਾ ਸਾਥੀ ਨੂੰ ਸੂਚਨਾ ਦਿੱਤੀ ਕਿ ਅੱਜ ਸਵਿੱਫਟ ਡਿਜ਼ਾਇਰ ਵਿਚ ਸਵਾਰ ਹੋ ਕੇ ਲਲਿਤ ਮਿੱਤਲ ਲੱਖਾਂ ਰੁਪਏ ਦੀ ਨਕਦੀ ਬੈਗ ਵਿਚ ਭਰ ਕੇ ਘਰ ਵੱਲ ਜਾ ਰਿਹਾ ਹੈ। ਰੇਕੀ ਤੋਂ ਬਾਅਦ ਤਿੰਨਾਂ ਨੇ ਦੋ ਹੋਰ ਸਾਥੀਆਂ ਨਾਲ ਮਿਲ ਕੇ ਲੁੱਟ ਦੀ ਇਸ ਵੱਡੀ ਵਾਰਦਾਤ ਨੂੰ ਅੰਜਾਮ ਦੇ ਦਿੱਤਾ। ਪਲ-ਪਲ ਦੀ ਖ਼ਬਰ ਲੈਣ ਲਈ ਡਰਾਈਵਰ ਮਿੱਤਲ ਪਰਿਵਾਰ ਦੇ ਨਾਲ ਰਿਹਾ ਤਾਂ ਜੋ ਪੁਲਸ ਕਾਰਵਾਈ ਦਾ ਪਤਾ ਚੱਲਦਾ ਰਹੇ ਅਤੇ ਉਹ ਆਪਣੇ ਸਾਥੀਆਂ ਨੂੰ ਅਲਰਟ ਕਰਦਾ ਰਹੇ।

# ਖੁੱਲ੍ਹੇ ਦਰਵਾਜ਼ੇ ਤੋਂ ਬਾਹਰ ਆਏ ਪਿਟਬੁਲ ਨੇ ਲੰਘਦੇ ਵਿਅਕਤੀ ਦਾ ਮੋਢਾ ਦਬੋਚਿਆ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 1 ਸਤੰਬਰ। ਪੰਜਾਬ ਦੇ ਪਟਿਆਲਾ ਵਿੱਚ ਘੁੰਮਣ ਨਗਰ ਇਲਾਕੇ ਨੇੜੇ ਇੱਕ ਮਕਾਨ ਦੇਖਣ ਗਏ ਪਤੀ-ਪਤਨੀ ਅੰਕਿਤ ਸਭਰਵਾਲ ਅਤੇ ਉਨ੍ਹਾਂ ਦੀ ਪਤਨੀ ਸ਼ਿਫਾਲੀ 'ਤੇ ਇੱਕ ਪਾਲਤੂ ਪਿਟਬੁਲ ਕੁੱਤੇ ਵੱਲੋਂ ਕੀਤੇ ਗਏ ਹਮਲੇ ਤੋਂ ਬਾਅਦ ਹੁਣ ਅੰਮ੍ਰਿਤਸਰ ਵਿੱਚ ਵੀ ਅਜਿਹਾ ਹੀ ਇੱਕ ਮਾਮਲਾ ਸਾਹਮਣੇ ਆਇਆ ਹੈ। ਏਅਰਪੋਰਟ ਰੋਡ ਦੇ ਰਹਿਣ ਵਾਲੇ ਸੁਦੇਸ਼ ਵਿਕਲ ਰਾਤ ਨੂੰ ਗਲੀ ਵਿੱਚ ਸੈਰ ਕਰ ਰਹੇ ਸਨ। ਇਸੇ ਦੌਰਾਨ ਅਚਾਨਕ ਗੁਆਂਢ ਦੇ ਘਰ ਦੇ ਖੁੱਲ੍ਹੇ ਦਰਵਾਜ਼ੇ ਤੋਂ ਪਿਟਬੁਲ ਨਸਲ ਦਾ ਕੁੱਤਾ ਬਾਹਰ ਨਿਕਲ ਆਇਆ। ਇਸ ਤੋਂ ਪਹਿਲਾਂ ਕਿ ਸੁਦੇਸ਼ ਕੁਝ ਸਮਝ ਪਾਉਂਦੇ, ਪਿਟਬੁਲ ਨੇ ਉਨ੍ਹਾਂ



'ਤੇ ਝਪੱਟਾ ਮਾਰ ਦਿੱਤਾ ਅਤੇ ਉਨ੍ਹਾਂ ਦੇ ਮੋਢੇ ਨੂੰ ਦੰਦਾਂ ਨਾਲ ਦਬੋਚ ਲਿਆ। ਕੁੱਤੇ ਨੇ ਇੰਨੀ ਮਜ਼ਬੂਤੀ ਨਾਲ ਪਕੜ ਬਣਾਈ ਕਿ ਸੁਦੇਸ਼ ਲਈ ਉਸ ਤੋਂ ਖ਼ੁਦ ਨੂੰ ਛੁਡਾਉਣਾ ਮੁਸ਼ਕਿਲ ਹੋ ਗਿਆ। ਘਟਨਾ ਦੇ ਸਮੇਂ ਆਸ-ਪਾਸ ਕੋਈ ਵਿਅਕਤੀ ਮੌਜੂਦ ਨਹੀਂ ਸੀ। ਉਹ ਲਗਾਤਾਰ ਕੁੱਤੇ ਦੇ ਚੰਗੁਲ ਤੋਂ ਨਿਕਲਣ ਦਾ ਯਤਨ ਕਰਦੇ ਰਹੇ, ਪਰ ਪਿਟਬੁਲ ਨੇ ਮੋਢਾ ਨਹੀਂ ਛੱਡਿਆ। ਇਸੇ ਦੌਰਾਨ ਸੜਕ ਤੋਂ ਇੱਕ ਵਾਹਨ ਚਾਲਕ ਲੰਘ ਰਿਹਾ ਸੀ। ਉਸ ਨੇ ਪੂਰਾ ਘਟਨਾਕ੍ਰਮ ਦੇਖਿਆ ਤਾਂ ਆਪਣੀ ਗੱਡੀ ਰੋਕ ਕੇ ਪਿਟਬੁਲ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ। ਵਾਹਨ ਚਾਲਕ ਨੇ ਦੋ-ਤਿੰਨ ਵਾਰ ਵਾਹਨ ਨਾਲ ਕੁੱਤੇ ਨੂੰ ਟੱਕਰ ਮਾਰੀ, ਜਿਸ ਤੋਂ ਬਾਅਦ ਪਿਟਬੁਲ ਨੇ ਸੁਦੇਸ਼ ਨੂੰ ਛੱਡ ਦਿੱਤਾ ਅਤੇ ਉੱਥੋਂ ਭੱਜ ਗਿਆ। ਘਟਨਾ ਤੋਂ ਬਾਅਦ ਸੁਦੇਸ਼ ਨੇ ਕੁੱਤੇ ਦੇ ਮਾਲਕ ਨਾਲ ਸੰਪਰਕ ਕਰਕੇ ਮਾਮਲੇ ਦੀ ਸ਼ਿਕਾਇਤ ਕੀਤੀ। ਸੁਦੇਸ਼ ਅਨੁਸਾਰ ਮਾਲਕ ਨੇ ਗੰਭੀਰਤਾ ਦਿਖਾਉਣ ਦੀ ਬਜਾਏ ਕਥਿਤ ਤੌਰ 'ਤੇ ਕਿਹਾ ਕਿ ਕੁੱਤਾ ਹੈ ਤਾਂ ਵੱਢੇਗਾ ਹੀ। ਇਸ ਤੋਂ ਬਾਅਦ ਸੁਦੇਸ਼ ਨੇ ਪੁਲਸ ਕੋਲ ਸ਼ਿਕਾਇਤ ਕੀਤੀ। ਸ਼ਿਕਾਇਤ ਦੇ ਆਧਾਰ 'ਤੇ ਥਾਣਾ ਸਦਰ ਪੁਲਿਸ ਨੇ ਪਿਟਬੁਲ ਦੇ ਮਾਲਕ ਖ਼?ਲਾਫ਼ ਕੇਸ ਦਰਜ ਕਰ ਲਿਆ ਹੈ। ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਨਵਤੇਜ ਸਿੰਘ ਨੇ ਕਿਹਾ ਕਿ ਪਿਟਬੁਲ ਨੂੰ ਬਰਾਮਦ ਕਰਨ ਦੀ ਕਾਰਵਾਈ ਕੀਤੀ ਜਾਵੇਗੀ।

## ਨਰਸਰੀ ਦੀ ਵਿਦਿਆਰਥਣ ਨਾਲ ਜਿਨਸੀ ਸ਼ੋਸ਼ਣ, ਸਕੂਲ ਬੱਸ ਡਰਾਈਵਰ ਗ੍ਰਿਫ਼ਤਾਰ

ਨਵੀਂ ਦਿੱਲੀ 1 ਸਤੰਬਰ। ਦਿੱਲੀ ਦੇ ਬਵਾਨਾ ਇਲਾਕੇ 'ਚ ਇਕ ਨਿੱਜੀ ਸਕੂਲ ਦੀ ਨਰਸਰੀ ਦੀ ਵਿਦਿਆਰਥਣ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ 'ਚ ਸਕੂਲ ਬੱਸ ਡਰਾਈਵਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਘਟਨਾ 19 ਅਗਸਤ ਨੂੰ ਉਦੋਂ ਸਾਹਮਣੇ ਆਈ, ਜਦੋਂ ਕੁੜੀ ਨੇ ਪਰਿਵਾਰ ਦੇ ਨਿੱਜੀ ਅੰਗਾਂ 'ਤੇ ਸੱਟ ਦੇ ਨਿਸ਼ਾਨ ਦੇਖੇ। ਪੁੱਛ-ਗਿੱਛ ਕਰਨ 'ਤੇ ਕੁੜੀ ਨੇ ਆਪਣੀ ਮਾਂ ਨੂੰ ਸਕੂਲ ਦੇ ਇਕ 'ਬੁਰੇ ਅੰਕਲ' ਬਾਰੇ ਦੱਸਿਆ, ਜੋ ਉਸ ਨੂੰ ਚਾਕਲੇਟ ਦਿੰਦਾ ਸੀ। ਪੁਲਸ ਦੱਸਿਆ ਕਿ 24 ਅਗਸਤ ਨੂੰ ਕੁੜੀ ਨੂੰ ਸਕੂਲ ਦੀਆਂ ਤਸਵੀਰਾਂ ਅਤੇ ਸੀਸੀਟੀਵੀ ਫੁਟੇਜ ਦਿਖਾਏ ਗਏ, ਜਿਸ ਦੌਰਾਨ ਉਸ ਨੇ ਦੋਸ਼ੀ ਦੀ ਪਛਾਣ ਕੀਤੀ। ਜਿਨਸੀ ਸ਼ੋਸ਼ਣ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਨਾਲ ਸੰਬੰਧਤ ਪ੍ਰਬੰਧਾਂ ਦੇ ਅਧੀਨ ਐੱਫਆਈਆਰ ਦਰਜ ਕੀਤੀ ਗਈ ਅਤੇ ਦੋਸ਼ੀ ਨੂੰ ਸਕੂਲ ਕੰਪਲੈਕਸ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਦੋਸ਼ੀ ਕਰੀਬ 8 ਮਹੀਨੇ ਤੋਂ ਸਕੂਲ ਬੱਸ ਚਲਾ ਰਿਹਾ ਸੀ ਅਤੇ ਕੁੜੀ ਦਾ ਪਿੱਛਾ ਕਰਦੇ ਹੋਏ ਬਾਥਰੂਮ ਤੱਕ ਗਿਆ, ਜਿੱਥੇ ਉਸ ਨੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਸੰਕੇਤ ਮਿਲਦਾ ਹੈ ਕਿ ਕੁੜੀ ਦਾ ਚਾਰ ਵਾਰ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ। ਦੋਸ਼ੀ ਦਾ ਮੋਬਾਈਲ ਫੋਨ ਵੀ ਜ਼ਬਤ ਕਰ ਲਿਆ ਗਿਆ ਹੈ, ਜਿਸ 'ਚ ਛੋਟੇ ਬੱਚਿਆਂ ਨੂੰ ਚਾਕਲੇਟ ਦਿੰਦੇ ਹੋਏ ਉਸ ਦੇ ਵੀਡੀਓ ਬਰਾਮਦ ਹੋਏ ਹਨ। ਸਕੂਲ ਕੰਪਲੈਕਸ ਦੀ ਸੀਸੀਟੀਵੀ ਫੁਟੇਜ ਨੂੰ ਵੀ ਕਬਜ਼ੇ 'ਚ ਲੈ ਲਿਆ ਗਿਆ ਹੈ।

# ਰੇਲਵੇ ਟਰੈਕ 'ਤੇ ਕਿਉਂ ਹੁੰਦੇ ਹਨ ਤਿੱਖੇ ਪੱਥਰ? ਟਰੇਨ ਦੇ ਸਫ਼ਰ ਨੂੰ ਸੁਰੱਖਿਅਤ ਬਣਾਉਣ ਵਾਲੀ ਅਸਲੀ ਵਜਹਾ

ਨਵੀਂ ਦਿੱਲੀ 1 ਸਤੰਬਰ। ਤੁਸੀਂ ਟ?ਰੇਨ ਵਿੱਚ ਸਫ਼ਰ ਜ਼ਰੂਰ ਕੀਤਾ ਹੋਵੇਗਾ, ਪਰ ਕੀ ਤੁਸੀਂ ਕਦੇ ਉਸ ਦੀਆਂ ਪਟੜੀਆਂ 'ਤੇ ਧਿਆਨ ਦਿੱਤਾ ਹੈ? ਟ?ਰੇਨ ਦੀਆਂ ਪਟੜੀਆਂ ਦੇ ਵਿਚਕਾਰ ਅਤੇ ਆਸ-ਪਾਸ ਢੇਰ ਸਾਰੇ ਛੋਟੇ-ਛੋਟੇ ਵਿੰਗੇ-ਟੇਡੇ ਪੱਥਰ ਵਿਛਾਏ ਹੁੰਦੇ ਹਨ। ਇਨ੍ਹਾਂ ਪੱਥਰਾਂ ਨੂੰ 'ਟ?ਰੈਕ ਬੈਲਾਸਟ' ਕਿਹਾ ਜਾਂਦਾ ਹੈ। ਕਈ ਲੋਕ ਸਮਝਦੇ ਹਨ ਕਿ ਇਹ ਸਿਰਫ਼ ਜ਼ਮੀਨ ਨੂੰ ਢੱਕਣ ਲਈ ਵਰਤੇ ਜਾਂਦੇ ਹਨ, ਪਰ ਇਹ ਪੱਥਰ ਸੁਰੱਖਿਆ ਦੇ ਲਿਹਾਜ਼ ਨਾਲ ਬਹੁਤ ਜ਼ਰੂਰੀ ਹੁੰਦੇ ਹਨ। ਆਓ ਜਾਣੀਏ ਰੇਲਵੇ ਟ?ਰੈਕ ਦੇ ਵਿਚਕਾਰ ਪੱਥਰ ਕਿਉਂ ਵਿਛਾਏ ਜਾਂਦੇ ਹਨ। ਭਾਰ ਨੂੰ ਵੰਡਣਾ: ਇੱਕ ਟ?ਰੇਨ ਦਾ ਭਾਰ ਹਜ਼ਾਰਾਂ ਟਨ ਹੁੰਦਾ ਹੈ। ਜਦੋਂ ਟ?ਰੇਨ ਤੇਜ਼ ਰਫ਼ਤਾਰ ਨਾਲ ਲੰਘਦੀ ਹੈ, ਤਾਂ ਸਟੀਲ ਦੀਆਂ ਪਟੜੀਆਂ ਅਤੇ ਕੰਕਰੀਟ ਦੇ ਸਲੀਪਰ ਇਕੱਲੇ ਉਸ ਦਬਾਅ ਨੂੰ ਨਹੀਂ ਸਹਿ ਸਕਦੇ। ਇਹ ਪੱਥਰ ਉਸ ਦਬਾਅ ਨੂੰ ਸੋਖ ਕੇ ਜ਼ਮੀਨ 'ਤੇ ਬਰਾਬਰ ਫੈਲਾਉਂਦੇ ਹਨ, ਜਿਸ ਨਾਲ ਪਟੜੀਆਂ ਜ਼ਮੀਨ ਵਿੱਚ ਨਹੀਂ ਧਸਦੀਆਂ। ਪਟੜੀਆਂ ਨੂੰ ਖਿਸਕਣ ਤੋਂ ਰੋਕਣਾ: ਟ?ਰੇਨ ਦੇ ਲੰਘਣ ਸਮੇਂ ਬਹੁਤ ਜ਼ਿਆਦਾ ਵਾਈਬ੍ਰੇਸ਼ਨ ਪੈਦਾ ਹੁੰਦੀ ਹੈ। ਜੇਕਰ ਸਿਰਫ਼ ਪੱਧਰੀ ਜ਼ਮੀਨ ਹੋਵੇ, ਤਾਂ ਸਲੀਪਰ ਆਪਣੀ ਜਗ?ਹਾ ਤੋਂ ਖਿਸਕ ਜਾਣਗੇ। ਇਸ ਲਈ ਬੈਲਾਸਟ ਲਈ ਹਮੇਸ਼ਾ ਤਿੱਖੇ ਅਤੇ ਖੁਰਦਰੇ ਪੱਥਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਜੋ ਇਹ ਪਟੜੀਆਂ ਨੂੰ ਬੰਨ੍ਹ ਕੇ ਰੱਖਣ ਅਤੇ ਖਿਸਕਣ ਨਾ ਦੇਣ। ਟ?ਰੈਕ ਤੋਂ ਪਾਣੀ ਸੋਖਣਾ: ਬਾਰਿਸ਼ ਦੇ ਮੌਸਮ ਵਿੱਚ ਜੇਕਰ ਪਟੜੀਆਂ ਦੇ ਕੋਲ ਪਾਣੀ ਜਮ?ਹਾਂ ਹੋ ਜਾਵੇ, ਤਾਂ ਪਟੜੀਆਂ ਚਿੱਕੜ ਵਿੱਚ ਧਸ ਸਕਦੀਆਂ ਹਨ। ਇਸ ਲਈ ਪਟੜੀਆਂ ਦੇ ਵਿਚਕਾਰਲੇ ਪਾਣੀ ਨੂੰ ਤੁਰੰਤ ਨਿਕਾਸ ਦੇਣ ਲਈ ਬੈਲਾਸਟ ਵਿਛਾਏ ਜਾਂਦੇ ਹਨ। ਇਹ ਪੱਥਰ ਟ?ਰੈਕ ਦੇ ਕੋਲ ਪਾਣੀ ਜਮ?ਹਾਂ ਨਹੀਂ ਹੋਣ ਦਿੰਦੇ। ਘਾਹ ਉੱਗਣ ਤੋਂ ਰੋਕਣਾ: ਜੇਕਰ ਪਟੜੀਆਂ ਦੇ ਆਸ-ਪਾਸ ਦੀ ਮਿੱਟੀ ਖੁੱਲ੍ਹੀ ਰਹੇ, ਤਾਂ ਉੱਥੇ ਘਾਹ ਅਤੇ ਝਾੜੀਆਂ ਉੱਗ ਆਉਣਗੀਆਂ। ਇਸ ਨਾਲ ਟ?ਰੈਕ ਘਾਹ ਵਿੱਚ ਛਿਪ ਜਾਣਗੇ ਅਤੇ ਪਟੜੀ ਬਦਲਣ ਜਾਂ ਇੱਕ ਟ?ਰੈਕ ਤੋਂ ਦੂਜੇ ਟ?ਰੈਕ 'ਤੇ ਜਾਣ ਵਿੱਚ ਡਰਾਈਵਰ ਨੂੰ ਪਰੇਸ਼ਾਨੀ ਹੋ ਸਕਦੀ ਹੈ। ਇਸ ਲਈ ਪਟੜੀਆਂ ਦੇ ਵਿਚਕਾਰ ਅਤੇ ਆਸ-ਪਾਸ ਪੱਥਰ ਵਿਛਾਏ ਜਾਂਦੇ ਹਨ, ਜੋ ਘਾਹ ਅਤੇ ਝਾੜੀਆਂ ਨੂੰ ਉੱਗਣ ਤੋਂ ਰੋਕਦੇ ਹਨ। ਟ?ਰੇਨ ਦਾ ਰੌਲਾ ਘੱਟ ਕਰਨਾ: ਟ?ਰੇਨ ਜਦੋਂ ਤੇਜ਼ੀ ਨਾਲ ਪਟੜੀਆਂ ਤੋਂ ਲੰਘਦੀ ਹੈ, ਤਾਂ ਪਟੜੀਆਂ ਵਿੱਚ ਬਹੁਤ ਤੇਜ਼ ਵਾਈਬ੍ਰੇਸ਼ਨ ਅਤੇ ਆਵਾਜ਼ ਪੈਦਾ ਹੁੰਦੀ ਹੈ। ਪੱਥਰਾਂ ਦੀ ਇਹ ਪਰਤ ਇੱਕ ਸ਼ੌਕ ਅਬਜ਼ੌਰਬਰ ਦੀ ਤਰ੍ਹਾਂ ਕੰਮ ਕਰਦੀ ਹੈ ਅਤੇ ਵਾਈਬ੍ਰੇਸ਼ਨ ਦੇ ਨਾਲ-ਨਾਲ ਆਵਾਜ਼ ਨੂੰ ਵੀ ਸੋਖ ਲੈਂਦੀ ਹੈ। ਇਸ ਨਾਲ ਟ?ਰੇਨ ਚੱਲਦੇ ਸਮੇਂ ਸ਼ੋਰ ਘੱਟ ਹੁੰਦਾ ਹੈ। ਦਰਅਸਲ, ਗੋਲ ਪੱਥਰ ਆਸਾਨੀ ਨਾਲ ਇੱਕ-ਦੂਜੇ ਦੇ ਉੱਪਰੋਂ ਫਿਸਲ ਸਕਦੇ ਹਨ, ਜਿਸ ਨਾਲ ਸਲੀਪਰ ਆਪਣੀ ਜਗ?ਹਾ ਤੋਂ ਖਿਸਕ ਸਕਦੇ ਹਨ। ਇਸ ਲਈ ਹਮੇਸ਼ਾ ਤਿੱਖੇ ਅਤੇ ਖੁਰਦਰੇ ਪੱਥਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਜੋ ਉਹ ਆਸਾਨੀ ਨਾਲ ਇੱਕ ਜਗ?ਹਾ ਤੋਂ ਖਿਸਕਣ ਨਾ।

# ਤਿਉਹਾਰੀ ਸੀਜ਼ਨ ਤੋਂ ਪਹਿਲਾਂ ਖੰਡ ਨੂੰ ਲੈ ਕੇ ਮੁੜ ਵਧੀ ਚਿੰਤਾ ! ਸਾਲ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚੇ ਭਾਅ, ਹਰਕਤ 'ਚ ਆਇਆ ਖ਼ਪਤਕਾਰ ਮੰਤਰਾਲਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 1 ਸਤੰਬਰ। ਖੰਡ ਹਰ ਜਗ?ਹਾ ਘਰਾਂ ਵਿੱਚ ਇੱਕ ਮੁੱਖ ਵਸਤੂ ਹੈ। ਹਾਲ ਹੀ ਵਿੱਚ, ਖੰਡ ਦੀ ਸਪਲਾਈ ਅਤੇ ਕੀਮਤ ਬਾਰੇ ਸਵਾਲ ਉਠਾਏ ਗਏ ਹਨ। ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਸਪਲਾਈ ਦੀ ਘਾਟ ਅਤੇ ਕੀਮਤਾਂ ਵਿੱਚ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਵਿਸ਼ਵ ਬਾਜ਼ਾਰ ਵਿੱਚ ਕੱਚੀ ਖੰਡ ਦੀ ਕੀਮਤ ਲਗਪਗ 16.6 ਸੈਂਟ ਪ੍ਰਤੀ ਪੌਂਡ ਤੱਕ ਪਹੁੰਚ ਗਈ ਹੈ। ਇੱਕ ਸਾਲ ਦਾ ਸਭ ਤੋਂ ਉੱਚਾ ਪੱਧਰ ਜਦੋਂ ਕਿ ਚਿੱਟੀ ਖੰਡ ਦੀਆਂ ਕੀਮਤਾਂ 15 ਮਹੀਨਿਆਂ ਦੇ ਉੱਚ ਪੱਧਰ 'ਤੇ ਹਨ। ਘਰੇਲੂ ਖੰਡ ਦੇ ਸਟਾਕ ਅਤੇ ਕੀਮਤਾਂ ਬਾਰੇ ਅਟਕਲਾਂ ਤੇਜ਼ ਹੋ ਗਈਆਂ ਹਨ। ਸਰਕਾਰ ਲੋੜੀਂਦੀ ਮਾਰਕੀਟ ਸਪਲਾਈ ਬਣਾਈ ਰੱਖਣ ਅਤੇ ਕੀਮਤਾਂ ਨੂੰ ਨਿਯੰਤਰਣ ਵਿੱਚ ਰੱਖਣ ਲਈ ਨਿਰੰਤਰ ਉਪਾਅ ਕਰ ਰਹੀ ਹੈ, ਇਹ ਯਕੀਨੀ ਬਣਾਉਣ ਲਈ ਕਿ ਆਮ ਜਨਤਾ ਕਿਫਾਇਤੀ ਦਰਾਂ 'ਤੇ ਖੰਡ ਤੱਕ ਪਹੁੰਚ ਸਕੇ। ਹਾਲਾਂਕਿ, ਦੇਸ਼ ਵਿੱਚ ਖੰਡ ਦੀਆਂ ਕੀਮਤਾਂ ਵਿੱਚ ਪਿਛਲੇ ਮਹੀਨੇ ਲਗਪਗ 10 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਿਸ ਵਿੱਚ ਜੂਨ ਤੋਂ ਕੁੱਲ 30 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਮੁੰਬਈ ਦੇ ਥੋਕ ਬਾਜ਼ਾਰ ਵਿੱਚ, ਖੰਡ ਇਸ ਸਮੇਂ ?5,000 ਤੋਂ ?5,090 ਪ੍ਰਤੀ ਕੁਇੰਟਲ ਦੇ ਵਿਚਕਾਰ ਵਪਾਰ ਕਰ ਰਹੀ ਹੈ, ਜਦੋਂ ਕਿ ਜੂਨ ਵਿੱਚ ਕੀਮਤ ਲਗਪਗ ?3,800 ਪ੍ਰਤੀ ਕੁਇੰਟਲ ਸੀ। ਵਪਾਰੀ ਇਸ ਕੀਮਤ ਵਿੱਚ ਵਾਧੇ ਦਾ ਕਾਰਨ ਘੱਟ ਬਾਰਿਸ਼ ਅਤੇ ਭਵਿੱਖ ਦੇ ਉਤਪਾਦਨ 'ਤੇ ਸੰਭਾਵੀ ਪ੍ਰਭਾਵ ਦੀਆਂ ਚਿੰਤਾਵਾਂ ਨੂੰ ਮੰਨਦੇ ਹਨ। ਇਸ ਤੋਂ ਇਲਾਵਾ, ਤਿਉਹਾਰਾਂ ਦੇ ਸੀਜ਼ਨ ਦੌਰਾਨ ਮੰਗ ਵਧਣ ਦੀ ਉਮੀਦ ਨੇ ਬਾਜ਼ਾਰ ਵਿੱਚ ਤੇਜ਼ੀ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਵਧਦੀਆਂ ਕੀਮਤਾਂ ਦੇ ਵਿਚਕਾਰ, ਸਰਕਾਰ ਨੇ ਖੰਡ ਦੇ ਸਟਾਕਾਂ ਦੀ ਜਾਂਚ ਤੇਜ਼ ਕਰ ਦਿੱਤੀ ਹੈ। ਖਪਤਕਾਰ ਮਾਮਲਿਆਂ ਦੇ



ਮੰਤਰਾਲੇ ਨੇ ਖੰਡ ਮਿੱਲਾਂ ਤੋਂ ਉਨ੍ਹਾਂ ਵੱਡੇ ਖਰੀਦਦਾਰਾਂ ਬਾਰੇ ਵੇਰਵੇ ਮੰਗੇ ਹਨ ਜਿਨ੍ਹਾਂ ਨੇ 2025-26 ਵਿੱਤੀ ਸਾਲ ਦੌਰਾਨ ਸਿੱਧੇ ਤੌਰ 'ਤੇ ਜਾਂ ਏਜੰਟਾਂ ਰਾਹੀਂ 500 ਟਨ ਜਾਂ ਇਸ ਤੋਂ ਵੱਧ ਖੰਡ ਖਰੀਦੀ ਸੀ। ਵਿਭਾਗ ਦੁਆਰਾ ਵੱਖ-ਵੱਖ ਰਾਜਾਂ ਵਿੱਚ ਕੀਤੀ ਗਈ ਭੌਤਿਕ ਤਸਦੀਕ ਨੇ ਅਜਿਹੇ ਉਦਾਹਰਣਾਂ ਦਾ ਖੁਲਾਸਾ ਕੀਤਾ ਹੈ ਜਿੱਥੇ ਵੱਡੇ ਖਰੀਦਦਾਰਾਂ ਨੂੰ ਵੇਚੀ ਗਈ ਖੰਡ ਅਜੇ ਵੀ ਮਿੱਲਾਂ ਦੇ ਗੋਦਾਮਾਂ ਵਿੱਚ ਪਈ ਸੀ। ਹਾਲਾਂਕਿ, ਇਹ ਸਟਾਕ ਪੀ-2 ਫਾਰਮ ਰਾਹੀਂ ਮਿੱਲਾਂ ਦੁਆਰਾ ਜਮ?ਹਾਂ ਕੀਤੀ ਗਈ ਜਾਣਕਾਰੀ ਵਿੱਚ ਪ੍ਰਤੀਬਿੰਬਤ ਨਹੀਂ ਹੋਇਆ ਸੀ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਕਿਸੇ ਡੀਲਰ, ਏਜੰਟ ਜਾਂ ਥੋਕ ਖਪਤਕਾਰ ਨੂੰ ਖੰਡ ਵੇਚਣ ਤੋਂ ਬਾਅਦ, ਕੋਈ ਮਿੱਲ ਉਸ ਸਟਾਕ ਨੂੰ ਆਪਣੇ ਅਹਾਤੇ ਵਿੱਚ ਸੱਤ ਦਿਨਾਂ ਤੋਂ ਵੱਧ ਨਹੀਂ ਰੱਖ ਸਕਦੀ। ਹਾਲਾਂਕਿ, ਮਿੱਲ ਦੇ ਨਿਯੰਤਰਣ ਤੋਂ ਬਾਹਰ ਦੇ ਹਾਲਾਤਾਂ ਲਈ ਛੋਟ ਦਿੱਤੀ ਜਾ ਸਕਦੀ ਹੈ। ਇਹ ਵਿਵਸਥਾ 30 ਨਵੰਬਰ 2026 ਤੱਕ ਲਾਗੂ ਰਹੇਗੀ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਖੰਡ ਮਿੱਲਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਆਉਣ ਵਾਲੇ ਮਹੀਨਿਆਂ ਨੂੰ ਘਰੇਲੂ ਖੰਡ ਬਾਜ਼ਾਰ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਅਕਤੂਬਰ ਤੋਂ ਬਾਅਦ ਸਪਲਾਈ ਦੀ ਸਥਿਤੀ ਵਿੱਚ ਸੁਧਾਰ ਹੋਣ ਦੀ ਉਮੀਦ ਹੈ ਕਿਉਂਕਿ ਖੰਡ ਮਿੱਲਾਂ ਨਵੇਂ ਸੀਜ਼ਨ ਲਈ ਪਿੜਾਈ ਦਾ ਕੰਮ ਸ਼ੁਰੂ ਕਰਦੀਆਂ ਹਨ ਅਤੇ ਤਾਜ਼ਾ ਖੰਡ ਬਾਜ਼ਾਰ ਵਿੱਚ ਆਉਂਦੀ ਹੈ। ਬਹੁਤ ਸਾਰੇ ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਪਿੜਾਈ ਅਕਤੂਬਰ ਦੇ ਅੱਧ ਤੱਕ ਸ਼ੁਰੂ ਨਹੀਂ ਹੁੰਦੀ ਹੈ ਮੌਸਮ ਦੀ ਸਥਿਤੀ ਜਾਂ ਮਜ਼ਦੂਰਾਂ ਦੀ ਘਾਟ ਕਾਰਨ ਤਾਂ ਸਰਕਾਰ ਘਰੇਲੂ ਸਪਲਾਈ ਨੂੰ ਵਧਾਉਣ ਲਈ ਜ਼ੀਰੋ ਡਿਊਟੀ 'ਤੇ ਕੱਚੀ ਖੰਡ ਆਯਾਤ ਕਰਨ ਦੀ ਚੋਣ ਕਰ ਸਕਦੀ ਹੈ।

## ਫੈਕਟਰੀ 'ਚ ਹੋ ਗਿਆ ਜ਼ਬਰਦਸਤ ਧਮਾਕਾ !

ਯੂਪੀ 1 ਸਤੰਬਰ। ਪਿਪਰੀ ਥਾਣਾ ਖੇਤਰ ਦੇ ਮਨੂਰੀ ਬਾਜ਼ਾਰ ਵਿੱਚ ਸੋਮਵਾਰ ਦੁਪਹਿਰ 12 ਵਜੇ ਦੇ ਕਰੀਬ ਇੱਕ ਪਟਾਕਿਆਂ ਦੀ ਫੈਕਟਰੀ ਵਿੱਚ ਅਚਾਨਕ ਜ਼ੋਰਦਾਰ ਧਮਾਕਾ ਹੋਣ ਤੋਂ ਬਾਅਦ ਅੱਗ ਲੱਗ ਗਈ। ਅੱਗ ਲੱਗਦੇ ਹੀ ਫੈਕਟਰੀ ਵਿੱਚ ਰੱਖੇ ਪਟਾਕਿਆਂ ਕਾਰਨ ਇੱਕ ਤੋਂ ਬਾਅਦ ਇੱਕ ਜ਼ੋਰਦਾਰ ਧਮਾਕੇ ਹੋਣੇ ਸ਼ੁਰੂ ਹੋ ਗਏ, ਜਿਸ ਕਾਰਨ 5 ਲੋਕਾਂ ਦੀ ਮੌਤ ਹੋ ਗਈ। ਧਮਾਕੇ ਦੀ ਆਵਾਜ਼ ਸੁਣਦੇ ਸਾਰ ਆਲੇ-ਦੁਆਲੇ ਹਫ਼ੜਾ-ਦਫ਼ੜੀ ਮਚ ਗਈ। ਘਟਨਾ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਮੌਕੇ 'ਤੇ ਪਹੁੰਚੀ ਪੁਲਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਪਟਾਕਿਆਂ ਦੀ ਫੈਕਟਰੀ ਵਿਚ ਅੱਗ ਲੱਗਣ 'ਤੇ ਚਾਰੇ ਪਾਸੇ ਧੂੰਆਂ ਫੈਲ ਗਿਆ

## ਤਿੰਨ ਬੱਚਿਆਂ ਦੇ ਪਿਉ ਦੀ ਸ਼ੱਕੀ ਹਾਲਾਤ 'ਚ ਮੌਤ, ਖੇਤ 'ਚੋਂ ਮਿਲੀ ਲਾਸ਼

ਮੋਗਾ 1 ਸਤੰਬਰ। ਮੋਗਾ ਜ਼ਿਲੇ ਦੇ ਪਿੰਡ ਬੀੜ ਰਾਊਕੇ ਨਿਵਾਸੀ ਕੁਲਵਿੰਦਰ ਸਿੰਘ ਉਰਫ ਗੋਲਡੀ (37) ਦੀ ਭੇਤਭਰੇ ਹਾਲਾਤ ਵਿਚ ਮੌਤ ਹੋ ਜਾਣ ਦਾ ਪਤਾ ਲੱਗਾ ਹੈ, ਜਿਸ ਦੀ ਲਾਸ਼ ਮਹਿਮੇਵਾਲਾ ਰੋਡ ਤੋਂ ਖੇਤਾਂ ਵਿਚ ਪਈ ਮਿਲੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮਹਿਣਾ ਦੇ ਸਹਾਇਕ ਥਾਣੇਦਾਰ ਨਾਹਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਸੁਰਿੰਦਰ ਕੌਰ ਦੇ ਬਿਆਨਾਂ 'ਤੇ ਅ/ਧ 194 ਤਹਿਤ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੁਰਿੰਦਰ ਕੌਰ ਨੇ ਕਿਹਾ ਕਿ ਉਹ ਆਪਣੇ ਪਤੀ ਨਾਲ ਆਪਣੇ ਪੇਕੇ ਪਿੰਡ ਡਾਲਾ ਵਿਖੇ ਰੱਖੜੀ ਬੰਨਣ ਲਈ ਆਈ ਸੀ, ਮੇਰਾ ਪਤੀ ਬੀਮਾਰ ਹੋਣ ਕਾਰਨ ਮੋਗਾ ਦਵਾਈ ਲੈਣ ਲਈ ਚਲਾ ਗਿਆ ਪਰ ਵਾਪਸ ਨਾ ਆਇਆ। ਸਾਨੂੰ ਪਤਾ ਲੱਗਾ ਕਿ ਉਸਦੀ ਲਾਸ਼ ਮਹਿੰਮੇਵਾਲਾ ਰੋਡ 'ਤੇ ਇਕ ਖੇਤ ਵਿਚ ਪਈ ਹੈ, ਜਿਸ 'ਤੇ ਅਸੀਂ ਉਥੇ ਪੁੱਜੇ ਅਤੇ ਪਛਾਣ ਕਰਨ ਦੇ ਬਾਅਦ ਪੁਲਸ ਨੂੰ ਸੂਚਿਤ ਕੀਤਾ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ 3 ਬੱਚਿਆਂ ਦਾ ਪਿਤਾ ਦੱਸਿਆ ਜਾਂਦਾ ਹੈ ਅਤੇ ਉਹ ਖੇਤੀ ਦਾ ਕੰਮ ਕਰਦਾ ਸੀ। ਮ੍ਰਿਤਕ ਦੀ ਲਾਸ਼ ਨੂੰ ਅੱਜ ਸਿਵਲ ਹਸਪਤਾਲ ਮੋਗਾ ਵਿਚੋਂ ਪੋਸਟਮਾਰਟਮ ਦੇ ਬਾਅਦ ਵਾਰਿਸਾਂ ਦੇ ਹਵਾਲੇ ਕੀਤਾ ਗਿਆ।

# ਜਦੋਂ ਲੜਕੀ ਨੇ ਲਾੜੇ ਦਾ ਚਿਹਰਾ ਵੇਖ ਕੇ ਵਿਆਹ ਤੋਂ ਕਰ'ਤਾ ਇਨਕਾਰ

ਗੁਰੂਹਰਸਹਾਏ 1 ਸਤੰਬਰ। ਨਜ਼ਦੀਕੀ ਪਿੰਡ ਜੀਵਾ ਅਰਾਈ ਤੋਂ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਵਿਆਹ ਸਮੇਂ ਲਾੜੀ ਨੇ ਬਾਰਾਤ ਲੈ ਕੇ ਪੁੱਜੇ ਲਾੜੇ ਦਾ ਚਿਹਰਾ ਦੇਖ ਕੇ ਵਿਆਹ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ, ਜਿਸ ਕਾਰਨ ਬਾਰਾਤ ਨੂੰ ਖਾਲੀ ਹੱਥ ਵਾਪਸ ਮੁੜਨਾ ਪਿਆ। ਇਹ ਘਟਨਾ ਪਿੰਡ ਟੀਟੂ ਖੇੜਾ ਦੀ ਦੱਸੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਰਾਜਸਥਾਨ ਤੋਂ ਆਈ ਬਾਰਾਤ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਫੇਰਿਆਂ ਤੋਂ ਪਹਿਲਾਂ ਦੁਲਹਨ ਨੇ ਲਾੜੇ ਨੂੰ ਦੇਖ ਕੇ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਲਾੜੀ ਦਾ ਦੋਸ਼ ਹੈ ਕਿ ਉਸਨੂੰ ਵਿਆਹ ਲਈ ਕਿਸੇ



ਹੋਰ ਲੜਕੇ ਦੀ ਤਸਵੀਰ ਦਿਖਾਈ ਗਈ ਸੀ, ਜਦਕਿ ਮੰਡਪ ਵਿਚ ਕਿਸੇ ਹੋਰ ਵਿਅਕਤੀ ਨੂੰ ਲਾੜਾ ਬਣਾਕੇ ਖੜਾ ਕੀਤਾ ਗਿਆ। ਦੂਜੇ ਪਾਸੇ ਰਾਜਸਥਾਨ ਦੇ ਛਤਰਗੜ੍ਹ ਨਿਵਾਸੀ ਲਾੜਾ ਸੇਮਸੰਗ ਅਤੇ ਉਸਦੇ ਪਰਿਵਾਰ ਦਾ ਕਹਿਣਾ ਹੈ ਕਿ ਇਹ ਰਿਸ਼ਤਾ ਦੋਵੇਂ ਪਰਿਵਾਰਾਂ ਦੀ ਸਹਿਮਤੀ ਨਾਲ ਤੈਅ ਹੋਇਆ ਸੀ ਅਤੇ ਮੋਬਾਇਲ 'ਤੇ ਵੀ ਗੱਲਬਾਤ ਹੁੰਦੀ ਰਹੀ ਸੀ। ਲਾੜੇ ਦੇ ਨਾਨੇ ਮਹਿੰਦਰ ਸਿੰਘ ਨੇ ਦੱਸਿਆ ਕਿ ਵਿਚੋਲਿਆਂ ਅਤੇ ਲੜਕੀ ਦੀ ਮਾਂ ਵੱਲੋਂ ਹੀ ਤਸਵੀਰਾਂ ਦਿੱਤੀਆਂ ਗਈਆਂ ਸਨ। ਮਾਮਲੇ ਨੂੰ ਲੈ ਕੇ ਹੁਣ ਪੁਲਿਸ ਵਿਚ ਸ਼ਿਕਾਇਤ ਦਰਜ ਕਰਵਾਈ ਗਈ ਹੈ ਅਤੇ ਜਾਂਚ ਜਾਰੀ ਹੈ। ਇਹ ਅਜੀਬੋ-ਗਰੀਬ ਘਟਨਾ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

## ਯਮੁਨਾ ਐਕਸਪ੍ਰੈਸਵੇਅ 'ਤੇ ਭਿਆਨਕ ਹਾਦਸਾ: ਰੇਲਿੰਗ ਤੋੜ ਕਾਰ ਨਾਲ ਜਾ ਵੱਜਾ ਬੇਕਾਬੂ ਟਰੱਕ

ਨੋਇਡਾ 1 ਸਤੰਬਰ। ਉੱਤਰ ਪ੍ਰਦੇਸ਼ ਦੇ ਗ੍ਰੇਟਰ ਨੋਇਡਾ ਜੇਵਰ ਥਾਣਾ ਖੇਤਰ ਵਿਚ ਯਮੁਨਾ ਐਕਸਪ੍ਰੈਸਵੇਅ 'ਤੇ ਐਤਵਾਰ ਦੀ ਰਾਤ ਨੂੰ ਇਕ ਭਿਆਨਕ ਸੜਕ ਹਾਦਸਾ ਵਾਪਰ ਗਿਆ, ਜਿਸ ਵਿਚ ਹਫ਼ਰਾ-ਦਫ਼ੜੀ ਮਚ ਗਈ। ਯਮੁਨਾ ਐਕਸਪ੍ਰੈਸਵੇਅ 'ਤੇ ਇਕ ਬੇਕਾਬੂ ਟਰੱਕ ਦੀ ਟੱਕਰ ਸਾਹਮਣੇ ਤੋਂ ਆ ਰਹੀ ਕਾਰ ਨਾਲ ਹੋ ਗਈ, ਜਿਸ ਕਾਰਨ ਉਸ ਵਿਚ ਸਵਾਰ 4 ਲੋਕਾਂ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ 'ਤੇ ਪਹੁੰਚੀ ਪੁਲਸ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਦੱਸਿਆ ਕਿ ਦੇਰ ਰਾਤ ਹਾਦਸਾ ਦਾ ਸ਼ਿਕਾਰ ਹੋਇਆ ਟਰੱਕ ਨੋਇਡਾ ਵਲੋਂ ਆਗਰਾ ਵਾਲੇ ਪਾਸੇ ਜਾ ਰਿਹਾ ਸੀ। ਜੇਵਰ ਥਾਣਾ ਖੇਤਰ ਵਿਚ ਯਮੁਨਾ ਐਕਸਪ੍ਰੈਸਵੇਅ 'ਤੇ ਟਰੱਕ ਅਚਾਨਕ ਬੇਕਾਬੂ ਹੋ ਗਿਆ ਅਤੇ ਰੇਲਿੰਗ ਤੋੜਦੇ ਹੋਏ ਸਾਹਮਣੇ ਤੋਂ ਆ ਰਹੀ ਇਕ ਕਾਰ ਨਾਲ ਟਕਰਾ ਗਿਆ। ਇਸ ਹਾਦਸੇ ਦੌਰਾਨ 4 ਲੋਕਾਂ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਸੂਚਨਾ ਮਿਲਣ 'ਤੇ ਜੇਵਰ ਥਾਣਾ ਦੀ ਪੁਲਸ ਤੁਰੰਤ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਰਾਹਤ ਅਤੇ ਬਚਾਅ ਕਾਰਜ ਕਰਦੇ ਹੋਏ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ, ਜਿਥੇ ਉਨ੍ਹਾਂ ਨੇ ਦਮ ਤੋੜ ਦਿੱਤਾ। ਚਾਰਾਂ ਦੀ ਮੌਤ ਹੋਣ ਮਗਰੋਂ ਪੁਲਸ ਨੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਹਾਦਸੇ ਵਿਚ ਜਾਨ ਗੁਆਉਣ ਵਾਲੇ ਲੋਕਾਂ ਦੀ ਪਛਾਣ ਅਤੇ ਹੋਰ ਜ਼ਰੂਰੀ ਰਸਮਾਂ ਪੂਰੀਆਂ ਕਰਨ ਲਈ ਪੁਲਸ ਨੇ ਕਾਨੂੰਨੀ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ। ਪੁਲਸ ਨੇ ਟਰੱਕ ਚਾਲਕ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੂੰ ਮੁੱਢਲੀ ਜਾਂਚ 'ਚ ਪਤਾ ਲੱਗਾ ਕਿ ਟਰੱਕ ਬੇਕਾਬੂ ਹੋ ਗਿਆ ਸੀ। ਪੁਲਸ ਘਟਨਾ ਵਾਲੀ ਥਾਂ ਦਾ ਮੁਆਇਨਾ ਕਰ ਰਹੀ ਹੈ। ਹਾਦਸੇ ਵਿਚ ਨੁਕਸਾਨੇ ਗਏ ਵਾਹਨਾਂ ਅਤੇ ਹੋਰ ਹਾਲਾਤ ਬਾਰੇ ਵੀ ਜ਼ਰੂਰੀ ਕਾਰਵਾਈ ਕੀਤੀ ਜਾ ਰਹੀ ਹੈ। ਪੁਲਸ ਨੇ ਪੀੜਤ ਪਰਿਵਾਰ ਨੂੰ ਇਸ ਦੀ ਸੂਚਨਾ ਦੇ ਦਿੱਤੀ।

# ਮੌਤ ਦੇ ਖ਼ੌਫ਼ ਤੋਂ ਭੱਜਦਿਆਂ ਛੱਪੜ 'ਚ ਜਾ ਡਿੱਗਿਆ ਨੌਜਵਾਨ, ਪਿਓ-ਪੁੱਤ ਦੀ ਗੁੰਡਾਗਰਦੀ ਨੇ ਉਜਾੜ ਦਿੱਤਾ ਪਰਿਵਾਰ

**ਕੌਮੀ ਪਤ੍ਰਿਕਾ**

ਤਰਨਤਾਰਨ 1 ਸਤੰਬਰ। ਤਰਨਤਾਰਨ ਦੇ ਪਿੰਡ ਬਾਲਾਚੱਕ ਵਿਖੇ ਇਕ ਵਿਅਕਤੀ ਦੇ ਲਾਪਤਾ ਹੋਣ ਤੋਂ ਬਾਅਦ ਉਸ ਦੀ ਲਾਸ਼ ਛੱਪੜ ਵਿੱਚੋਂ ਬਰਾਮਦ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਰਾਜਨ ਸਿੰਘ ਉਰਫ਼ ਗੈੜਾ ਵਜੋਂ ਹੋਈ ਹੈ। ਮ੍ਰਿਕਤ ਦੇ ਪਰਿਵਾਰ ਨੇ ਕੁਝ ਵਿਅਕਤੀਆਂ ਵਲੋਂ ਰਾਜਨ ਗੈੜਾ ਦੀ ਕੁੱਟਮਾਰ ਕਰਨ ਅਤੇ ਉਸਦੇ ਛੱਪੜ ਵਿਚ ਡਿੱਗਣ ਦੀ ਘਟਨਾ ਨੂੰ ਲੁਕਾਉਣ ਦੇ ਦੋਸ਼ ਲਗਾਏ ਗਏ ਹਨ। ਦੂਜੇ ਪਾਸੇ ਥਾਣਾ ਸਿਟੀ ਤਰਨਤਾਰਨ ਦੀ ਪੁਲਿਸ ਨੇ ਲਾਸ਼ ਕਬਜੇ ਵਿਚ ਲੈ ਕੇ ਪਿਓ-ਪੁੱਤ ਸਣੇ ਉਨ੍ਹਾਂ ਦੇ ਪਰਿਵਾਰ ਖ਼?ਲਾਫ਼ ਕੇਸ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੀਪਕ ਗੈੜਾ ਪੁੱਤਰ ਦੇਵ ਸਿੰਘ ਗੈੜਾ ਵਾਸੀ ਲਕੋਟੀ ਉੱਤਰਾਖੰਡ ਜੋ ਹੁਣ ਬਾਲਾਚੱਕ ਵਿਖੇ ਰਹਿੰਦਾ ਹੈ ਨੇ ਦੱਸਿਆ ਕਿ ਉਸ ਦਾ ਵੱਡਾ ਭਰਾ ਰਾਜਨ ਸਿੰਘ ਗੈੜਾ ਵੀ ਉਸ ਨਾਲ ਇਕ ਫੈਕਟਰੀ ਵਿਚ ਆਪਰੇਟਰ ਵਜੋਂ ਕੰਮ ਕਰਦਾ ਸੀ। ਉਹ 25, 26 ਜੁਲਾਈ ਨੂੰ ਛੁੱਟੀ ਲੈ ਕੇ ਆਪਣੇ ਪਿੰਡ ਗਿਆ ਅਤੇ ਇਸ ਦੌਰਾਨ ਪਰਿਵਾਰ ਨਾਲ ਉਸ ਦੀ ਫੋਨ 'ਤੇ ਗੱਲਬਾਤ ਵੀ ਹੁੰਦੀ ਰਹੀ। ਉਸਨੇ ਦੱਸਿਆ ਕਿ 10 ਅਗਸਤ ਨੂੰ ਉਮੈਦ ਸਿੰਘ ਨੇ ਫੋਨ ਕਰਕੇ ਦੱਸਿਆ ਕਿ ਰਾਜਨ ਸਿੰਘ ਗੈੜਾ ਪਿਛਲੀ ਰਾਤ ਤੋਂ ਘਰ ਨਹੀਂ ਪਹੁੰਚਿਆ ਅਤੇ ਲਾਪਤਾ ਹੈ। ਇਸ ਤੋਂ ਬਾਅਦ ਉਸ ਦੀ ਵੱਖ-ਵੱਖ ਥਾਵਾਂ 'ਤੇ ਭਾਲ ਕੀਤੀ ਗਈ ਅਤੇ ਉਸ ਦੇ ਸਾਥੀ ਪੂੰਨਾ ਰਾਮ ਨੇ ਥਾਣਾ ਸਿਟੀ ਤਰਨਤਾਰਨ 'ਚ ਗੁੰਮਸ਼ੁਦਗੀ ਦੀ ਦਰਖਾਸਤ ਵੀ ਦੇ ਦਿੱਤੀ। ਉਸਨੇ ਦੱਸਿਆ ਕਿ ਉਹ ਵੀ 12 ਅਗਸਤ ਨੂੰ ਪਿੰਡ ਬਾਲਾਚੱਕ ਪਹੁੰਚ ਗਿਆ ਅਤੇ ਆਪਣੇ ਸਾਥੀਆਂ ਨਾਲ ਭਰਾ ਦੀ ਭਾਲ ਸ਼ੁਰੂ ਕੀਤੀ। 1 ਸਤੰਬਰ ਨੂੰ ਉਹ ਸੁਖਦੇਵ ਸਿੰਘ ਵਾਸੀ ਬਾਲਾਚੱਕ ਕੋਲ ਪੁੱਛਗਿੱਛ ਲਈ ਗਏ ਤਾਂ ਪਤਾ ਲੱਗਾ ਕਿ ਸੁਖਦੇਵ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਕਥਿਤ ਤੌਰ 'ਤੇ ਰਾਜਨ ਸਿੰਘ ਨਾਲ ਗਾਲੀ-ਗਲੋਚ ਅਤੇ ਕੁੱਟਮਾਰ ਕੀਤੀ ਗਈ ਸੀ। ਇਹ ਵੀ ਪਤਾ ਲੱਗਾ ਕਿ ਰਾਜਨ ਸਿੰਘ ਨੇ ਸ਼ਰਾਬ ਦੇ ਨਸ਼ੇ ਵਿਚ ਗਲਤੀ ਨਾਲ ਸੁਖਦੇਵ ਸਿੰਘ ਦੇ ਘਰ ਦਾ ਦਰਵਾਜ਼ਾ ਖੜਕਾ ਦਿੱਤਾ ਸੀ। ਜਿਸ ਤੋਂ ਬਾਅਦ ਜਸਪਾਲ ਸਿੰਘ, ਉਸ ਦੇ ਪਿਤਾ ਸੁਖਦੇਵ ਸਿੰਘ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਉਸ ਨਾਲ ਹੱਥੋਪਾਈ ਕੀਤੀ ਅਤੇ ਬੇਸਬਾਲ ਨਾਲ ਕੁੱਟਮਾਰ ਕੀਤੀ। ਰਾਜਨ ਸਿੰਘ ਡਰਦਾ ਹੋਇਆ ਉਥੋਂ ਭੱਜਿਆ ਅਤੇ ਹਨੇਰੇ ਕਾਰਨ ਛੱਪੜ ਵਿਚ ਡਿੱਗ ਗਿਆ। ਦੀਪਕ ਸਿੰਘ ਗੈੜਾ ਨੇ ਦੋਸ਼ ਲਗਾਇਆ ਕਿ ਰਾਜਨ ਦੇ ਛੱਪੜ ਵਿਚ ਡਿੱਗਣ ਬਾਰੇ ਉਕਤ ਪਰਿਵਾਰ ਨੂੰ ਜਾਣਕਾਰੀ ਸੀ, ਪਰ ਇਹ ਗੱਲ ਉਸ ਨੂੰ ਨਹੀਂ ਦੱਸੀ ਗਈ। ਬਾਅਦ ਵਿਚ ਉਸਨੇ ਆਪਣੇ ਸਾਥੀਆਂ ਸਮੇਤ ਛੱਪੜ ਦੇ ਕਿਨਾਰੇ ਭਾਲ ਕੀਤੀ ਤਾਂ ਪਾਣੀ ਵਿਚ ਰਾਜਨ ਸਿੰਘ ਗੈੜਾ ਦੀ ਲਾਸ਼ ਤੈਰਦੀ ਮਿਲੀ, ਜਿਸਦੀ ਪਛਾਣ ਉਸਦੇ ਕੱਪੜਿਆਂ ਤੋਂ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਅਮਰਜੀਤ ਸਿੰਘ ਨੇ ਦੱਸਿਆ ਕਿ ਸੁਖਦੇਵ ਸਿੰਘ ਤੇ ਉਸਦੇ ਲੜਕੇ ਜਸਪਾਲ ਸਿੰਘ ਤੋਂ ਇਲਾਵਾ ਹੋਰ ਪਰਿਵਾਰਕ ਮੈਂਬਰਾਂ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ, ਜਿਨ੍ਹਾਂ ਦੀ ਗ੍ਰਿਫਤਾਰੀ ਲਈ ਕਾਰਵਾਈ ਕੀਤੀ ਜਾ ਰਹੀ ਹੈ।

## ਪੰਜਾਬ ਦੇ ਇਸ ਪਿੰਡ 'ਚੋਂ 200 ਕਰੋੜ ਰੁਪਏ ਤੋਂ ਵੀ ਵੱਧ

ਫਿਰੋਜ਼ਪੁਰ 1 ਸਤੰਬਰ। ਕਾਊਂਟਰ ਇੰਟੈਲੀਜੈਂਸ ਫਿਰੋਜ਼ਪੁਰ ਨੇ ਬੀ.ਐੱਸ.ਐੱਫ. ਨਾਲ ਮਿਲ ਕੇ ਸਾਂਝੇ ਆਪ੍ਰੇਸ਼ਨ ਦੌਰਾਨ ਫਿਰੋਜ਼ਪੁਰ ਦੇ ਸਰਹੱਦੀ ਪਿੰਡ ਗਜਨੀਵਾਲਾ ਦੇ ਏਰੀਆ ਵਿੱਚੋਂ 44.5 ਕਿੱਲੋਗ੍ਰਾਮ ਹੈਰੋਇਨ ਅਤੇ 3 ਕਿੱਲੋਗ੍ਰਾਮ ਮੈਥਾਮਫੇਟਾਮਾਈਨ, ਜਿਸ ਨੂੰ ਆਈਸੀਈ ਡਰੱਗ ਵਜੋਂ ਜਾਣਿਆ ਜਾਂਦਾ ਹੈ, ਦੀ ਵੱਡੀ ਖੇਪ ਬਰਾਮਦ ਕਰਕੇ ਸਰਹੱਦ ਪਾਰੋਂ ਨਸ਼ਾ ਤਸਕਰੀ ਦੀ ਵੱਡੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਕੌਮਾਂਤਰੀ ਬਾਜ਼ਾਰ ਵਿਚ ਇਸ ਖੇਪ ਦੀ ਕੀਮਤ 200 ਕਰੋੜ ਰੁਪਏ ਤੋਂ ਵੀ ਵੱਧ ਦੱਸੀ ਜਾ ਰਹੀ ਹੈ। ਇਹ ਜਾਣਕਾਰੀ ਦਿੰਦੇ ਹੋਏ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਇਹ ਖੇਪ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀ ਗਈ ਸੀ। ਉਨ੍ਹਾਂ ਦੱਸਿਆ ਕਿ ਮਿਲੀ ਖਾਸ ਗੁਪਤ ਜਾਣਕਾਰੀ ਦੇ ਆਧਾਰ 'ਤੇ ਕਾਊਂਟਰ ਇੰਟੈਲੀਜੈਂਸ ਫਿਰੋਜ਼ਪੁਰ ਵੱਲੋਂ ਬੀਐਸਐਫ ਨਾਲ ਸਾਂਝੇ ਆਪ੍ਰੇਸ਼ਨ ਤਹਿਤ, ਫਿਰੋਜ਼ਪੁਰ ਦੇ ਪਿੰਡ ਗਜਨੀਵਾਲਾ ਦੇ ਖੇਤਾਂ ਵਿਚ ਘੇਰਾਬੰਦੀ ਅਤੇ ਤਲਾਸ਼ੀ ਮੁਹਿੰ ਚਲਾਈ ਗਈ ਜਿਸ ਦੌਰਾਨ ਇਹ ਵੱਡੀ ਖੇਪ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਸਰਹੱਦ ਪਾਰ ਚੱਲ ਰਹੇ ਤਸਕਰੀ ਨੈੱਟਵਰਕ ਦੇ ਬੈਕਵਰਡ ਅਤੇ ਫੋਰਵਰਡ ਲਿੰਕ ਟਰੇਸ ਕਰਨ ਦੇ ਨਾਲ ਨਾਲ ਸਰਹੱਦ ਪਾਰ ਦੇ ਹੈਂਡਲਰਾਂ ਨਾਲ ਜੁੜੇ ਸਾਰੇ ਵਿਅਕਤੀਆਂ ਦੀ ਪਛਾਣ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ। ਇਸ ਆਪ੍ਰੇਸ਼ਨ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਇੰਸਪੈਕਟਰ ਜਨਰਲ ਆਫ਼ ਪੁਲਸ ਕਾਊਂਟਰ ਇੰਟੈਲੀਜੈਂਸ ਅਸ਼ੀਸ਼ ਚੌਧਰੀ ਨੇ ਦੱਸਿਆ ਕਿ ਗਜਨੀਵਾਲਾ ਖੇਤਰ ਵਿਚ ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਡਰੋਨ ਐਕਟੀਵਿਟੀ ਸਬੰਧੀ ਭਰੋਸੇਯੋਗ ਸੂਤਰ ਰਾਹੀਂ ਮਿਲੀ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਫਿਰੋਜ਼ਪੁਰ ਜ਼ਿਲ੍ਹੇ ਦੀਆਂ ਪੁਲਸ ਟੀਮਾਂ ਨੇ ਤੁਰੰਤ ਬੀਐਸਐਫ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਸਾਂਝੀ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ।

# ਸ਼ੇਅਰ ਟਰੇਡਿੰਗ 'ਚ ਮੁਨਾਫ਼ੇ ਦਾ ਝਾਂਸਾ ਦੇ ਕੇ ਕੀਤੀ 1.15 ਕਰੋੜ ਦੀ ਠੱਗੀ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 1 ਸਤੰਬਰ। ਛੱਤੀਸਗੜ੍ਹ ਦੇ ਰਾਏਪੁਰ ਰੇਂਜ ਸਾਈਬਰ ਪੁਲਿਸ ਸਟੇਸ਼ਨ ਨੇ ਇੱਕ ਅੰਤਰਰਾਜੀ ਸਾਈਬਰ ਧੋਖਾਧੜੀ ਰੈਕੇਟ ਦਾ ਪਰਦਾਫਾਸ਼ ਕੀਤਾ ਹੈ ਜਿਸਨੇ ਕਥਿਤ ਤੌਰ 'ਤੇ ਤਿੰਨ ਵੱਖ-ਵੱਖ ਪੀੜਤਾਂ ਨਾਲ ਕੁੱਲ 1.15 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਸੀ। ਪੁਲਸ ਨੇ ਗੁਜਰਾਤ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਤੋਂ ਚਾਰ ਬਦਨਾਮ ਅਪਰਾਧੀਆਂ ਨੂੰ ਕੁੱਲ 1.15 ਕਰੋੜ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਪੁਲਸ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਗੁਜਰਾਤ ਦੇ ਵਸਨੀਕ ਸ਼ੁਭਮ ਚੌਹਾਨ ਅਤੇ ਸਾਬਲੇ ਪ੍ਰੇਮ ਵਿਸ਼ਵਾਸ, ਮਹਾਰਾਸ਼ਟਰ ਦੇ ਵਸਨੀਕ ਅਨੁਜ ਸੇਨ ਅਤੇ ਵਿੱਕੀ ਰਾਂਹਗਡਾਲੇ ਵਜੋਂ ਹੋਈ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਦੇ ਪੁਲਸ ਥਾਣਿਆਂ ਅਤੇ ਸਾਈਬਰ ਸੈੱਲਾਂ ਵਿੱਚ ਮੁਲਜ਼ਮਾਂ ਨਾਲ ਜੁੜੇ ਬੈਂਕ ਖਾਤਿਆਂ ਵਿਰੁੱਧ ਧੋਖਾਧੜੀ ਦੀਆਂ ਸ਼ਿਕਾਇਤਾਂ ਅਤੇ ਮਾਮਲੇ ਦਰਜ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਰਾਏਪੁਰ ਰੇਂਜ ਦੇ ਪੁਲਿਸ ਇੰਸਪੈਕਟਰ ਜਨਰਲ ਅਮਰੇਸ਼ ਮਿਸ਼ਰਾ ਦੇ ਨਿਰਦੇਸ਼ਾਂ 'ਤੇ, ਰੇਂਜ ਸਾਈਬਰ ਪੁਲਿਸ ਸਟੇਸ਼ਨ ਦੀ ਟੀਮ ਨੇ ਮਾਮਲਿਆਂ ਦੀ ਜਾਂਚ ਕੀਤੀ ਅਤੇ ਧੋਖਾਧੜੀ ਵਿੱਚ ਵਰਤੇ ਗਏ ਬੈਂਕ ਖਾਤਿਆਂ, ਮੋਬਾਈਲ ਨੰਬਰਾਂ ਅਤੇ ਹੋਰ ਤਕਨੀਕੀ ਸਬੂਤਾਂ ਦਾ ਵਿਸ਼ਲੇਸ਼ਣ ਕੀਤਾ। ਜਾਂਚ ਦੌਰਾਨ ਮਿਲੇ ਸਬੂਤਾਂ ਦੇ ਆਧਾਰ 'ਤੇ, ਦੋਸ਼ੀਆਂ ਦੀ ਪਛਾਣ ਕੀਤੀ ਗਈ ਅਤੇ ਵੱਖ-ਵੱਖ ਰਾਜਾਂ ਵਿੱਚ ਕਾਰਵਾਈ ਕੀਤੀ ਗਈ। ਪੁਲਸ ਅਨੁਸਾਰ, ਬਲੋਦਾਬਾਜ਼ਾਰ ਜ਼ਿਲ੍ਹੇ ਦੇ ਪਲਰੀ ਦੇ ਰਹਿਣ ਵਾਲੇ ਦਗੇਸ਼ ਚੰਦਰਾਕਰ ਨਾਲ ਸ਼ੇਅਰ ਵਪਾਰ ਵਿੱਚ ਮੁਨਾਫ਼ੇ ਦਾ ਵਾਅਦਾ ਕਰਕੇ 69 ਲੱਖ ਰੁਪਏ ਦੀ ਧੋਖਾਧੜੀ ਕੀਤੀ



ਗਈ ਸੀ। ਜਾਂਚ ਦੌਰਾਨ, ਪੁਲਸ ਟੀਮ ਨੇ ਗੁਜਰਾਤ ਦੇ ਸੂਰਤ ਤੋਂ ਸ਼ੁਭਮ ਚੌਹਾਨ ਅਤੇ ਸੇਬਲ ਪ੍ਰੇਮ ਵਿਸ਼ਵਾਸ ਨੂੰ ਗ੍ਰਿਫ਼ਤਾਰ ਕੀਤਾ। ਜਾਂਚ ਵਿੱਚ ਸਾਹਮਣੇ ਆਇਆ ਕਿ ਦੋਵਾਂ ਮੁਲਜ਼ਮਾਂ ਨੇ ਲੋਕਾਂ ਤੋਂ ਵੱਖ-ਵੱਖ ਬੈਂਕ ਖਾਤਿਆਂ ਵਿੱਚ ਜਮ?ਹਾਂ ਰਾਸ਼ੀ ਪ੍ਰਾਪਤ ਕਰਨ ਲਈ ਜਾਅਲੀ ਕੰਪਨੀਆਂ ਅਤੇ ਜਾਅਲੀ ਸਿਮ ਕਾਰਡਾਂ ਦੀ ਵਰਤੋਂ ਕੀਤੀ। ਇਨ੍ਹਾਂ ਖਾਤਿਆਂ ਨਾਲ ਸਬੰਧਤ 20 ਤੋਂ ਵੱਧ ਮਾਮਲੇ ਕਈ ਰਾਜਾਂ ਦੇ ਥਾਣਿਆਂ ਅਤੇ ਸਾਈਬਰ ਸੈੱਲਾਂ ਵਿੱਚ ਦਰਜ ਕੀਤੇ ਗਏ ਹਨ। ਇੱਕ ਹੋਰ ਮਾਮਲੇ ਵਿੱਚ, ਭਾਟਾਪਾਰਾ ਦੇ ਰਹਿਣ ਵਾਲੇ ਮੁਕੇਸ਼ ਵਿਸ਼ਵਕਰਮਾ ਨਾਲ 12 ਲੱਖ ਰੁਪਏ ਦੀ ਧੋਖਾਧੜੀ ਕੀਤੀ ਗਈ। ਜਾਂਚ ਦੇ ਆਧਾਰ 'ਤੇ, ਪੁਲਿਸ ਨੇ ਜਬਲਪੁਰ ਤੋਂ ਕਟਨੀ ਦੇ ਰਹਿਣ ਵਾਲੇ ਅਨੁਜ ਸੇਨ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਦੇ ਅਨੁਸਾਰ, ਦੋਸ਼ੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਜਾਅਲੀ ਕੰਪਨੀਆਂ ਦੇ ਨਾਮ 'ਤੇ ਬੈਂਕ ਖਾਤੇ ਖੋਲ੍ਹੇ ਅਤੇ ਸਾਈਬਰ ਧੋਖਾਧੜੀ ਕੀਤੀ। ਇਸੇ ਤਰ੍ਹਾਂ, ਮੰਦਿਰ ਹਸੌਦ ਦੇ ਨਿਵਾਸੀ ਵੇਦਪ੍ਰਕਾਸ਼ ਬਘੇਲ ਨਾਲ ਸਬੰਧਤ 34 ਲੱਖ ਰੁਪਏ ਦੇ ਧੋਖਾਧੜੀ ਮਾਮਲੇ ਦੀ ਜਾਂਚ ਕਰਦੇ ਹੋਏ, ਪੁਲਿਸ ਨੇ ਮਹਾਰਾਸ਼ਟਰ ਦੇ ਗੋਂਡੀਆ ਦੇ ਨਿਵਾਸੀ ਵਿੱਕੀ ਰਾਂਹਗਡਾਲੇ ਨੂੰ ਲੱਭ ਲਿਆ ਅਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਚਾਰਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਹੋਟਲ ਦੀ ਸਬਜ਼ੀ ਖਾ ਕੇ ਪਰਿਵਾਰ ਦੇ 5 ਮੈਂਬਰ ਦੀ ਵਿਗੜੀ ਸਿਹਤ, 5 ਸਾਲਾ ਮਾਸੂਮ ਧੀ ਦੀ ਮੌਤ ਤੇ ਬਾਕੀਆਂ ਦੀ ਹਾਲਤ ਨਾਜ਼ੁਕ

ਕੌਮੀ ਪਤ੍ਰਿਕਾ

ਸੂਰਤ 1 ਸਤੰਬਰ। ਗੁਜਰਾਤ ਦੇ ਸੂਰਤ ਸ਼ਹਿਰ ਤੋਂ ਫੂਡ ਪੋਇਜ਼ਨਿੰਗ ਦਾ ਇੱਕ ਬੇਹੱਦ ਦਰਦਨਾਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਦੇ ਵਰਾਛਾ ਇਲਾਕੇ 'ਚ ਸਥਿਤ ਰਣੁਜਾਧਾਮ ਸੁਸਾਇਟੀ 'ਚ ਰਹਿਣ ਵਾਲੇ ਅਸ਼ੋਕਭਾਈ ਕਲਸਰੀਆ ਦੇ ਪਰਿਵਾਰ ਦੇ 5 ਮੈਂਬਰ ਗੰਭੀਰ ਰੂਪ 'ਚ ਫੂਡ ਪੋਇਜ਼ਨਿੰਗ ਦਾ ਸ਼ਿਕਾਰ ਹੋ ਗਏ ਹਨ। ਇਸ ਘਟਨਾ 'ਚ ਉਨ੍ਹਾਂ ਦੀ 5 ਸਾਲਾਂ ਮਾਸੂਮ ਬੱਚੀ ਆਰਿਆ ਦੀ ਮੌਤ ਹੋ ਗਈ ਹੈ, ਜਦੋਂ ਕਿ ਮਾਤਾ-ਪਿਤਾ ਅਤੇ ਉਨ੍ਹਾਂ ਦੀਆਂ ਦੋ ਹੋਰ ਬੇਟੀਆਂ ਹਸਪਤਾਲ 'ਚ ਜ਼ੇਰੇ-ਇਲਾਜ ਹਨ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਸਥਾਨਕ ਰੈਸਟੋਰੈਂਟ ਤੋਂ ਲਿਆ ਕੇ ਖਾਧੀ ਗਈ ਸਬਜ਼ੀ ਕਾਰਨ ਪੂਰੇ ਪਰਿਵਾਰ ਦੀ ਤਬੀਅਤ ਵਿਗੜੀ ਹੈ। ਮਿਲੀ ਜਾਣਕਾਰੀ ਮੁਤਾਬਕ, ਅਸ਼ੋਕਭਾਈ ਚਤੁਰਭਾਈ ਕਲਸਰੀਆ ਨੇ ਸ਼ਨੀਵਾਰ, 15 ਅਗਸਤ ਨੂੰ ਈਸ਼ਵਰਕ੍ਰਿਪਾ ਖੇਤਰ 'ਚ ਸਥਿਤ 'ਸ਼ੀਤਲ ਰੈਸਟੋਰੈਂਟ' ਤੋਂ ਸ਼ਾਮ ਨੂੰ ਦੋ ਤਰ੍ਹਾਂ ਦੀ ਸਬਜ਼ੀ ਖਰੀਦ ਕੇ ਘਰ ਲਿਆਂਦੀ ਸੀ। ਰਾਤ ਨੂੰ ਪਰਿਵਾਰ ਦੇ ਸਾਰੇ ਮੈਂਬਰਾਂ ਨੇ ਰਲ ਕੇ ਭੋਜਨ ਕੀਤਾ। ਭੋਜਨ ਕਰਨ ਦੇ ਲਗਭਗ 5 ਘੰਟੇ ਬਾਅਦ, ਯਾਨੀ ਐਤਵਾਰ ਤੜਕੇ ਸਵੇਰੇ ਅਸ਼ੋਕਭਾਈ ਅਤੇ ਉਨ੍ਹਾਂ ਦੀ ਸਭ ਤੋਂ ਛੋਟੀ 5 ਸਾਲਾਂ ਬੱਚੀ ਆਰਿਆ ਨੂੰ ਪੇਟ 'ਚ ਤੇਜ਼ ਦਰਦ ਹੋਣ ਲੱਗਾ। ਸ਼ੁਰੂਆਤ 'ਚ ਰਾਹਤ ਪਾਉਣ ਲਈ ਉਹ ਨੇੜਲੇ ਕਲੀਨਿਕ 'ਤੇ ਗਏ, ਜਿੱਥੋਂ ਉਨ੍ਹਾਂ ਨੂੰ ਦਵਾਈ ਦਿੱਤੀ ਗਈ ਅਤੇ ਬੋਤਲ (ਡ੍ਰਿਪ) ਚੜ੍ਹਾਈ ਗਈ। ਪਰ ਸ਼ਾਮ ਤੱਕ ਵੀ ਉਨ੍ਹਾਂ ਦੀ ਹਾਲਤ 'ਚ ਕੋਈ ਸੁਧਾਰ ਨਹੀਂ ਹੋਇਆ। ਅਗਲੇ ਦਿਨ ਤਕਲੀਫ਼ ਹੋਰ ਜ਼ਿਆਦਾ ਵਧ ਗਈ ਅਤੇ ਅਸ਼ੋਕਭਾਈ ਦੀ ਪਤਨੀ ਜੇਤਨਾਬੇਨ ਅਤੇ ਉਨ੍ਹਾਂ ਦੀਆਂ ਦੋ ਹੋਰ ਬੇਟੀਆਂ ਨੂੰ ਵੀ ਪੇਟ 'ਚ ਤੇਜ਼ ਦਰਦ ਦੇ ਨਾਲ-ਨਾਲ ਉਲਟੀਆਂ ਅਤੇ ਦਸਤ (ਡਾਇਰੀਆ) ਦੀ ਗੰਭੀਰ ਸ਼ਿਕਾਇਤ ਹੋਣ ਲੱਗੀ। ਜਦੋਂ ਪੂਰੇ ਪਰਿਵਾਰ ਦੀ ਤਬੀਅਤ ਬਹੁਤ ਜ਼ਿਆਦਾ ਗੰਭੀਰ ਹੋ ਗਈ, ਤਾਂ ਉਨ੍ਹਾਂ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਣ ਦੀ ਤਿਆਰੀ ਕੀਤੀ ਜਾ ਰਹੀ ਸੀ। ਇਸੇ ਦੌਰਾਨ ਸਭ ਤੋਂ ਛੋਟੀ ਬੱਚੀ ਆਰਿਆ ਨੂੰ ਅਚਾਨਕ ਗੰਭੀਰ ਮਿਰਗੀ ਵਰਗੀ ਹਾਲਤ (ਦੌਰੇ) ਪੈਣ ਲੱਗੇ। ਉਸ ਨੂੰ ਬੇਹੱਦ ਨਾਜ਼ੁਕ ਹਾਲਤ 'ਚ ਤੁਰੰਤ ਸਵਚਿਹਾਰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ, ਪਰ ਡਾਕਟਰਾਂ ਦੀ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਦਾਖ਼ਲ ਹੋਣ ਦੇ ਮਹਿਜ਼ 15 ਤੋਂ 20 ਮਿੰਟਾਂ ਦੇ ਅੰਦਰ ਹੀ ਮਾਸੂਮ ਆਰਿਆ ਨੇ ਦਮ ਤੋੜ ਦਿੱਤਾ। ਡਾਕਟਰਾਂ ਅਨੁਸਾਰ, ਬਹੁਤ ਜ਼ਿਆਦਾ ਫੂਡ ਪੋਇਜ਼ਨਿੰਗ ਹੋਣ ਕਾਰਨ ਬੱਚੀ ਦੀ ਮੌਤ ਹੋਈ ਹੈ। ਇਸ ਘਟਨਾ 'ਚ ਮ੍ਰਿਤਕ ਬੱਚੀ ਦੀ ਮਾਂ ਜੇਤਨਾਬੇਨ, ਪਿਤਾ ਅਸ਼ੋਕਭਾਈ ਅਤੇ ਉਨ੍ਹਾਂ ਦੀਆਂ ਦੋ ਹੋਰ ਬੇਟੀਆਂ ਦੀ ਰਿਪੋਰਟ 'ਚ ਵੀ ਗੰਭੀਰ ਫੂਡ ਪੋਇਜ਼ਨਿੰਗ ਦੀ ਪੁਸ਼ਟੀ ਹੋਈ ਹੈ। ਮੌਜੂਦਾ ਸਮੇਂ 'ਚ ਪਰਿਵਾਰ ਦੇ ਇਹ ਚਾਰੇ ਮੈਂਬਰ ਸਮੀਮੇਰ ਹਸਪਤਾਲ 'ਚ ਦਾਖ਼ਲ ਹਨ, ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਬੱਚੀ ਦੀ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ। ਇਸ ਦੁਖਦਾਈ ਘਟਨਾ ਨਾਲ ਪੂਰੇ ਪਰਿਵਾਰ ਅਤੇ ਰਿਸ਼ਤੇਦਾਰਾਂ 'ਚ ਸੋਗ ਦੀ ਲਹਿਰ ਦੌੜ ਗਈ ਹੈ। ਪੀੜਤ ਪਰਿਵਾਰ ਦੇ ਰਿਸ਼ਤੇਦਾਰ ਬਾਬੂਭਾਈ ਕਲਸਰੀਆ ਅਤੇ ਚਚੇਰੇ ਭਾਈ ਭਾਵੇਸ਼ਭਾਈ ਕਲਸਰੀਆ ਨੇ ਰੋਂਦਿਆਂ ਪ੍ਰਸ਼ਾਸਨ ਕੋਲ ਇਨਸਾਫ਼ ਦੀ ਗੁਹਾਰ ਲਗਾਈ ਹੈ। ਉਨ੍ਹਾਂ ਨੇ ਰਾਜ ਦੇ ਸਿਹਤ ਮੰਤਰੀ ਅਤੇ ਖ਼ੁਰਾਕ ਸੁਰੱਖਿਆ ਵਿਭਾਗ (ਫੂਡ ਵਿਭਾਗ) ਤੋਂ ਇਸ ਮਾਮਲੇ 'ਚ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਹੈ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਸ਼ੀਤਲ ਰੈਸਟੋਰੈਂਟ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਪੀੜਤ ਪਰਿਵਾਰ ਨੂੰ ਇਨਸਾਫ਼ ਮਿਲ ਸਕੇ।

## ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਸੰਵਾਦ ਕਰਨਗੇ ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਹਰਜੀਤ ਗਰੇਵਾਲ

ਚੰਡੀਗੜ੍ਹ 1 ਸਤੰਬਰ। ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ 1 ਸਤੰਬਰ ਨੂੰ ਚੰਡੀਗੜ੍ਹ ਵਿਖੇ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਅਤੇ ਸੰਵਾਦ ਕਰਨਗੇ। ਇਹ ਪ੍ਰੋਗਰਾਮ ਬੁੱਧਵਾਰ ਦੁਪਹਿਰ 12 ਵਜੇ ਯੂਟੀ ਸਟੇਟ ਗੈਸਟ ਹਾਊਸ, ਸੈਕਟਰ 6, ਚੰਡੀਗੜ੍ਹ ਵਿਖੇ ਕਰਵਾਇਆ ਜਾਵੇਗਾ। ਇਸ ਦੌਰਾਨ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੂੰ ਆਪਣੀਆਂ ਚਿੰਤਾਵਾਂ ਨਾਲ ਸਬੰਧਤ ਮੁੱਦੇ ਉਠਾਉਣ ਅਤੇ ਭਾਈਚਾਰੇ ਦੀ ਭਲਾਈ, ਹਿੱਤਾਂ ਅਤੇ ਅਧਿਕਾਰਾਂ ਨਾਲ ਜੁੜੇ ਵੱਖ-ਵੱਖ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲੇਗਾ। ਸਰਦਾਰ ਹਰਜੀਤ ਸਿੰਘ ਗਰੇਵਾਲ ਜੀ ਭਾਈਚਾਰੇ ਦੇ ਨੁਮਾਇੰਦਿਆਂ ਦੇ ਵਿਚਾਰ, ਚਿੰਤਾਵਾਂ ਅਤੇ ਸੁਝਾਅ ਸੁਣਨਗੇ ਅਤੇ ਵੱਖ-ਵੱਖ ਮਹੱਤਵਪੂਰਨ ਮੁੱਦਿਆਂ 'ਤੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਨਗੇ। ਇਸ ਸੰਵਾਦ ਦਾ ਉਦੇਸ਼ ਸਿੱਖ ਭਾਈਚਾਰੇ ਨਾਲ ਸੰਵਾਦ ਨੂੰ ਹੋਰ ਮਜ਼ਬੂਤ ਕਰਨਾ ਅਤੇ ਭਾਈਚਾਰੇ ਦੀਆਂ ਚਿੰਤਾਵਾਂ ਅਤੇ ਆਕਾਂਖਿਆਵਾਂ ਨੂੰ ਉਚਿਤ ਢੰਗ ਨਾਲ ਸੁਣ ਕੇ ਉਨ੍ਹਾਂ ਦੇ ਹੱਲ ਲਈ ਯਤਨ ਕਰਨਾ ਹੈ।

## ਪੁਲਸ ਨੂੰ ਚਕਮਾ ਦੇ ਕੇ ਭੱਜਿਆ ਰੇਤ ਚੋਰੀ ਦੇ ਦੋਸ਼ ਹੇਠ ਫੜਿਆ ਵਿਅਕਤੀ

ਫਿਰੋਜ਼ਪੁਰ 1 ਸਤੰਬਰ। ਥਾਣਾ ਮੱਲਾਂਵਾਲਾ ਪੁਲਸ ਵੱਲੋਂ ਰੇਤ ਚੋਰੀ ਦੇ ਦੋਸ਼ ਵਿਚ ਫੜਿਆ ਵਿਅਕਤੀ ਪੁਲਸ ਨੂੰ ਚਕਮਾ ਦੇ ਕੇ ਭੱਜ ਗਿਆ। ਐੱਸ.ਆਈ. ਬਲਵਿੰਦਰ ਸਿੰਘ ਦੀ ਅਗਵਾਈ ਵਿਚ ਟੀਮ ਸੂਏ ਦੇ ਕੋਲ ਗਸ਼ਤ ਕਰ ਰਹੀ ਸੀ ਤਾਂ ਰੇਤ ਨਾਲ ਭਰਿਆ ਟਰਾਲਾ ਲੈ ਕੇ ਆ ਰਹੇ ਇਕ ਵਿਅਕਤੀ ਨੂੰ ਰੋਕ ਕੇ ਪਰਚੀ ਚੈਕ ਕਰਵਾਉਣ ਲਈ ਕਿਹਾ ਤਾਂ ਉਹ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕਿਆ। ਐਸ.ਆਈ. ਨੇ ਦੱਸਿਆ ਕਿ ਦੋਸ਼ੀ ਨੂੰ ਰੋਕ ਕੇ ਆਪਣੀ ਕਾਰਵਾਈ ਕੀਤੀ ਜਾ ਰਹੀ ਸੀ ਤਾਂ ਉਹ ਮੌਕਾ ਦੇਖ ਕੇ ਭੱਜ ਗਿਆ। ਰੇਤ ਨਾਲ ਭਰੇ ਟਰੈਕਟਰ ਟਰਾਲੇ ਨੂੰ ਜ਼ਬਤ ਕਰ ਲਿਆ ਗਿਆ ਹੈ ਅਤੇ ਅਣਪਛਾਤੇ ਦੋਸ਼ੀ ਦੇ ਖਿਲਾਫ ਆਈ.ਪੀ.ਸੀ. ਅਤੇ ਮਾਈਨਿੰਗ ਐਕਟ ਦਾ ਕੇਸ ਦਰਜ ਕਰ ਲਿਆ ਗਿਆ ਹੈ।

## ਪੰਜਾਬ 'ਚ ਰੱਖੜੀ ਤੋਂ ਪਹਿਲਾਂ ਵੱਡਾ ਐਕਸ਼ਨ ! ਚੈਕਿੰਗ ਦੌਰਾਨ 850 ਕਿੱਲੋ ਖੋਆ ਤੇ 500 ਕਿੱਲੋ ਪਤੀਸਾ

ਫਿਰੋਜ਼ਪੁਰ 1 ਸਤੰਬਰ। ਫਿਰੋਜ਼ਪੁਰ ਵਿਚ ਤਿਉਹਾਰਾਂ ਦੇ ਸੀਜ਼ਨ ਤੋਂ ਪਹਿਲਾਂ ਫੂਡ ਸੇਫਟੀ ਵਿਭਾਗ ਨੇ ਮਿਲਾਵਟੀ ਅਤੇ ਸ਼ੱਕੀ ਖਾਦ ਪਦਾਰਥਾਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਹੈ। ਗੁਪਤ ਸੂਚਨਾ ਦੇ ਆਧਾਰ 'ਤੇ ਕੀਤੀ ਗਈ ਚੈਕਿੰਗ ਦੌਰਾਨ ਕਰੀਬ 850 ਕਿਲੋਗ੍ਰਾਮ ਖੋਆ ਅਤੇ 5 ਕੁਇੰਟਲ ਸ਼ੱਕੀ ਪਤੀਸਾ ਬਰਾਮਦ ਹੋਇਆ ਹੈ, ਜਿਸ ਦੇ ਸੈਂਪਲ ਲੈ ਕੇ ਜਾਂਚ ਲਈ ਲੈਬ ਵਿਚ ਭੇਜੇ ਗਏ ਹਨ। ਫਿਰੋਜ਼ਪੁਰ ਫੂਡ ਸੇਫਟੀ ਵਿਭਾਗ ਵੱਲੋਂ ਪਿੰਡਾਂ ਵਿਚ ਮਿਠਾਈਆਂ ਦੀ ਵਿਕਰੀ ਅਤੇ ਬਾਹਰੋਂ ਆ ਰਹੇ ਸ਼ੱਕੀ ਖਾਦ ਪਦਾਰਥਾਂ ਦੀ ਚੈਕਿੰਗ ਲਈ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਗੁਪਤ ਸੂਚਨਾ ਮਿਲਣ 'ਤੇ ਬਾਅਦ ਵਿਭਾਗ ਦੀ ਟੀਮ ਨੇ ਸਵੇਰ ਤੋਂ ਹੀ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ। ਸੂਚਨਾ ਸੀ ਕਿ ਫਿਰੋਜ਼ਪੁਰ ਸ਼ਹਿਰ ਤੋਂ ਵੱਡੀ ਮਾਤਰਾ ਵਿਚ ਮਿਠਾਈਆਂ ਅਤੇ ਖੋਆ ਪਿੰਡਾਂ ਵਿਚ ਸਪਲਾਈ ਕੀਤਾ ਜਾ ਰਿਹਾ ਹੈ। ਚੈਕਿੰਗ ਦੌਰਾਨ ਲਗਭਗ 850 ਕਿਲੋਗ੍ਰਾਮ ਖੋਆ ਮਿਲਿਆ, ਜਿਸ ਦੇ ਸੈਂਪਲ ਨਿਯਮਾਂ ਅਨੁਸਾਰ ਲੈ ਕੇ ਜਾਂਚ ਲਈ ਲੈਬ ਭੇਜੇ ਗਏ ਹਨ। ਇਸ ਤੋਂ ਇਲਾਵਾ ਮੋਗਾ ਤੋਂ ਆ ਰਿਹਾ ਲਗਭਗ 5 ਕੁਇੰਟਲ ਸ਼ੱਕੀ ਪਤੀਸਾ ਵੀ ਮਿਲਿਆ। ਵਿਭਾਗ ਵੱਲੋਂ ਪਤੀਸੇ ਨੂੰ ਅਗਲੇਰੀ ਜਾਂਚ ਅਤੇ ਲੈਬ ਰਿਪੋਰਟ ਆਉਣ ਤੱਕ ਸੀਲ ਕਰ ਦਿੱਤਾ ਗਿਆ ਹੈ। ਵਿਭਾਗ ਦੇ ਅਨੁਸਾਰ ਲੈਬਾਰਟਰੀ ਰਿਪੋਰਟ ਆਉਣ ਤੋਂ ਬਾਅਦ ਨਤੀਜਿਆਂ ਦੇ ਆਧਾਰ 'ਤੇ Food Safety and Standards Act, 2006 ਅਤੇ ਸਬੰਧਤ ਨਿਯਮਾਂ ਤਹਿਤ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਫੂਡ ਸੇਫਟੀ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਮਿਠਾਈ ਜਾਂ ਕੋਈ ਹੋਰ ਖਾਦ ਪਦਾਰਥ ਖਰੀਦਣ ਸਮੇਂ ਦੁਕਾਨਦਾਰ ਦਾ FSSAI ਲਾਇਸੈਂਸ ਜਾਂ ਰਜਿਸਟ?ਰੇਸ਼ਨ, ਸਫਾਈ, ਖਾਦ ਪਦਾਰਥ ਦੀ ਗੁਣਵੱਤਾ ਅਤੇ ਮਿਆਦ ਜ਼ਰੂਰ ਚੈੱਕ ਕਰਨ। ਵਿਭਾਗ ਨੇ ਕਿਹਾ ਕਿ ਬਾਹਰਲੇ ਸ਼ਹਿਰਾਂ ਜਾਂ ਜ਼ਿਲ੍ਹਿਆਂ ਤੋਂ ਆਉਣ ਵਾਲੇ ਖਾਦ ਪਦਾਰਥਾਂ ਦੀ ਸਪਲਾਈ ਅਤੇ ਗੁਣਵੱਤਾ ਦੀ ਜਾਂਚ ਵੀ ਲਗਾਤਾਰ ਜਾਰੀ ਰਹੇਗੀ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all his relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR



### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I hitherto known as RAJIA D/O GURPAL SINGH R/O Abul Khurana, Sri Muktsar Shaib, Punjab-152114 have changed my name and shall hereafter be known as RAJVEER KAUR.



### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.



### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

## ਉਤਰ ਰੇਲਵੇ

### ਇਲੈਕਟ੍ਰੋਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਮੰਗ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਨਵੀਂ ਦਿੱਲੀ-110001 ਦੁਆਰਾ ਇਛੁਕ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਸੰਖੇਪ ਵੇਰਵਾ | ਮਾਤਰਾ | ਅੰਤਮ ਮਿਤੀ |
|---|---|---|---|---|
| 01 | RC26-46550306A | ਜਾਇੰਟਲੇਸ ਗਰੂਵੇਡ ਕਾਪਰ ਕਾਂਟੇਕਟ ਵਾਯਰ 107 ਵਰਗ ਐਮ ਐਮ | 400 ਐਮ ਟੀ | 21.09.2026 |
| 02 | 08265434 | ਐਮ ਐਸ ਡੀ ਏ ਸੀ | 197 ਨਗ | 29.09.2026 |
| 03 | 19261686 | ਕਾਂਟੇਕਟ ਸੇਗਮੇਂਟ | 491 ਨਗ | 30.09.2026 |
| 04 | 08265470 | ਮੋਟੋਰਾਈਜ਼ਡ ਬੂਮ ਰੇਸਟ ਲਾਕਿੰਗ ਬਾਕਸ | 1073 ਨਗ | 06.10.2026 |

ਨਿਵਿਦਾ ਸ਼ਰਤਾਂ-1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਨਿਵਿਦਾ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।

ਟੇਂਡਰ ਨੋਟਿਸ ਨੰ.: 39/2026-2027 ਤਾਰੀਕ 01.09.2026 3005/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਰੇਲਯਾਤਰੀ ਕ੍ਰਿਪਾ ਧਿਆਨ ਦੇਵੋ !

### ਜਨਮਅਸ਼ਟਮੀ ਵਿਸ਼ੇਸ਼ ਰੇਲਗੱਡੀਆਂ

ਜਨਮਅਸ਼ਟਮੀ ਤਿਓਹਾਰ ਦੇ ਅਵਸਰ ਉਤੇ ਰੇਲਯਾਤਰੀਆਂ ਦੀ ਸੁਵਿਧਾ ਦੇ ਲਈ ਰੇਲਵੇ ਦੁਆਰਾ ਹੇਠਾ ਵਿਸ਼ੇਸ਼ ਰੇਲਗੱਡੀਆਂ ਹੇਠਾ ਲਿਖੇ ਸਮੇਂ-ਸਾਰਣੀ ਦੇ ਅਨੁਸਾਰ ਸੰਚਾਲਿਤ ਕਰਨ ਦਾ ਫੈਸਲਾ ਲਿਤਾ ਗਿਆ ਹੈ :-

**04410/04409 ਹਜ਼ਰਤ ਨਿਜ਼ਾਮੁਦੀਨ ਜੰ: - ਮਥੁਰਾ ਜੰ: - ਹਜ਼ਰਤ ਨਿਜ਼ਾਮੁਦੀਨ ਜੰ: ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ — 06 ਫੇਰੇ**

| ਰੇਲਗੱਡੀ ਨੰ: 04410 ਆਉਣਾ | ਰੇਲਗੱਡੀ ਨੰ: 04410 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 04409 ਆਉਣਾ | ਰੇਲਗੱਡੀ ਨੰ: 04409 ਜਾਣਾ |
|---|---|---|---|---|
| ---- | 10:30 | ਹਜ਼ਰਤ ਨਿਜ਼ਾਮੁਦੀਨ ਜੰ: | 16:45 | ---- |
| 13:05 | ---- | ਮਥੁਰਾ ਜੰ: | ---- | 13:35 |

ਚਲਨ ਦੇ ਦਿਨ : 04410 ਹਜ਼ਰਤ ਨਿਜ਼ਾਮੁਦੀਨ ਜੰ: ਤੋਂ ਅਤੇ 04409 ਮਥੁਰਾ ਜੰ: ਤੋਂ ਮਿਤੀ 03.09.2026, 04.09.2026 ਅਤੇ 05.09.2026 ਨੂੰ।
ਠਹਿਰਾਵ : ਓਖਲਾ, ਤੁਗਲਕਾਬਾਦ, ਫਰੀਦਾਬਾਦ, ਫਰੀਦਾਬਾਦ ਨਯੂ ਟਾਊਨ, ਬਲਭਗੜ੍ਹ, ਅਸਾਵਲੀ, ਪਲਵਲ, ਰੂਧੀ, ਸ਼ੋਲਾਕਾ, ਬਨਚਾਰੀ, ਹੋਡਲ, ਕੋਸੀ ਕਲਾਂ, ਛਾਤਾ, ਅਝਈ, ਬ੍ਰਿਦਾਬਨ ਰੋਡ ਅਤੇ ਭੂਤੇਸ਼ਵਰ ਸਟੇਸ਼ਨ
ਜਗ੍ਹਾਂ : ਜਨਰਲ ਸ਼੍ਰੇਣੀ।

**04412/04411 ਹਜ਼ਰਤ ਨਿਜ਼ਾਮੁਦੀਨ ਜੰ: - ਮਥੁਰਾ ਜੰ: - ਹਜ਼ਰਤ ਨਿਜ਼ਾਮੁਦੀਨ ਜੰ: ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ — 06 ਫੇਰੇ**

| ਰੇਲਗੱਡੀ ਨੰ: 04412 ਆਉਣਾ | ਰੇਲਗੱਡੀ ਨੰ: 04412 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 04411 ਆਉਣਾ | ਰੇਲਗੱਡੀ ਨੰ: 04411 ਜਾਣਾ |
|---|---|---|---|---|
| ---- | 09:45 | ਹਜ਼ਰਤ ਨਿਜ਼ਾਮੁਦੀਨ ਜੰ: | 16:30 | ---- |
| 12:20 | ---- | ਮਥੁਰਾ ਜੰ: | ---- | 12:50 |

ਚਲਨ ਦੇ ਦਿਨ : 04412 ਹਜ਼ਰਤ ਨਿਜ਼ਾਮੁਦੀਨ ਜੰ: ਤੋਂ ਅਤੇ 04411 ਮਥੁਰਾ ਜੰ: ਤੋਂ ਮਿਤੀ 03.09.2026, 04.09.2026 ਅਤੇ 05.09.2026 ਨੂੰ।
ਠਹਿਰਾਵ : ਓਖਲਾ, ਤੁਗਲਕਾਬਾਦ, ਫਰੀਦਾਬਾਦ, ਫਰੀਦਾਬਾਦ ਨਯੂ ਟਾਊਨ, ਬਲਭਗੜ੍ਹ, ਅਸਾਵਲੀ, ਪਲਵਲ, ਰੂਧੀ, ਸ਼ੋਲਾਕਾ, ਬਨਚਾਰੀ, ਹੋਡਲ, ਕੋਸੀ ਕਲਾਂ, ਛਾਤਾ, ਅਝਈ, ਬ੍ਰਿਦਾਬਨ ਰੋਡ ਅਤੇ ਭੂਤੇਸ਼ਵਰ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**04415/04416 ਦਿੱਲੀ ਜੰ: - ਰੀਂਗਸ ਜੰ: - ਦਿੱਲੀ ਜੰ: ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ — 06 ਫੇਰੇ**

| ਰੇਲਗੱਡੀ ਨੰ: 04415 ਆਉਣਾ | ਰੇਲਗੱਡੀ ਨੰ: 04415 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 04416 ਆਉਣਾ | ਰੇਲਗੱਡੀ ਨੰ: 04416 ਜਾਣਾ |
|---|---|---|---|---|
| ---- | 18:50 | ਦਿੱਲੀ ਜੰ: | 07:00 | ---- |
| 00:40 | ---- | ਬੀਂਗਸ ਜੰ: | ---- | 02:00 |

ਚਲਨ ਦੇ ਦਿਨ : 04415 ਦਿੱਲੀ ਜੰ: ਤੋਂ 03.09.2026, 04.09.2026 ਅਤੇ 05.09.2026 ਅਤੇ 04416 ਰੀਂਗਸ ਜੰ: ਤੋਂ ਮਿਤੀ 04.09.2026, 04.09.2026 ਅਤੇ 06.09.2026 ਨੂੰ।
ਠਹਿਰਾਵ : ਦਿੱਲੀ ਸਰਾਏ ਰੋਹਿਲਾ, ਦਿੱਲੀ ਕੈਂਟ, ਗੁੜਗਾਂਵ, ਪਟੌਦੀ ਰੋਡ, ਰੇਵਾੜੀ ਜੰ:, ਨਾਰਨੋਲ ਅਤੇ ਨੀਮ ਕਾ ਥਾਨਾ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**04413/04414 ਦਿੱਲੀ ਜੰ: - ਹਰਿਦੁਵਾਰ ਜੰ: - ਦਿੱਲੀ ਜੰ: ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ — 06 ਫੇਰੇ**

| ਰੇਲਗੱਡੀ ਨੰ: 04413 ਆਉਣਾ | ਰੇਲਗੱਡੀ ਨੰ: 04413 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 04414 ਆਉਣਾ | ਰੇਲਗੱਡੀ ਨੰ: 04414 ਜਾਣਾ |
|---|---|---|---|---|
| ---- | 23:00 | ਦਿੱਲੀ ਜੰ: | 22:00 | ---- |
| 04:55 | ---- | ਹਰਿਦੁਵਾਰ ਜੰ: | ---- | 17:00 |

ਚਲਨ ਦੇ ਦਿਨ : 04413 ਦਿੱਲੀ ਜੰ: ਤੋਂ 03.09.2026, 04.09.2026 ਅਤੇ 05.09.2026 ਅਤੇ 04414 ਹਰਿਦੁਵਾਰ ਜੰ: ਤੋਂ ਮਿਤੀ 04.09.2026, 04.09.2026 ਅਤੇ 06.09.2026 ਨੂੰ। ਠਹਿਰਾਵ : ਗਾਜੀਆਬਾਦ ਜੰ:, ਮੇਰਠ ਸਿਟੀ ਜੰ:, ਮੁਜੱਫਰਨਗਰ, ਦੇਵਬੰਦ ਅਤੇ ਰੁੜਕੀ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**01941/01942 ਆਗਰਾ ਕੈਂਟ ਜੰ: - ਪਲਵਲ - ਆਗਰਾ ਕੈਂਟ ਐਮਈਐਮਯੂ ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ — 10 ਫੇਰੇ**

| ਰੇਲਗੱਡੀ ਨੰ: 01941 ਆਉਣਾ | ਰੇਲਗੱਡੀ ਨੰ: 01941 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 01942 ਆਉਣਾ | ਰੇਲਗੱਡੀ ਨੰ: 01942 ਜਾਣਾ |
|---|---|---|---|---|
| ---- | 06:30 | ਆਗਰਾ ਕੈਂਟ ਜੰ: | 13:00 | ---- |
| 09:45 | ---- | ਪਲਵਲ | ---- | 10:00 |

ਚਲਨ ਦੇ ਦਿਨ : 01941 ਆਗਰਾ ਕੈਂਟ ਜੰ: ਤੋਂ ਅਤੇ 01942 ਪਲਵਲ ਤੋਂ ਮਿਤੀ 02.09.2026 ਤੋਂ 06.09.2026 ਤਕ।
ਠਹਿਰਾਵ : ਰੂਨਕੁਤਾ, ਬਾਦ, ਮਥੁਰਾ ਜੰ:, ਛਾਤਾ, ਕੋਸੀ ਕਲਾਂ ਅਤੇ ਹੋਡਲ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**01943/01944 ਆਗਰਾ ਕੈਂਟ ਜੰ: - ਹਜ਼ਰਤ ਨਿਜ਼ਾਮੁਦੀਨ ਜੰ: - ਆਗਰਾ ਕੈਂਟ ਐਮਈਐਮਯੂ ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ — 10 ਫੇਰੇ**

| ਰੇਲਗੱਡੀ ਨੰ: 01943 ਆਉਣਾ | ਰੇਲਗੱਡੀ ਨੰ: 01943 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 01944 ਆਉਣਾ | ਰੇਲਗੱਡੀ ਨੰ: 01944 ਜਾਣਾ |
|---|---|---|---|---|
| ---- | 16:00 | ਆਗਰਾ ਕੈਂਟ ਜੰ: | 01:50 | ---- |
| 20:25 | ---- | ਹਜ਼ਰਤ ਨਿਜ਼ਾਮੁਦੀਨ ਜੰ: | ---- | 20:35 |

ਚਲਨ ਦੇ ਦਿਨ : 01943 ਆਗਰਾ ਕੈਂਟ ਜੰ: ਤੋਂ ਅਤੇ 01944 ਹਜ਼ਰਤ ਨਿਜ਼ਾਮੁਦੀਨ ਤੋਂ ਮਿਤੀ 02.09.2026 ਤੋਂ 06.09.2026 ਤਕ।
ਠਹਿਰਾਵ : ਰੂਨਕੁਤਾ, ਬਾਦ, ਮਥੁਰਾ ਜੰ:, ਛਾਤਾ, ਕੋਸੀ ਕਲਾਂ, ਹੋਡਲ ਅਤੇ ਪਲਵਲ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**04446/04445 ਦਿੱਲੀ ਜੰ: - ਵਾਰਾਣਸੀ ਜੰ: - ਦਿੱਲੀ ਜੰ: ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ — 04 ਫੇਰੇ**

| ਰੇਲਗੱਡੀ ਨੰ: 04446 ਆਉਣਾ | ਰੇਲਗੱਡੀ ਨੰ: 04446 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 04445 ਆਉਣਾ | ਰੇਲਗੱਡੀ ਨੰ: 04445 ਜਾਣਾ |
|---|---|---|---|---|
| ---- | 21:10 | ਦਿੱਲੀ ਜੰ: | 11:45 | ---- |
| 15:00 | ---- | ਵਾਰਾਣਸੀ ਜੰ: | ---- | 20:15 |

ਚਲਨ ਦੇ ਦਿਨ : 04446 ਦਿੱਲੀ ਜੰ: ਤੋਂ ਮਿਤੀ 03.09.2026 ਅਤੇ 05.09.2026 ਨੂੰ ਅਤੇ 04445 ਵਾਰਾਣਸੀ ਜੰ: ਤੋਂ ਮਿਤੀ 04.09.2026 ਅਤੇਂ 06.09.2026 ਨੂੰ।
ਠਹਿਰਾਵ : ਨਵੀਂ ਦਿੱਲੀ, ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ ਜੰ:, ਹਰਦੋਈ, ਆਲਮਨਗਰ, ਲਖਨਊ ਅਯੋਧਿਆ ਕੈਂਟ ਅਤੇ ਜੌਨਪੁਰ ਜੰ: ਸਟੇਸ਼ਨ।
ਜਗ੍ਹਾਂ : 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ ਸ਼੍ਰੇਣੀ।

**02416/02415 ਨਵੀਂ ਦਿੱਲੀ - ਸੂਬੇਦਾਰ ਗੰਜ - ਨਵੀਂ ਦਿੱਲੀ ਸੁਪਰਫਾਸਟ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ — 06 ਫੇਰੇ**

| ਰੇਲਗੱਡੀ ਨੰ: 02416 ਆਉਣਾ | ਰੇਲਗੱਡੀ ਨੰ: 02416 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 02415 ਆਉਣਾ | ਰੇਲਗੱਡੀ ਨੰ: 02415 ਜਾਣਾ |
|---|---|---|---|---|
| ---- | 23:00 | ਦਿੱਲੀ ਜੰ: | 23:30 | ---- |
| 09:45 | ---- | ਸੂਬੇਦਾਰ ਗੰਜ | ---- | 12:10 |

ਚਲਨ ਦੇ ਦਿਨ : 02416 ਨਵੀਂ ਦਿੱਲੀ ਤੋਂ ਮਿਤੀ 03.09.2026, 04.09.2026 ਅਤੇ 05.09.2026 ਨੂੰ ਅਤੇ 02415 ਸੂਬੇਦਾਰ ਗੰਜ ਤੋਂ ਮਿਤੀ 04.09.2026, 05.09.2026 ਅਤੇਂ 06.09.2026 ਨੂੰ।
ਠਹਿਰਾਵ : ਗਾਜੀਆਬਾਦ ਜੰ:, ਅਲੀਗੜ੍ਹ ਜੰ:, ਟੂੰਡਲਾ ਜੰ:, ਇਟਾਵਾ ਜੰ:, ਗੋਬਿੰਦਪੁਰੀ ਅਤੇ ਫਤੇਹਪੁਰ ਸਟੇਸ਼ਨ।
ਜਗ੍ਹਾਂ : 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ ਸ਼੍ਰੇਣੀ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇੱਬਸਾਈਟ https://enquiry.indianrail.gov.in ਜਾਂ NTES App ਦੇਖੋ।

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸੁਪਰੀਮ ਕੋਰਟ ਵਲੋਂ ਕਾਕਰੋਚ ਜਨਤਾ ਪਾਰਟੀ ਦੁਆਰਾ ਪ੍ਰਸਤਾਵਿਤ ਵਿਰੋਧ ਪ੍ਰਦਰਸ਼ਨਾਂ ਨੂੰ ਮੁਲਤਵੀ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ

ਨਵੀਂ ਦਿੱਲੀ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਜਾਂ ਕਿਸੇ ਹੋਰ ਸਮੂਹ ਦੁਆਰਾ ਪ੍ਰਸਤਾਵਿਤ ਵਿਰੋਧ ਪ੍ਰਦਰਸ਼ਨਾਂ ਨੂੰ ਮੁਲਤਵੀ ਕਰਨ ਜਾਂ ਮੁਲਤਵੀ ਕਰਨ ਦੇ ਨਿਰਦੇਸ਼ਾਂ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਹ ਪਟੀਸ਼ਨ ਦਿੱਲੀ ਵਿੱਚ ਆਗਾਮੀ ਬ੍ਰਿਕਸ ਸੰਮੇਲਨ ਦੌਰਾਨ ਕਾਨੂੰਨ ਵਿਵਸਥਾ ਬਾਰੇ ਚਿੰਤਾਵਾਂ ਦੇ ਪਿਛੋਕੜ ਵਿੱਚ ਜ਼ਿਕਰ ਕੀਤੀ ਗਈ ਸੀ।

ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਪਟੀਸ਼ਨਕਰਤਾ ਦੁਆਰਾ ਉਠਾਈਆਂ ਗਈਆਂ ਚਿੰਤਾਵਾਂ ਨੂੰ ਅਦਾਲਤ ਦੁਆਰਾ ਵਿਰੋਧ ਪ੍ਰਦਰਸ਼ਨਾਂ ਦੀ ਰਿਸਤਾ ਅਤੇ ਸੰਬੰਧਿਤ ਮੁੱਦਿਆਂ ਦੀ ਜਾਂਚ ਲਈ ਬਣਾਈ ਗਈ ਹਾਈ ਪਾਵਰ ਕਮੇਟੀ ਦੇ ਸਾਹਮਣੇ ਰੱਖਿਆ ਜਾ ਸਕਦਾ ਹੈ। ਸੀਜੇਆਈ ਨੇ ਕਿਹਾ, ਤੁਸੀਂ ਇੱਥੇ ਜੋ ਵੀ ਮੁੱਦੇ ਉਠਾਉਂਦੇ ਹੋ, ਅਸੀਂ ਕਮੇਟੀ ਨੂੰ ਸਾਰੇ ਮੁੱਦਿਆਂ ਨੂੰ ਹੱਲ ਕਰਨ ਲਈ ਕਿਹਾ ਹੈ।

ਅਦਾਲਤ ਨੇ ਕਿਹਾ ਕਿ ਉਸਨੂੰ ਵਿਸ਼ਵਾਸ ਹੈ ਕਿ ਕਮੇਟੀ ਆਪਣੇ ਕੰਮ ਕਰੇਗੀ ਅਤੇ ਹਿੱਸੇਦਾਰਾਂ ਨੂੰ



ਆਪਣੀਆਂ ਚਿੰਤਾਵਾਂ ਨਾਲ ਇਸ ਤੱਕ ਪਹੁੰਚ ਕਰਨੀ ਚਾਹੀਦੀ ਹੈ।ਬੈਂਚ ਨੇ ਕਿਹਾ, ਤੁਹਾਨੂੰ ਇਹ ਸੁਝਾਅ ਕਮੇਟੀ ਦੇ ਸਾਹਮਣੇ ਰੱਖਣਾ ਪਵੇਗਾ ਅਤੇ ਸਾਨੂੰ ਪੂਰਾ ਭਰੋਸਾ ਹੈ ਕਿ ਕਮੇਟੀ ਆਪਣਾ ਕੰਮ ਕਰੇਗੀ।

ਪ੍ਰਸਤਾਵਿਤ ਵਿਰੋਧ ਪ੍ਰਦਰਸ਼ਨਾਂ ਦੌਰਾਨ ਹਿੰਸਾ ਦੇ ਖਦਸ਼ੇ 'ਤੇ, ਅਦਾਲਤ ਨੇ ਕਿਹਾ ਕਿ ਇਸ ਸਮੇਂ ਇਹ ਮੰਨਣ ਦਾ ਕੋਈ ਆਧਾਰ ਨਹੀਂ ਹੈ ਕਿ ਕੋਈ ਅਣਸੁਖਾਵੀਂ ਘਟਨਾ ਵਾਪਰੇਗੀ। ਹਰ ਕੋਈ ਸ਼ਾਂਤੀਪੂਰਨ ਅਤੇ ਕਾਨੂੰਨੀ ਤਰੀਕੇ ਨਾਲ ਵਿਵਹਾਰ ਕਰੇਗਾ। ਇਸ ਵੇਲੇ, ਸਾਡੇ ਕੋਲ ਇਹ ਮੰਨਣ ਲਈ ਕੁਝ ਨਹੀਂ ਹੈ ਕਿ ਕੁਝ ਗਲਤ ਹੋਵੇਗਾ, ਸੀਜੇਆਈ ਨੇ ਕਿਹਾ।ਅਦਾਲਤ ਨੇ ਇਸ ਸੁਝਾਅ ਨੂੰ ਵੀ ਰੱਦ ਕਰ ਦਿੱਤਾ ਕਿ ਖ਼ਾਸ ਵਿਰੋਧ ਸਮੂਹਾਂ ਜਾਂ ਉਨ੍ਹਾਂ ਦੇ ਪ੍ਰਬੰਧਕਾਂ ਨੂੰ ਤਲਬ ਕੀਤਾ ਜਾਵੇ।

ਕੋਈ ਖ਼ਾਸ ਸਮੂਹ ਨਹੀਂ ਹੈ ਜਿਸਨੂੰ ਅਸੀਂ ਬੁਲਾ ਸਕਦੇ ਹਾਂ ਜਾਂ ਸੰਬੋਧਿਤ ਕਰ ਸਕਦੇ ਹਾਂ।

ਇਸ ਲਈ, ਤੁਸੀਂ ਦਿੱਲੀ ਅਤੇ ਕੇਂਦਰ ਸਰਕਾਰ ਨੂੰ ਦੱਸੋ; ਵਿਵਸਥਾ ਬਣਾਈ ਰੱਖਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ, ਅਦਾਲਤ ਨੇ ਕਿਹਾ।ਅਦਾਲਤ ਨੇ ਅੱਗੇ ਕਿਹਾ ਕਿ ਕੇਂਦਰ ਸਰਕਾਰ ਅਤੇ ਦਿੱਲੀ ਸਰਕਾਰ ਨੂੰ ਬ੍ਰਿਕਸ ਸੰਮੇਲਨ ਦੌਰਾਨ ਕਾਨੂੰਨ ਵਿਵਸਥਾ ਬਣਾਈ ਰੱਖਣ ਨੂੰ ਯਕੀਨੀ ਬਣਾਉਣਾ ਹੋਵੇਗਾ।ਅਸੀਂ ਸਿਰਫ਼ ਕੇਂਦਰ ਸਰਕਾਰ ਜਾਂ ਦਿੱਲੀ ਸਰਕਾਰ 'ਤੇ ਜ਼ਿੰਮੇਵਾਰੀ ਪਾ ਸਕਦੇ ਹਾਂ ਅਤੇ ਸਾਨੂੰ ਵਿਸ਼ਵਾਸ ਹੈ ਕਿ ਉਹ ਕਰਨਗੇ..., ਅਦਾਲਤ ਨੇ ਕਿਹਾ।

# ਕੌਮੀ ਕਮਿਸ਼ਨ ਵੱਲੋਂ ਰਾਜਾ ਵੜਿੰਗ ਦੀ ਗ੍ਰਿਫ਼ਤਾਰੀ ਦੇ ਹੁਕਮ

ਚੰਡੀਗੜ੍ਹ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਅੱਜ ਅਹਿਮ ਫ਼ੈਸਲਾ ਲੈਂਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜ ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਜਾਣ ਦੇ ਹੁਕਮ ਸੁਣਾਏ ਹਨ, ਜਿਸ ਨਾਲ ਹੁਣ ਵੜਿੰਗ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਮਾਮਲਾ ਤਰਨ ਤਾਰਨ ਵਿੱਚ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੱਲੋਂ ਅਨੁਸੂਚਿਤ ਜਾਤੀ ਭਾਈਚਾਰੇ ਵਿਰੁੱਧ ਕਥਿਤ ਤੌਰ 'ਤੇ ਮੰਦੀ ਸ਼ਬਦਾਵਲੀ ਵਰਤਣ ਦਾ ਹੈ।

ਰਾਜਾ ਵੜਿੰਗ ਨੇ ਤਰਨ ਤਾਰਨ ਦੀ ਜ਼ਿਮਨੀ ਚੋਣ ਦੌਰਾਨ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮਰਹੂਮ ਬੂਟਾ ਸਿੰਘ ਖ਼ਿਲਾਫ਼ ਕਥਿਤ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਸੀ। ਵੜਿੰਗ, ਜੋ ਪਹਿਲਾਂ ਹੀ ਕਾਂਗਰਸ ਦੀ ਅੰਦਰੂਨੀ ਜੰਗ 'ਚ ਉਲਝੇ ਹੋਏ ਹਨ, ਉਨ੍ਹਾਂ ਲਈ ਕੌਮੀ ਕਮਿਸ਼ਨ ਦਾ ਫ਼ੈਸਲਾ ਨਵੀਂ ਚੁਣੌਤੀ ਬਣੇਗਾ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨੇ ਅੱਜ ਇਸ ਉਪਰੋਕਤ ਮਾਮਲੇ ਦੀ ਸੁਣਵਾਈ ਕੀਤੀ ਅਤੇ ਇਸ ਮੌਕੇ ਪੰਜਾਬ ਪੁਲੀਸ ਤਰਫ਼ੋਂ ਡੀ ਐੱਸ ਪੀ ਹਰਪ੍ਰੀਤ ਸਿੰਘ ਅਤੇ ਡੀ ਐੱਸ ਪੀ (ਈ ਓ ਅਤੇ ਸਾਈਬਰ ਕ੍ਰਾਈਮ) ਗੁਲਜ਼ਾਰ



ਸਿੰਘ ਪੇਸ਼ ਹੋਏ।

ਇਸ ਮੌਕੇ ਪਟੀਸ਼ਨਰ ਸਰਬਜੋਤ ਸਿੰਘ, ਜੋ ਕਿ ਮਰਹੂਮ ਬੂਟਾ ਸਿੰਘ ਦੇ ਸਪੁੱਤਰ ਹਨ, ਵੀ ਹਾਜ਼ਰ ਸਨ। ਕੌਮੀ ਕਮਿਸ਼ਨ ਨੇ ਪੰਜਾਬ ਪੁਲੀਸ ਦੀ ਢਿੱਲੀ ਕਾਰਗੁਜ਼ਾਰੀ 'ਤੇ ਉਂਗਲ ਉਠਾਈ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਅਤੇ ਐਕਸ਼ਨ ਟੇਕਨ ਰਿਪੋਰਟ ਸੌਂਪਣ ਵਿੱਚ ਹੋ ਰਹੀ ਦੇਰੀ 'ਤੇ ਗੰਭੀਰ ਚਿੰਤਾ ਪ੍ਰਗਟਾਈ। ਕੌਮੀ ਕਮਿਸ਼ਨ ਨੇ 5 ਮਈ 2026 ਨੂੰ ਹੋਈ ਸੁਣਵਾਈ ਦੌਰਾਨ ਨਿਯਮਾਂ ਅਨੁਸਾਰ ਤੈਅ ਸਮੇਂ ਦੇ ਅੰਦਰ ਜਾਂਚ ਪੂਰੀ ਕਰਨ ਦੀ ਸਿਫ਼ਾਰਸ਼ ਕੀਤੀ ਸੀ।

ਕੌਮੀ ਕਮਿਸ਼ਨ ਨੇ ਪਟੀਸ਼ਨਰ ਸਰਬਜੋਤ ਸਿੰਘ ਦੀ ਇਸ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਕਿਹਾ ਕਿ ਉਨ੍ਹਾਂ ਨੂੰ ਕਥਿਤ ਮੁਲਜ਼ਮਾਂ ਵੱਲੋਂ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਲੋੜੀਂਦੀ ਸੁਰੱਖਿਆ ਮੁਹੱਈਆ ਕਰਾਉਣ ਦੇ ਹੁਕਮ ਵੀ ਜਾਰੀ ਕੀਤੇ ਹਨ। ਇਸ ਤੋਂ ਇਲਾਵਾ 30 ਦਿਨਾਂ ਦੇ ਅੰਦਰ ਐਕਸ਼ਨ ਟੇਕਨ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ।

ਕੌਮੀ ਕਮਿਸ਼ਨ ਨੇ ਅੱਜ ਸਬੰਧਿਤ ਅਧਿਕਾਰੀਆਂ ਨੂੰ ਕਾਨੂੰਨ ਅਨੁਸਾਰ ਇਸ ਮਾਮਲੇ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਲਈ ਜ਼ਰੂਰੀ ਕਦਮ ਚੁੱਕਣ ਅਤੇ 5 ਦਿਨਾਂ ਦੇ ਅੰਦਰ ਇਸ ਕਾਰਵਾਈ ਦੀ ਸਥਿਤੀ ਕਮਿਸ਼ਨ ਨੂੰ ਸੌਂਪਣ ਦੀ ਸਿਫ਼ਾਰਸ਼ ਕੀਤੀ ਹੈ। ਕਮਿਸ਼ਨ ਨੇ ਜਾਂਚ ਜਲਦੀ ਤੋਂ ਜਲਦੀ ਪੂਰੀ ਕਰਨ ਤੋਂ ਇਲਾਵਾ ਬਿਨਾਂ ਕਿਸੇ ਦੇਰੀ ਦੇ ਸਮਰੱਥ ਅਦਾਲਤ ਵਿੱਚ ਚਾਰਜਸ਼ੀਟ ਦਾਖ਼ਲ ਕਰਨ ਦੇ ਨਿਰਦੇਸ਼ ਵੀ ਦਿੱਤੇ।

ਚੇਅਰਮੈਨ ਨੇ ਜਾਂਚ ਤੇ ਗ੍ਰਿਫ਼ਤਾਰੀ ਵਿੱਚ ਹੋਈ ਦੇਰੀ ਲਈ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕਰਨ ਦੀ ਵੀ ਸਿਫ਼ਾਰਸ਼ ਕੀਤੀ ਹੈ। ਜੇਕਰ ਸਬੰਧਿਤ ਜਾਂਚ ਅਧਿਕਾਰੀ ਵੱਲੋਂ ਡਿਊਟੀ ਵਿੱਚ ਕੋਈ ਲਾਪਰਵਾਹੀ ਪਾਈ ਜਾਂਦੀ ਹੈ, ਤਾਂ ਕਾਨੂੰਨ ਅਨੁਸਾਰ ਵਿਭਾਗੀ ਕਾਰਵਾਈ ਕੀਤੀ ਜਾ ਸਕਦੀ ਹੈ। ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੇ 30 ਦਿਨਾਂ ਦੇ ਅੰਦਰ ਐਕਸ਼ਨ ਟੇਕਨ ਰਿਪੋਰਟ ਮੰਗੀ ਗਈ ਹੈ।

ਕੌਮੀ ਕਮਿਸ਼ਨ ਨੇ ਪਟੀਸ਼ਨਰ ਸਰਬਜੋਤ ਸਿੰਘ ਨੂੰ ਲਗਾਤਾਰ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਦਿੱਲੀ ਅਤੇ ਪੰਜਾਬ ਦੋਵਾਂ ਥਾਵਾਂ 'ਤੇ ਤੁਰੰਤ ਢੁਕਵੀਂ ਪੁਲੀਸ ਸੁਰੱਖਿਆ ਦੇਣ ਲਈ ਕਿਹਾ ਹੈ।

# ਖਿਡਾਰੀਆਂ ਦੀ ਮਿਹਨਤ ਅਤੇ ਸਰਕਾਰ ਦੀ ਖੇਡ ਨੀਤੀ ਦੇ ਸਕਾਰਾਤਮਕ ਨਤੀਜੇ ਅੱਜ ਦੁਨੀਆ ਦੇ ਸਾਹਮਣੇ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਚੰਡੀਗੜ੍ਹ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਲ 2014 ਤੋਂ ਰਾਜ ਸਰਕਾਰ ਨੇ ਖੇਡਾਂ ਅਤੇ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਦੇ ਨਾਲ-ਨਾਲ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਉੱਤੇ ਵਿਸ਼ੇਸ਼ ਧਿਆਨ ਦਿੱਤਾ ਹੈ।

ਪਿਛਲੇ 12 ਸਾਲਾਂ ਵਿੱਚ ਇਸ ਦਿਸ਼ਾ ਵਿੱਚ ਕੀਤੇ ਗਏ ਲਗਾਤਾਰ ਯਤਨਾਂ ਦੇ ਸਕਾਰਾਤਮਕ ਨਤੀਜੇ ਅੱਜ ਸਾਹਮਣੇ ਆ ਰਹੇ ਹਨ। ਹਰਿਆਣਾ ਦੇ ਖਿਡਾਰੀ ਆਪਣੀ ਮਿਹਨਤ ਅਤੇ ਪ੍ਰਤਿਭਾ ਦੇ ਬਲਬੂਤੇ ਉੱਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੋਨ ਤਗ਼ਮੇ ਜਿੱਤ ਰਹੇ ਹਨ ਅਤੇ ਸੂਬੇ ਤੇ ਦੇਸ਼ ਦਾ ਮਾਣ ਵਧਾ ਰਹੇ ਹਨ।

ਮੁੱਖ ਮੰਤਰੀ ਸੋਮਵਾਰ ਨੂੰ ਹਰਿਆਣਾ ਵਿਧਾਨ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਵਿਧਾਇਕ ਸ੍ਰੀ ਦੇਵੇਂਦਰ ਹੰਸ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਸਬੰਧ ਵਿੱਚ ਸਦਨ ਵਿੱਚ ਬੋਲ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਸੂਬੇ ਦੇ ਸਾਰੇ ਖਿਡਾਰੀਆਂ ਦੀ ਸਖ਼ਤ ਮਿਹਨਤ ਅਤੇ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਖਿਡਾਰੀਆਂ ਵੱਲੋਂ ਜਿੱਤੇ



ਜਾ ਰਹੇ ਤਗ਼ਮੇ ਉਨ੍ਹਾਂ ਦੀ ਦਿਨ-ਰਾਤ ਦੀ ਮਿਹਨਤ ਦੇ ਨਾਲ-ਨਾਲ ਰਾਜ ਸਰਕਾਰ ਦੀ ਖੇਡ ਨੀਤੀ ਅਤੇ ਉਨ੍ਹਾਂ ਨੂੰ ਉਪਲਬਧ ਕਰਵਾਈ ਜਾ ਰਹੀਆਂ ਸਹੂਲਤਾਂ ਦਾ ਵੀ ਨਤੀਜਾ ਹਨ। ਸਰਕਾਰ ਦਾ ਸਪੱਸ਼ਟ ਸੰਕਲਪ ਖੇਡ ਇਨਫਰਾਸਟਰਕਚਰ ਨੂੰ ਹੋਰ ਮਜ਼ਬੂਤ ਕਰਨਾ ਅਤੇ ਖਿਡਾਰੀਆਂ ਨੂੰ ਅੱਗੇ ਵਧਣ ਲਈ ਹਰਸੰਭਵ ਸਹਿਯੋਗ ਪ੍ਰਦਾਨ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਦਨ ਵਿੱਚ ਚੁਣ ਕੇ ਆਏ ਨਵੇਂ ਵਿਧਾਇਕਾਂ ਨੂੰ ਸ਼ਾਇਦ ਇਸ ਗੱਲ ਦੀ ਜਾਣਕਾਰੀ ਨਹੀਂ ਹੈ ਕਿ ਪੁਰਾਣੀਆਂ ਸਰਕਾਰਾਂ ਦੇ ਕਾਰਜਕਾਲ ਵਿੱਚ ਖਿਡਾਰੀਆਂ ਲਈ ਕੀ ਕੀਤਾ ਜਾਂਦਾ ਸੀ।

# ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ 39,320 ਓ.ਬੀ.ਸੀ. ਵਿਦਿਆਰਥੀਆਂ ਨੂੰ ਵਜ਼ੀਫ਼ਾ ਸਹਾਇਤਾ: ਡਾ. ਬਲਜੀਤ ਕੌਰ

ਚੰਡੀਗੜ੍ਹ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਦ੍ਰਿੜ੍ਹ ਸੰਕਲਪ ਨਾਲ ਕੰਮ ਕਰ ਰਹੀ ਹੈ ਕਿ ਕੋਈ ਵੀ ਹੋਣਹਾਰ ਬੱਚਾ ਆਰਥਿਕ ਤੰਗੀ ਕਾਰਨ ਆਪਣੀ ਪੜ੍ਹਾਈ ਤੋਂ ਵਾਂਝਾ ਨਾ ਰਹੇ। ਇਸੇ ਮੰਤਵ ਨਾਲ ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਦੇ ਵਿਦਿਆਰਥੀਆਂ ਨੂੰ ਵਿੱਦਿਅਕ ਤੌਰ 'ਤੇ ਮਜ਼ਬੂਤ ਕਰਨ ਲਈ ਭਲਾਈ ਯੋਜਨਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਓ.ਬੀ.ਸੀ. ਤਹਿਤ ਵਿੱਤੀ ਸਾਲ 2025-26 ਦੌਰਾਨ 14,320 ਵਿਦਿਆਰਥੀਆਂ ਨੂੰ 5.72 ਕਰੋੜ ਰੁਪਏ ਦੀ ਵਜ਼ੀਫ਼ਾ ਸਹਾਇਤਾ ਜਾਰੀ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਸਹਾਇਤਾ ਨਾਲ ਹਜ਼ਾਰਾਂ ਵਿਦਿਆਰਥੀਆਂ ਨੂੰ ਆਰਥਿਕ ਬੋਝ ਤੋਂ ਰਾਹਤ ਮਿਲੀ ਹੈ ਅਤੇ ਉਹ ਨਿਰਵਿਘਨ ਆਪਣੀ ਪੜ੍ਹਾਈ ਜਾਰੀ ਰੱਖਣ ਦੇ ਯੋਗ ਬਣੇ ਹਨ।



ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਵਿੱਤੀ ਸਾਲ 2026-27 ਲਈ 25,000 ਓ.ਬੀ.ਸੀ. ਵਿਦਿਆਰਥੀਆਂ ਨੂੰ ਇਸ ਸਕੀਮ ਦਾ ਲਾਭ ਦੇਣ ਵਾਸਤੇ 10 ਕਰੋੜ ਰੁਪਏ ਦੀ ਰਾਸ਼ੀ ਦਾ ਪ੍ਰਸਤਾਵ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਵੱਧ ਤੋਂ ਵੱਧ ਲੋੜਵੰਦ ਵਿਦਿਆਰਥੀਆਂ ਨੂੰ ਸਕੂਲੀ ਸਿੱਖਿਆ ਜਾਰੀ ਰੱਖਣ ਲਈ ਲੋੜੀਂਦੀ ਵਿੱਤੀ ਸਹਾਇਤਾ ਮਿਲੇਗੀ ਅਤੇ ਉਹ ਆਪਣੇ ਸੁਨਹਿਰੇ ਭਵਿੱਖ ਦੇ ਸੁਪਨੇ ਸਾਕਾਰ ਕਰ ਸਕਣਗੇ।

ਯੋਜਨਾ ਦੇ ਸਮੁੱਚੇ ਪ੍ਰਭਾਵ ਦਾ ਜ਼ਿਕਰ ਕਰਦਿਆਂ ਮੰਤਰੀ ਨੇ ਕਿਹਾ ਕਿ ਵਿੱਤੀ ਸਾਲ 2025-26 ਅਤੇ 2026-27 ਦੌਰਾਨ ਕੁੱਲ 39,320 ਓ.ਬੀ.ਸੀ. ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਲਈ 15.72 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਸੂਬਾ ਸਰਕਾਰ ਦੇ ਇਸ ਦ੍ਰਿੜ੍ਹ ਇਰਾਦੇ ਦਾ ਪ੍ਰਤੀਕ ਹੈ ਕਿ ਹਰ ਯੋਗ ਵਿਦਿਆਰਥੀ ਨੂੰ ਬਿਨਾਂ ਕਿਸੇ ਆਰਥਿਕ ਰੁਕਾਵਟ ਦੇ ਸਿੱਖਿਆ ਹਾਸਲ ਕਰਨ ਦਾ ਮੌਕਾ ਮਿਲੇ।

ਡਾ. ਬਲਜੀਤ ਕੌਰ ਨੇ ਕਿਹਾ ਕਿ ਸਿੱਖਿਆ ਸਮਾਜਿਕ ਬਦਲਾਅ ਅਤੇ ਸਸ਼ਕਤੀਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹੈ। ਉਨ੍ਹਾਂ ਕਿਹਾ ਕਿ ਜਦੋਂ ਬੱਚਿਆਂ ਨੂੰ ਪੜ੍ਹਨ-ਲਿਖਣ ਦੇ ਬਰਾਬਰ ਮੌਕੇ ਮਿਲਦੇ ਹਨ ਤਾਂ ਨਾ ਸਿਰਫ਼ ਉਨ੍ਹਾਂ ਦਾ ਭਵਿੱਖ ਰੌਸ਼ਨ ਹੁੰਦਾ ਹੈ, ਸਗੋਂ ਪਰਿਵਾਰ, ਸਮਾਜ ਅਤੇ ਸੂਬੇ ਦੀ ਤਰੱਕੀ ਨੂੰ ਵੀ ਨਵੀਂ ਦਿਸ਼ਾ ਮਿਲਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਲੋਕ-ਪੱਖੀ ਅਤੇ ਪਾਰਦਰਸ਼ੀ ਨੀਤੀਆਂ ਲਾਗੂ ਕਰ ਰਹੀ ਹੈ। ਬੱਚਿਆਂ ਦੀ ਸਿੱਖਿਆ ਵਿੱਚ ਕੀਤਾ ਜਾ ਰਿਹਾ ਇਹ ਨਿਵੇਸ਼ ਇੱਕ ਸਮਾਨਤਾ ਵਾਲੇ, ਖੁਸ਼ਹਾਲ, ਪ੍ਰਗਤੀਸ਼ੀਲ ਅਤੇ ਰੰਗਲੇ ਪੰਜਾਬ ਦੀ ਮਜ਼ਬੂਤ ਨੀਂਹ ਸਾਬਤ ਹੋਵੇਗਾ, ਜਿੱਥੇ ਹਰ ਬੱਚੇ ਨੂੰ ਆਪਣੀ ਯੋਗਤਾ ਅਨੁਸਾਰ ਅੱਗੇ ਵਧਣ ਦਾ ਪੂਰਾ ਮੌਕਾ ਮਿਲੇਗਾ।

# ਅਸਾਮ 'ਚ ਭਿਆਨਕ ਸੜਕ ਹਾਦਸੇ ਵਿਚ ਮਰਨ ਵਾਲਿਆਂ ਦੀ ਗਿਣਤੀ ਹੋਈ 6

ਕਾਮਰੂਪ-ਮੈਟਰੋ (ਅਸਾਮ), 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

– ਅਸਾਮ ਦੇ ਕਾਮਰੂਪ (ਮੈਟਰੋ) ਜ਼ਿਲ੍ਹੇ ਦੇ ਖੇਤੜੀ ਖੇਤਰ ਵਿਚ 30 ਅਗਸਤ ਦੀ ਰਾਤ ਨੂੰ ਐਨਐਚ-27 'ਤੇ ਹੋਏ ਭਿਆਨਕ ਹਾਦਸੇ ਵਿਚ ਮਰਨ ਵਾਲਿਆਂ ਦੀ ਗਿਣਤੀ 6 ਹੋ ਗਈ ਹੈ। 3 ਲਾਸ਼ਾਂ ਨੂੰ ਗੁਹਾਟੀ ਮੈਡੀਕਲ ਕਾਲਜ ਅਤੇ ਹਸਪਤਾਲ (ਜੀਐਮਸੀਐਚ) ਲਿਜਾਇਆ ਗਿਆ।

ਜੀਐਮਸੀਐਚਦੇ ਪ੍ਰਿੰਸੀਪਲ-ਕਮ-ਚੀਫ਼ ਸੁਪਰਡੈਂਟ, ਪ੍ਰੋਫੈਸਰ (ਡਾ.) ਬਾਬੁਲ ਕੁਮਾਰ ਬੇਜ਼ਬਾਰੂਆਹ ਨੇ ਕਿਹਾ, ... ਤਿੰਨ ਮ੍ਰਿਤਕਾਂ ਨੂੰ ਜੀਐਮਸੀਐਚ ਲਿਜਾਇਆ ਗਿਆ ਹੈ ਅਤੇ ਛੇ ਜ਼ਖ਼ਮੀਆਂ ਦਾ ਇੱਥੇ ਇਲਾਜ ਚੱਲ ਰਿਹਾ ਹੈ। ਦੋ ਨਿਊਰੋਸਰਜਰੀ ਕੇਸ ਥੋੜ੍ਹੇ ਨਾਜ਼ੁਕ ਹਨ। ਅਸੀਂ ਨਿਊਰੋਸਰਜਰੀ ਵਿਭਾਗ ਨਾਲ ਗੱਲ ਕੀਤੀ ਹੈ। ਉਹ ਇਸਦੀ ਦੇਖਭਾਲ ਕਰ ਰਹੇ ਹਨ... ਪੋਸਟਮਾਰਟਮ ਅੱਜ ਕੀਤਾ ਜਾਵੇਗਾ...।

ਦੱਸ ਦਈਏ ਕਿ ਬੀਤੀ ਰਾਤ ਅਸਾਮ ਦੇ ਕਾਮਰੂਪ (ਮੈਟਰੋ) ਜ਼ਿਲ੍ਹੇ ਦੇ ਖੇਤੜੀ ਖੇਤਰ ਵਿਚ ਇਕ ਹਾਦਸੇ ਵਿਚ ਇਕ ਔਰਤ ਸਮੇਤ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਚਾਰ ਹੋਰ ਜ਼ਖ਼ਮੀ ਹੋ ਗਏ ਸਨ। ਇਹ ਘਟਨਾ ਐਨਐਚ-27 'ਤੇ ਖੇਤੜੀ ਨੇੜੇ ਨਲਗੇਦਰਾ ਖੇਤਰ ਵਿਚ ਵਾਪਰੀ।

# ਮਾਨਸੂਨ ਸੈਸ਼ਨ ਦੇ ਦੂਜੇ ਦਿਨ ਸਦਨ ਵਿੱਚ ਵਿਛੜੀਆਂ ਰੂਹਾਂ ਪ੍ਰਤੀ ਸ਼ੋਕ ਪ੍ਰਗਟ ਕੀਤਾ

ਚੰਡੀਗੜ੍ਹ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਮਾਨਸੂਨ ਸੈਸ਼ਨ ਦੇ ਦੂਜੇ ਦਿਨ ਵਿਧਾਨ ਸਭਾ ਵਿੱਚ ਵਿਧਾਇਕ ਹਰਿੰਦਰ ਸਿੰਘ ਦੀ ਮਾਤਾ ਅਤੇ ਡਾ. ਕ੍ਰਿਸ਼ਨ ਕੁਮਾਰ ਦੀ ਸੱਸ ਸ਼੍ਰੀਮਤੀ ਗਿਰਰਾਜੋ ਦੇਵੀ ਦੇ 1 ਸਤੰਬਰ, 2026 ਨੂੰ ਹੋਏ ਦੁਖਦ ਦੇਹਾਂਤ ਉੱਤੇ ਡੂੰਘਾ ਸ਼ੋਕ ਪ੍ਰਗਟ ਕੀਤਾ ਅਤੇ ਵਿਛੜੀ ਰੂਹ ਦੇ ਪਰਿਵਾਰਕ ਮੈਂਬਰਾਂ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕੀਤੀ। ਮੁੱਖ ਮੰਤਰੀ ਨੇ ਮਹਿੰਦਰਗੜ੍ਹ ਦੇ ਪਿੰਡ ਮੋਹਨਪੁਰ ਦੇ ਸ਼ਹੀਦ ਨਾਇਬ ਸੂਬੇਦਾਰ ਭੂਪੇਂਦਰ ਸਿੰਘ ਦੇ 27 ਅਗਸਤ, 2026 ਨੂੰ ਹੋਏ ਦੇਹਾਂਤ ਅਤੇ ਭਿਵਾਨੀ ਜ਼ਿਲ੍ਹੇ ਦੇ ਪਿੰਡ ਨਾਂਗਲ ਦੇ ਸਿਪਾਹੀ ਸੋਨੂੰ ਕੁਮਾਰ ਦੇ 28 ਅਗਸਤ, 2026 ਨੂੰ ਹੋਈ ਸ਼ਹਾਦਤ ਉੱਤੇ ਵੀ ਸਤਿ ਸਤਿ ਨਮਨ ਕਰਦਿਆਂ ਸ਼ੋਕ-ਪੀੜਤ ਪਰਿਵਾਰਾਂ ਦੇ ਮੈਂਬਰਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ। ਸਦਨ ਵਿੱਚ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਵਿੰਦਰ ਸਿੰਘ ਕਲਿਆਣ, ਵਿਰੋਧੀ ਧਿਰ ਦੇ ਆਗੂ ਚੌਧਰੀ ਭੂਪੇਂਦਰ ਸਿੰਘ ਹੁੱਡਾ ਅਤੇ ਆਦਿਤਿਆ ਦੇਵੀਲਾਲ ਨੇ ਵੀ ਵਿਛੜੀਆਂ ਰੂਹਾਂ ਪ੍ਰਤੀ ਡੂੰਘੀ ਹਮਦਰਦੀ ਪ੍ਰਗਟ ਕੀਤੀ। ਸਦਨ ਵਿੱਚ ਵਿਛੜੀਆਂ ਆਤਮਾ ਲਈ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ।

# ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਨਾਲ ਮਰਨ ਵਾਲਿਆਂ ਦੀ ਗਿਣਤੀ ਵਧ ਕੇ ਹੋਈ 903

## ਹੁਣ ਵੀ ਕਰੀਬ 4,250 ਲੋਕ ਲਾਪਤਾ; ਬਚਾਅ ਕਾਰਜ ਲਗਾਤਾਰ ਜਾਰੀ

ਕਾਠਮੰਡੂ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਨਾਲ ਮਰਨ ਵਾਲਿਆਂ ਦੀ ਗਿਣਤੀ ਸੋਮਵਾਰ ਨੂੰ ਵਧ ਕੇ 903 ਹੋ ਗਈ, ਜਦੋਂ ਕਿ ਆਫ਼ਤ ਤੋਂ ਬਾਅਦ ਹੁਣ ਵੀ ਕਰੀਬ 4,250 ਲੋਕ ਲਾਪਤਾ ਹਨ। ਅਧਿਕਾਰੀਆਂ ਨੇ ਦੱਸਿਆ ਕਿ ਬਚਾਅ ਟੀਮਾਂ ਲਗਾਤਾਰ ਲਾਸ਼ਾਂ ਬਰਾਮਦ ਕਰ ਰਹੀਆਂ ਹਨ ਅਤੇ ਲਾਪਤਾ ਲੋਕਾਂ ਦੀ ਭਾਲ ਵਿੱਚ ਜੁਟੀਆਂ ਹਨ। ਬਚਾਅ ਕਰਮੀ ਆਫ਼ਤ ਦੇ ਛੇਵੇਂ ਦਿਨ ਲਾਪਤਾ ਲੋਕਾਂ ਦੀ ਭਾਲ ਅਤੇ ਫਸੇ ਹੋਏ ਲੋਕਾਂ ਨੂੰ ਸੁਰੱਖਿਅਤ ਕੱਢਣ ਦੇ ਯਤਨ ਕਰ ਰਹੇ ਹਨ। ਪ੍ਰਭਾਵਿਤ ਸਾਰੇ ਅੱਠ ਜ਼ਿਲ੍ਹਿਆਂ ਵਿੱਚੋਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ।

ਮੰਨਿਆ ਜਾ ਰਿਹਾ ਹੈ ਕਿ ਇਹ ਆਫ਼ਤ ਨੇਪਾਲ-ਤਿੱਬਤ ਸਰਹੱਦ ਦੇ ਨੇੜੇ ਜ਼ਮੀਨ ਜਾਂ ਬਰਫ਼ ਦੀਆਂ ਚੱਟਾਨਾ ਖਿਸਕਣ ਕਾਰਨ ਆਈ ਹੈ, ਜਿਸ ਨੇ 26 ਅਗਸਤ ਨੂੰ ਉੱਤਰੀ ਅਤੇ ਮੱਧ ਨੇਪਾਲ ਦੇ ਕਸਬਿਆਂ ਅਤੇ ਪਿੰਡਾਂ ਵਿੱਚ



ਤਬਾਹੀ ਮਚਾ ਦਿੱਤੀ ਸੀ।

ਕੌਮੀ ਆਫ਼ਤ ਜੋਖ਼ਮ ਕਟੌਤੀ ਅਤੇ ਪ੍ਰਬੰਧਨ ਅਥਾਰਟੀ (ਐੱਨ ਡੀ ਆਰ ਆਰ ਐੱਮ ਏ) ਨੇ ਦੱਸਿਆ ਕਿ ਅਚਾਨਕ ਆਏ ਹੜ੍ਹ ਨਾਲ ਮਰਨ ਵਾਲਿਆਂ ਦੀ ਗਿਣਤੀ ਵਧ ਕੇ 903 ਹੋ ਗਈ ਹੈ।

ਅਥਾਰਟੀ ਦੇ ਅਨੁਸਾਰ, ਹੁਣ ਤੱਕ ਚਿਤਵਾਨ ਤੋਂ 272 ਲਾਸ਼ਾਂ, ਨਵਲਪਰਾਸੀ ਪੂਰਬ ਤੋਂ 207, ਨਵਲਪਰਾਸੀ ਪੱਛਮੀ ਤੋਂ 151 ਅਤੇ ਗੋਰਖਾ ਜ਼ਿਲ੍ਹੇ ਤੋਂ 62 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ, ਨੁਵਾਕੋਟ ਤੋਂ 95, ਧਾਡਿੰਗ ਤੋਂ 55, ਤਾਨਾਹੁਨ ਤੋਂ 37 ਅਤੇ ਰਸੁਵਾ ਤੋਂ 24 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ।

ਅਥਾਰਟੀ ਨੇ ਦੱਸਿਆ ਕਿ ਹੁਣ ਵੀ 4,247 ਲੋਕ ਲਾਪਤਾ ਹਨ। ਇਨ੍ਹਾਂ ਵਿੱਚ 85 ਸੁਰੱਖਿਆ ਕਰਮੀ ਅਤੇ 320 ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ।

# ਡੀ.ਏ. ਦੇ ਬਕਾਏ 'ਚ ਦੇਰੀ ਦਾ ਵਿਆਜ Taxpayers 'ਤੇ ਨਾ ਪਾਇਆ ਜਾਵੇ: ਪਬਲਿਕ ਐਕਸ਼ਨ ਕਮੇਟੀ

ਚੰਡੀਗੜ੍ਹ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਮਹਿੰਗਾਈ ਭੱਤੇ (ਡੀ.ਏ.) ਦੇ ਬਕਾਏ ਦੇਣ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਨੂੰ ਚੁਣੌਤੀ ਦੇਣ ਦੀ ਤਿਆਰੀ ਅਤੇ ਦੂਜੇ ਪਾਸੇ ਮੁਲਾਜ਼ਮ ਯੂਨੀਅਨਾਂ ਵੱਲੋਂ 8 ਸਤੰਬਰ ਨੂੰ ਸਮੂਹਿਕ ਛੁੱਟੀ 'ਤੇ ਜਾਣ ਦੇ ਦਿੱਤੇ ਅਲਟੀਮੇਟਮ ਦੇ ਵਿਚਕਾਰ ਲੁਧਿਆਣਾ ਅਧਾਰਿਤ ਨਾਗਰਿਕ ਸਮੂਹ 'ਪਬਲਿਕ ਐਕਸ਼ਨ ਕਮੇਟੀ' ਮੈਦਾਨ 'ਚ ਆਈ ਹੈ। ਕਮੇਟੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪ੍ਰਸ਼ਾਸਨਿਕ ਦੇਰੀ ਕਾਰਨ ਡੀ.ਏ. ਦੇ ਬਕਾਏ 'ਤੇ ਬਣਦੇ ਵਿਆਜ ਦਾ ਵਾਧੂ ਵਿੱਤੀ ਬੋਝ ਸਰਕਾਰੀ ਖਜ਼ਾਨੇ ਅਤੇ ਆਮ ਜਨਤਾ 'ਤੇ ਨਾ ਪਾਇਆ ਜਾਵੇ।

ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਮੁੱਖ ਸਕੱਤਰ ਨੂੰ ਭੇਜੀ ਇੱਕ ਮੰਗ-ਪੱਤਰ ਵਿੱਚ ਪਬਲਿਕ ਐਕਸ਼ਨ ਕਮੇਟੀ ਨੇ ਨਿਸ਼ਾਨਦੇਹੀ ਕੀਤੀ ਹੈ ਕਿ ਇਹ ਵਾਧੂ ਵਿੱਤੀ ਬੋਝ ਸਿਰਫ਼ ਪ੍ਰਸ਼ਾਸਨਿਕ ਦੇਰੀ ਦਾ ਨਤੀਜਾ ਹੈ। ਇਸ ਲਈ, ਇਸ ਨਾ-ਟਾਲੇ ਜਾ ਸਕਣ ਵਾਲੇ ਵਿਆਜ ਦੀ ਜ਼ਿੰਮੇਵਾਰੀ ਸਬੰਧਤ ਅਧਿਕਾਰੀਆਂ 'ਤੇ ਤੈਅ ਕੀਤੀ ਜਾਣੀ ਚਾਹੀਦੀ ਹੈ।

ਕਮੇਟੀ ਨੇ ਯਾਦ ਦਿਵਾਇਆ ਕਿ ਪੀ.ਐੱਸ.ਪੀ.ਸੀ.ਐੱਲ. ਸਮੇਤ ਹੋਰ ਵਿਭਾਗਾਂ ਦੇ ਮੁਲਾਜ਼ਮਾਂ ਨੇ ਬਕਾਏ ਦੀ ਰਿਹਾਈ ਲਈ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ, ਜਿੱਥੇ ਸਿੰਗਲ ਬੈਂਚ ਨੇ 30 ਜੂਨ 2026 ਤੱਕ ਭੁਗਤਾਨ ਦੇ ਹੁਕਮ ਦਿੱਤੇ ਸਨ। ਸਰਕਾਰ ਵੱਲੋਂ ਪਾਈ ਅਪੀਲ ਖਾਰਜ ਕਰਦਿਆਂ ਡਿਵੀਜ਼ਨ ਬੈਂਚ ਨੇ 17 ਅਗਸਤ ਨੂੰ 6 ਫੀਸਦੀ ਸਾਲਾਨਾ ਵਿਆਜ ਸਮੇਤ ਭੁਗਤਾਨ ਕਰਨ ਦਾ ਨਿਰਦੇਸ਼ ਦਿੱਤਾ ਸੀ।

ਸਪੱਸ਼ਟ ਅਦਾਲਤੀ ਨਿਰਦੇਸ਼ਾਂ ਦੇ ਬਾਵਜੂਦ ਅਜੇ ਤੱਕ ਬਕਾਏ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ, ਜਿਸ ਨਾਲ ਸਰਕਾਰੀ ਖਜ਼ਾਨੇ 'ਤੇ ਵਿਆਜ ਦਾ ਵਾਧੂ ਬੋਝ ਪੈਣਾ ਤੈਅ ਹੈ। ਕਮੇਟੀ ਨੇ ਜ਼ੋਰ ਦੇ ਕੇ ਕਿਹਾ ਕਿ ਆਮ Taxpayers, ਜੋ ਆਪਣੇ ਟੈਕਸ ਸਮੇਂ ਸਿਰ ਭਰਦੇ ਹਨ, ਉਨ੍ਹਾਂ ਨੂੰ ਸਰਕਾਰ ਦੀਆਂ ਦੇਰੀਆਂ ਦੀ ਕੀਮਤ ਨਹੀਂ ਚੁਕਾਉਣੀ ਚਾਹੀਦੀ। ਪੀ.ਏ.ਸੀ. ਨੇ ਸਪੱਸ਼ਟ ਕੀਤਾ ਕਿ ਉਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕੀ ਡੀ.ਏ. ਜਾਂ ਅਦਾਲਤ ਵੱਲੋਂ ਦਿੱਤੇ ਵਿਆਜ ਦੇ ਖ਼ਿਲਾਫ਼ ਨਹੀਂ ਹਨ, ਸਗੋਂ ਉਨ੍ਹਾਂ ਦੀ ਮੰਗ ਸਿਰਫ਼ ਇਹ ਹੈ ਕਿ ਸਰਕਾਰ ਦੇਰੀ ਦੇ ਕਾਰਨਾਂ ਦੀ ਜਾਂਚ ਕਰੇ, ਕਾਨੂੰਨ ਅਨੁਸਾਰ ਜਵਾਬਦੇਹੀ ਤੈਅ ਕਰੇ ਅਤੇ ਭਵਿੱਖ ਵਿੱਚ ਅਜਿਹੇ ਵਿੱਤੀ ਨੁਕਸਾਨ ਤੋਂ ਬਚਣ ਲਈ ਸਮੇਂ ਸਿਰ ਭੁਗਤਾਨ ਦੀ ਪ੍ਰਣਾਲੀ ਬਣਾਵੇ। ਇਹ ਮੰਗ-ਪੱਤਰ ਇੰਜੀ. ਕਪਿਲ ਦੇਵ, ਇੰਜੀ. ਜਸਕੀਰਤ ਸਿੰਘ, ਕੁਲਦੀਪ ਸਿੰਘ ਖਹਿਰਾ ਅਤੇ ਡਾ. ਅਮਨਦੀਪ ਸਿੰਘ ਬੈਂਸ ਵੱਲੋਂ ਜਾਰੀ ਕੀਤਾ ਗਿਆ ਹੈ।

# ਮਹਿੰਗਾਈ ਖ਼ਿਲਾਫ਼ ਕਾਂਗਰਸੀਆਂ ਦਾ ਧਰਨਾ ਪ੍ਰਦਰਸ਼ਨ



ਮੁਹਾਲੀ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਲ ਇੰਡੀਆ ਕਾਂਗਰਸ ਕਮੇਟੀ ਦੇ ਸੱਦੇ 'ਤੇ ਡੇਰਾਬੱਸੀ ਵਿਖੇ ਬੱਸ ਸਟੈਂਡ ਦੇ 'ਤੇ ਕਾਂਗਰਸ ਪਾਰਟੀ ਵਲੋਂ ਕੇਂਦਰ ਅਤੇ ਪੰਜਾਬ ਸਰਕਾਰ ਖ਼ਿਲਾਫ਼ ਮਹਿੰਗਾਈ ਦੇ ਮੁੱਦੇ ਨੂੰ ਲੈ ਕੇ ਜ਼ੋਰਦਾਰ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਹ ਧਰਨਾ ਪ੍ਰਦਰਸ਼ਨ ਨਗਰ ਕੌਂਸਲ ਜ਼ੀਰਕਪੁਰ ਦੇ ਸਾਬਕਾ ਪ੍ਰਧਾਨ ਅਤੇ ਸੀਨੀਅਰ ਕਾਂਗਰਸੀ ਆਗੂ ਉਦੇਵੀਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਕੀਤਾ ਗਿਆ। ਧਰਨੇ ਦੌਰਾਨ ਵੱਡੀ ਗਿਣਤੀ ਵਿਚ ਕਾਂਗਰਸੀ ਆਗੂ ਅਤੇ ਵਰਕਰ ਇਕੱਠੇ ਹੋਏ ਅਤੇ ਕੇਂਦਰ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਉਪਰੰਤ ਕਾਂਗਰਸੀ ਵਰਕਰਾਂ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕ ਕੇ ਆਪਣਾ ਰੋਸ ਜ਼ਾਹਰ ਕੀਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਉਦੇਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਦੇਸ਼ ਵਿਚ ਮਹਿੰਗਾਈ ਅਸਮਾਨ ਨੂੰ ਛੂਹ ਰਹੀ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਦੇ ਰੇਟ ਲਗਾਤਾਰ ਵਧ ਰਹੇ ਹਨ ਅਤੇ ਕਈ ਵਸਤਾਂ ਦੀਆਂ ਕੀਮਤਾਂ ਪਹਿਲਾਂ ਦੇ ਮੁਕਾਬਲੇ ਲਗਭਗ ਦੁੱਗਣੀਆਂ ਤੋਂ ਵੀ ਵੱਧ ਹੋ ਗਈਆਂ ਹਨ। ਮਹਿੰਗਾਈ ਕਾਰਨ ਆਮ ਪਰਿਵਾਰਾਂ ਦਾ ਘਰੇਲੂ ਬਜਟ ਪੂਰੀ ਤਰ੍ਹਾਂ ਵਿਗੜ ਗਿਆ ਹੈ ਅਤੇ ਲੋਕਾਂ ਲਈ ਆਪਣੇ ਪਰਿਵਾਰ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨਾ ਵੀ ਔਖਾ ਹੋ ਰਿਹਾ ਹੈ।

ਉਨ੍ਹਾਂ ਕਿਹਾ ਕਿ ਖਾਣ-ਪੀਣ ਦੀਆਂ ਵਸਤਾਂ ਤੋਂ ਲੈ ਕੇ ਘਰੇਲੂ ਵਰਤੋਂ ਦੀਆਂ ਹੋਰ ਜ਼ਰੂਰੀ ਚੀਜ਼ਾਂ ਮਹਿੰਗੀਆਂ ਹੋਣ ਕਾਰਨ ਹਰ ਵਰਗ ਪ੍ਰਭਾਵਿਤ ਹੋ ਰਿਹਾ ਹੈ। ਖ਼ਾਸ ਕਰਕੇ ਮੱਧ ਵਰਗ ਅਤੇ ਗਰੀਬ ਪਰਿਵਾਰਾਂ 'ਤੇ ਮਹਿੰਗਾਈ ਦਾ ਸਭ ਤੋਂ ਵੱਧ ਬੋਝ ਪੈ ਰਿਹਾ ਹੈ।

# ਮੁਹਾਲੀ ਬਿਲਡਰ ਘੁਟਾਲੇ ਮਾਮਲੇ 'ਚ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਈ.ਡੀ. ਅੱਗੇ ਨਹੀਂ ਹੋਏ ਪੇਸ਼

ਜਲੰਧਰ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁਹਾਲੀ ਸਥਿਤ Suntec ਸਿਟੀ ਅਤੇ Altus ਸਪੇਸ ਬਿਲਡਰਜ਼ ਪ੍ਰਾਈਵੇਟ ਲਿਮਟਿਡ ਨਾਲ ਜੁੜੇ ਕਰੋੜਾਂ ਰੁਪਏ ਦੇ ਘੁਟਾਲੇ ਦੀ ਚੱਲ ਰਹੀ ਜਾਂਚ ਦੇ ਅਨੁਸਾਰ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਅੱਗੇ ਪੇਸ਼ ਹੋਣ ਲਈ ਹੋਰ ਸਮਾਂ ਮੰਗਿਆ ਹੈ। ਆਈ.ਏ.ਐੱਸ. ਅਧਿਕਾਰੀ ਵਰਮਾ ਨੂੰ ਈ.ਡੀ. ਨੇ 1 ਸਤੰਬਰ ਲਈ ਤਲਬ ਕੀਤਾ ਸੀ, ਪਰ ਉਹ ਪੇਸ਼ ਨਹੀਂ ਹੋਏ ਅਤੇ ਉਨ੍ਹਾਂ ਨੇ ਜਾਂਚ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਪੇਸ਼ੀ ਅੱਗੇ ਪਾਉਣ ਦੀ ਬੇਨਤੀ ਕੀਤੀ ਹੈ। ਈ.ਡੀ. ਵੱਲੋਂ ਜਲਦ ਹੀ ਉਨ੍ਹਾਂ ਨੂੰ ਨਵੀਂ ਤਰੀਕ ਲਈ ਨਵੇਂ ਸੰਮਨ ਜਾਰੀ ਕੀਤੇ ਜਾਣਗੇ।

ਅਨੁਰਾਗ ਵਰਮਾ ਇਸ ਵੇਲੇ ਵਧੀਕ ਮੁੱਖ ਸਕੱਤਰ (ਮਾਲ ਵਿਭਾਗ) ਵਜੋਂ ਸੇਵਾ ਨਿਭਾ ਰਹੇ ਹਨ, ਪਰ ਜਦੋਂ ਇਹ ਘੁਟਾਲਾ ਵਾਪਰਿਆ ਸੀ, ਉਦੋਂ ਉਹ ਮਕਾਨ ਉਸਾਰੀ ਅਤੇ ਸ਼ਹਿਰੀ



ਵਿਕਾਸ ਵਿਭਾਗ ਦੇ ਮੁਖੀ ਸਨ। ਨਿੱਜੀ ਬਿਲਡਰਾਂ ਨੂੰ ਫਾਇਦਾ ਪਹੁੰਚਾਉਣ ਲਈ ਜ਼ਮੀਨ ਦੀ ਵਰਤੋਂ ਤਬਦੀਲ ਕਰਨ (ਸੀ.ਐੱਲ.ਯੂ.) ਅਤੇ ਗੈਰ-ਕਾਨੂੰਨੀ ਲੇਆਉਟ ਤਬਦੀਲੀਆਂ ਵਿੱਚ ਨਿਯਮਾਂ ਦੀਆਂ ਹੋਈਆਂ ਉਲੰਘਣਾਵਾਂ ਦੀ ਜਾਂਚ ਲਈ ਉਨ੍ਹਾਂ ਦੀ ਭੂਮਿਕਾ ਦੀ ਪਰਖ ਕੀਤੀ ਜਾ ਰਹੀ ਹੈ। ਦੋਸ਼ ਹਨ ਕਿ ਗੈਰ-ਕਾਨੂੰਨੀ ਲੇਆਉਟ ਬਦਲਾਅ ਤੋਂ ਬਾਅਦ ਮਿਊਰਵੁੱਡਜ਼ ਈਕੋਸਿਟੀ ਮੈਗਾ ਪ੍ਰੋਜੈਕਟ ਦੀਆਂ ਗਰੁੱਪ ਹਾਊਸਿੰਗ ਸਾਈਟਾਂ ਨੂੰ ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਨੂੰ ਟਰਾਂਸਫਰ ਕਰਨ ਦੀ ਅਰਜ਼ੀ ਰੱਦ ਕਰਕੇ ਗੌਰਵ ਧੀਰ ਦੀ ਧੀਰ ਕੰਸਟਰਕਸ਼ਨਜ਼ ਨੂੰ ਟਰਾਂਸਫਰ ਕਰ ਦਿੱਤਾ ਗਿਆ ਸੀ।

ਇਸ ਤੋਂ ਇਲਾਵਾ Suntec ਸਿਟੀ ਮਾਮਲੇ 'ਚ ਵੀ ਦੋਸ਼ ਹਨ ਕਿ 'ਪੰਜਾਬ ਰੀਜਨਲ ਐਂਡ ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਐਕਟ' ਦੀ ਧਾਰਾ 90 ਤਹਿਤ ਕਾਰਵਾਈ ਬਣਦੀ ਹੋਣ ਦੇ ਬਾਵਜੂਦ ਧਾਰਾ 85 ਤਹਿਤ ਨਰਮੀ ਦਿਖਾ ਕੇ ਬਿਲਡਰ ਦਾ ਬਚਾਅ ਕੀਤਾ ਗਿਆ ਸੀ। ਇਹ ਵੀ ਦੇਖਿਆ ਗਿਆ ਹੈ ਕਿ ਨੀਤੀ 'ਚ ਇਹ ਉਲਟਫੇਰ 2022 'ਚ ਉਦੋਂ ਕੀਤਾ ਗਿਆ ਸੀ, ਜਦੋਂ 'ਆਪ' ਪੰਜਾਬ ਦੇ ਮੌਜੂਦਾ ਪ੍ਰਧਾਨ ਅਮਨ ਅਰੋੜਾ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸਨ। ਅਨੁਰਾਗ ਵਰਮਾ ਤੋਂ ਪਹਿਲਾਂ, ਆਈ.ਏ.ਐੱਸ. ਅਧਿਕਾਰੀ ਕੰਵਲ ਪ੍ਰੀਤ ਬਰਾੜ ਵੀ ਇਸੇ ਮਾਮਲੇ ਵਿੱਚ ਜਲੰਧਰ ਸਥਿਤ ਈ.ਡੀ. ਦੇ ਜ਼ੋਨਲ ਦਫ਼ਤਰ ਵਿੱਚ 18 ਅਤੇ 27 ਅਗਸਤ ਨੂੰ ਦੋ ਵਾਰ ਪੇਸ਼ ਹੋ ਚੁੱਕੇ ਹਨ ਅਤੇ ਉਨ੍ਹਾਂ ਤੋਂ ਕੇਸ ਨਾਲ ਸਬੰਧਤ ਵਾਧੂ ਦਸਤਾਵੇਜ਼ ਮੰਗੇ ਗਏ ਹਨ।

# ਬੇਅੰਤ ਸਿੰਘ ਕਤਲ ਕਾਂਡ: 31 ਸਾਲਾਂ ਬਾਅਦ ਪੰਜਾਬ ਦੀ ਰਾਜਨੀਤੀ 'ਚ ਫਿਰ ਗਰਮਾਇਆ ਪੰਥਕ ਮੁੱਦਾ: ਰਾਜੋਆਣਾ ਵੱਲੋਂ ਦਿਲਾਵਰ ਸਿੰਘ ਨੂੰ 'ਕੌਮੀ ਸ਼ਹੀਦ' ਵਜੋਂ ਸ਼ਰਧਾਂਜਲੀ

ਚੰਡੀਗੜ੍ਹ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਕਰੀਬ 31 ਸਾਲਾਂ ਬਾਅਦ, ਫਾਂਸੀ ਦੀ ਸਜ਼ਾ ਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਵੱਲੋਂ ਆਪਣੀ ਭੈਣ ਰਾਹੀਂ ਅਖ਼ਬਾਰੀ ਇਸ਼ਤਿਹਾਰ ਦੇ ਕੇ ਆਪਣੇ ਸਾਥੀ ਦਿਲਾਵਰ ਸਿੰਘ ਨੂੰ 'ਕੌਮੀ ਸ਼ਹੀਦ' ਵਜੋਂ ਸ਼ਰਧਾਂਜਲੀ ਦੇਣ ਦੇ ਮਾਮਲੇ ਨੇ ਪੰਜਾਬ ਦੇ ਇਤਿਹਾਸਿਕ ਅਤੇ ਗੰਭੀਰ ਪੰਥਕ ਮੁੱਦਿਆਂ ਨੂੰ ਇੱਕ ਵਾਰ ਫਿਰ ਸਿਆਸੀ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਪਟਿਆਲਾ ਸੈਂਟਰਲ ਜੇਲ੍ਹ ਵਿੱਚ ਬੰਦ ਰਾਜੋਆਣਾ ਨੂੰ 1995 ਦੇ ਬੇਅੰਤ ਸਿੰਘ ਕਤਲ ਕੇਸ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਵਿੱਚ ਪੰਜਾਬ ਪੁਲੀਸ ਦੇ ਸਾਬਕਾ ਕਾਂਸਟੇਬਲ ਦਿਲਾਵਰ ਸਿੰਘ ਨੇ ਮਨੁੱਖੀ ਬੰਬ ਵਜੋਂ ਭੂਮਿਕਾ ਨਿਭਾਈ ਸੀ।

ਰਾਜੋਆਣਾ ਦਾ ਇਹ ਸੁਨੇਹਾ ਅਜਿਹੇ ਸਮੇਂ ਆਇਆ ਹੈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਾਜੋਆਣਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਤੇਜ਼ ਕੀਤੇ ਗਏ ਹਨ ਅਤੇ ਦੋ ਦਿਨ ਪਹਿਲਾਂ ਹੀ ਪੰਜਾਬ ਭਰ ਦੇ ਗੁਰਦੁਆਰਿਆਂ ਵਿੱਚ ਰਿਹਾਈ ਲਈ ਅਰਦਾਸ ਕੀਤੀ ਗਈ ਹੈ। ਇਸ ਦੇ ਨਾਲ ਹੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਵੀ ਸਜ਼ਾ ਵਿੱਚ ਦੇਰੀ ਦੇ ਆਧਾਰ 'ਤੇ ਰਾਜੋਆਣਾ ਦੀ ਰਹਿਮ ਦੀ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤ ਹੋਈ ਹੈ। ਇਹ ਸ਼ਰਧਾਂਜਲੀ ਸਿਰਫ਼ ਇੱਕ ਸਾਲਾਨਾ ਬਿਆਨ ਨਹੀਂ ਹੈ, ਸਗੋਂ ਰਾਜੋਆਣਾ ਦੇ ਉਸ ਪੁਰਾਣੇ



ਸਟੈਂਡ ਦੀ ਪੁਸ਼ਟੀ ਹੈ ਜਿਸ 'ਤੇ ਉਹ ਅੱਜ ਵੀ ਕਾਇਮ ਹੈ। ਇਹ ਬਿਆਨ ਉਸ ਸਮੇਂ ਹੋਰ ਮਹੱਤਵਪੂਰਨ ਹੋ ਜਾਂਦਾ ਹੈ ਜਦੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਇਸੇ ਕੇਸ ਦੇ ਇੱਕ ਹੋਰ ਦੋਸ਼ੀ ਜਗਤਾਰ ਸਿੰਘ ਹਵਾਰਾ ਦੀ ਬਜ਼ੁਰਗ ਅਤੇ ਬੀਮਾਰ ਮਾਤਾ ਦੀ ਹਾਲਤ ਦਾ ਹਵਾਲਾ ਦਿੰਦਿਆਂ 10 ਦਿਨਾਂ ਦੀ ਪੈਰੋਲ ਲਈ ਪਹਿਲਕਦਮੀ ਕੀਤੀ ਹੈ। ਆਮ ਆਦਮੀ ਪਾਰਟੀ ਦੇ ਇਸ ਕਦਮ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖ ਵੋਟਰਾਂ ਤੱਕ ਪਹੁੰਚ ਬਣਾਉਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਾਰ-ਬਾਰ ਮਿਲ ਰਹੀ ਪੈਰੋਲ ਦੇ ਮੁਕਾਬਲੇ ਬੰਦੀ ਸਿੰਘਾਂ ਦੀ ਲੰਮੀ ਹਿਰਾਸਤ ਨੂੰ ਲੈ ਕੇ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਅਸਮਾਨ ਵਿਵਹਾਰ ਦੇ ਲਾਏ ਜਾ ਰਹੇ ਦੋਸ਼ਾਂ ਨੇ ਇਸ ਬਹਿਸ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਇਨ੍ਹਾਂ ਘਟਨਾਕ੍ਰਮਾਂ ਨਾਲ ਰਾਜਨੀਤਿਕ ਧਿਰਾਂ ਲਈ ਸਮੀਕਰਨ ਉਲਝ ਗਏ ਹਨ। ਆਮ ਆਦਮੀ ਪਾਰਟੀ ਵੱਲੋਂ ਹਵਾਰਾ ਦੀ ਪੈਰੋਲ ਦੀ ਹਮਾਇਤ ਕਰਨਾ ਜਿੱਥੇ ਇਨਸਾਨੀਅਤ ਦਾ ਪੱਖ ਦਿਖਾਉਂਦਾ ਹੈ, ਉੱਥੇ ਵਿਰੋਧੀ ਧਿਰਾਂ ਇਸ ਨੂੰ ਚੋਣ ਸਿਆਸਤ ਨਾਲ ਜੋੜ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਲਈ ਆਪਣੇ ਪਰੰਪਰਾਗਤ ਪੰਥਕ ਮੁੱਦਿਆਂ 'ਤੇ ਹੱਕ ਜਤਾਈ ਰੱਖਣਾ ਚੁਣੌਤੀ ਬਣ ਰਿਹਾ ਹੈ, ਜਦੋਂਕਿ ਕਾਂਗਰਸ ਬੇਅੰਤ ਸਿੰਘ ਸਰਕਾਰ ਦੇ ਦੌਰ ਨਾਲ ਜੁੜੀ ਹੋਣ ਕਾਰਨ ਬਚਾਅ ਦੇ ਮੁਦਰਾ 'ਚ ਹੈ ਅਤੇ ਭਾਜਪਾ ਨੂੰ ਕੇਂਦਰ ਸਰਕਾਰ ਕੋਲ ਲਮਕ ਰਹੀਆਂ ਰਹਿਮ ਦੀ ਪਟੀਸ਼ਨਾਂ 'ਤੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਸੈਂਟਰਲ ਗ੍ਰਾਊਂਡ ਵਾਟਰ ਬੋਰਡ ਦਾ ਡਾਟਾ ਇਸ ਗੱਲ ਦਾ ਸਬੂਤ ਹੈ ਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੇ ਦਹਾਕਿਆਂ ਪੁਰਾਣੇ ਭੂ-ਜਲ ਸੰਕਟ ਨੂੰ ਉਲਟਾਉਣਾ ਸ਼ੁਰੂ ਕਰ ਦਿੱਤਾ ਹੈ: ਬਲਤੇਜ ਪੰਨੂ

ਚੰਡੀਗੜ੍ਹ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਸੋਮਵਾਰ ਨੂੰ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਤਾਜ਼ਾ ਮੁਲਾਂਕਣ ਨੇ ਪੰਜਾਬ ਨੂੰ ਆਸ ਦੀ ਇੱਕ ਵੱਡੀ ਕਿਰਨ ਦਿੱਤੀ ਹੈ, ਕਿਉਂਕਿ ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ ਸੂਬੇ ਨੇ ਉਸ ਸੰਕਟ ਨੂੰ ਉਲਟਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸ ਨੂੰ ਪਿਛਲੀਆਂ ਸਰਕਾਰਾਂ ਨੇ ਦਹਾਕਿਆਂ ਤੱਕ ਗੰਭੀਰ ਹੋਣ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸੁਧਾਰ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਨਹਿਰੀ ਪਾਣੀ ਦੀ ਵਰਤੋਂ ਵਧਾਉਣ, ਨਹਿਰੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਧਰਤੀ ਹੇਠਲੇ ਪਾਣੀ 'ਤੇ ਪੰਜਾਬ ਦੀ ਨਿਰਭਰਤਾ ਘਟਾਉਣ ਲਈ ਕੀਤੇ ਗਏ ਨਿਰੰਤਰ ਯਤਨਾਂ ਦਾ ਨਤੀਜਾ ਹੈ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਪ ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ, ਦਹਾਕਿਆਂ ਤੋਂ ਅਸੀਂ ਪੰਜਾਬ ਦੇ ਪਾਣੀ ਬਚਾਉਣ ਦੀ ਲੋੜ ਬਾਰੇ ਸੁਣਦੇ ਆ ਰਹੇ ਹਾਂ। ਅਸੀਂ ਨੇਤਾਵਾਂ ਨੂੰ ਪੰਜਾਬ ਦੇ ਪਾਣੀਆਂ ਦੇ ਰਾਖੇ ਅਖਵਾਉਂਦੇ, ਪ੍ਰਤੀਕਾਤਮਕ ਔਜ਼ਾਰ ਚੁੱਕਦੇ ਅਤੇ ਭਾਵੁਕ ਭਾਸ਼ਣ ਦਿੰਦੇ ਵੇਖਿਆ। ਪਰ ਸਵਾਲ ਸਧਾਰਨ ਹੈ: ਉਨ੍ਹਾਂ ਨੇ ਅਸਲ ਵਿੱਚ ਕੀਤਾ ਕੀ ? ਇਸ ਦਾ ਜਵਾਬ ਹੁਣ ਸਰਕਾਰੀ ਅੰਕੜਿਆਂ ਦੇ ਰੂਪ ਵਿੱਚ ਪੰਜਾਬ ਦੇ ਸਾਹਮਣੇ ਹੈ।

ਬਲਤੇਜ ਪੰਨੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਨਾਅਰਿਆਂ ਦੀ ਬਜਾਏ ਯੋਜਨਾਬੰਦੀ, ਬੁਨਿਆਦੀ ਢਾਂਚੇ ਅਤੇ ਅਮਲ 'ਤੇ ਧਿਆਨ ਕੇਂਦਰਿਤ ਕਰਕੇ ਇੱਕ ਵੱਖਰਾ ਰਸਤਾ ਚੁਣਿਆ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਕਿ ਪੰਜਾਬ ਆਪਣੇ ਨਹਿਰੀ ਪਾਣੀ ਦੇ ਹਿੱਸੇ ਦੀ ਪੂਰੀ ਵਰਤੋਂ ਕਰੇ, ਜਿਸ ਨਾਲ ਧਰਤੀ ਹੇਠਲੇ ਪਾਣੀ 'ਤੇ ਬੋਝ ਘਟਾਇਆ ਜਾ ਸਕੇ।

ਉਨ੍ਹਾਂ ਦੱਸਿਆ ਕਿ ਨਹਿਰੀ ਪਾਣੀ ਦੀ ਵਰਤੋਂ ਹੁਣ ਲਗਭਗ 80% ਤੋਂ 82% ਤੱਕ ਪਹੁੰਚ ਗਈ ਹੈ, ਜੋ ਕਿ 2022 ਵਿੱਚ ਮਹਿਜ਼ 21% ਦੇ ਗੇੜ ਵਿੱਚ ਸੀ। ਉਨ੍ਹਾਂ ਅੱਗੇ ਕਿਹਾ, ਸਰਕਾਰ ਨੇ 14,100 ਖਾਲਾਂ ਨੂੰ ਚਾਲੂ ਕੀਤਾ ਹੈ, 400 ਕਿਲੋਮੀਟਰ ਤੋਂ ਵੱਧ ਬੰਦ ਪਈਆਂ ਨਹਿਰਾਂ ਨੂੰ ਬਹਾਲ ਕੀਤਾ ਹੈ ਅਤੇ 1,000 ਕਿਲੋਮੀਟਰ ਤੋਂ ਵੱਧ ਨਹਿਰਾਂ ਨੂੰ ਪੱਕਾ ਕੀਤਾ ਹੈ। ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਵਿੱਚ ਮਦਦ ਲਈ ਮੁਰੰਮਤ ਕੀਤੇ ਨਹਿਰੀ ਢਾਂਚੇ ਦੇ ਨਾਲ-ਨਾਲ ਰੀਚਾਰਜ ਪੁਆਇੰਟ ਵੀ ਵਿਕਸਤ ਕੀਤੇ ਗਏ ਹਨ।

ਬਲਤੇਜ ਪੰਨੂ ਨੇ ਕਿਹਾ ਕਿ ਇਹਨਾਂ ਉਪਾਵਾਂ ਦਾ ਅਸਰ ਹੁਣ ਧਰਤੀ ਹੇਠਲੇ ਪਾਣੀ ਦੇ ਤਾਜ਼ਾ ਮੁਲਾਂਕਣ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ। ਪੰਜਾਬ ਵਿੱਚ ਭੂ-ਜਲ ਨਿਕਾਸੀ ਦਾ ਪੱਧਰ 2021-22 ਵਿੱਚ 163.80% ਤੋਂ ਘੱਟ ਕੇ 2025 ਵਿੱਚ 156.36% ਅਤੇ 2025-26 ਵਿੱਚ ਅੱਗੇ ਘੱਟ ਕੇ 152.22% ਰਹਿ ਗਿਆ ਹੈ, ਜੋ ਕਿ ਚਾਰ ਸਾਲਾਂ ਵਿੱਚ 11.58% ਪੁਆਇੰਟਾਂ ਦਾ ਸੁਧਾਰ ਦਰਸਾਉਂਦਾ ਹੈ। ਸਾਲਾਨਾ ਭੂ-ਜਲ ਨਿਕਾਸੀ ਵੀ ਲਗਭਗ 28.01 ਅਰਬ ਕਿਊਬਿਕ ਮੀਟਰ ਤੋਂ ਘੱਟ ਕੇ 26.32 ਅਰਬ ਕਿਊਬਿਕ ਮੀਟਰ ਰਹਿ ਗਈ ਹੈ।



ਮਨਜਿੰਦਰ ਸਿੰਘ ਸਰੌਦ
94634-63136



# ਲੱਚਰ ਗਾਇਕੀ ਅੱਗੇ ਸੱਭਿਆਚਾਰ ਮਿਸ਼ਨ ਅਸਫਲ

**ਕੁਝ ਮਹੀਨੇ ਪਹਿਲਾਂ ਪੰਜਾਬੀ ਗਾਇਕੀ 'ਚ ਲੱਚਰਤਾ ਰੋਕਣ ਲਈ ਇਕ ਸੱਭਿਆਚਾਰਕ ਮਿਸ਼ਨ ਬਣਾਇਆ ਗਿਆ ਸੀ। ਇਸ ਮਿਸ਼ਨ ਦੇ ਬਣਨ ਤੋਂ ਬਾਅਦ ਵੀ ਗੀਤਾਂ 'ਚ ਲੱਚਰਤਾ ਜਾਰੀ ਹੈ, ਜੋ ਇਸ ਮਿਸ਼ਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਹੈ...**

ਪਿਛਲੇ ਇਕ ਦਹਾਕੇ ਤੋਂ ਪੰਜਾਬੀ ਗਾਇਕੀ ਦੀ ਗੰਧਲੀ ਹੋਈ ਆਬੋ ਹਵਾ ਨੇ ਸਾਡੇ ਸੱਭਿਆਚਾਰ ਅਤੇ ਵਿਰਸੇ ਦੀ ਕਮਰ ਨੂੰ ਤੋੜ ਕੇ ਰੱਖ ਦਿੱਤਾ ਹੈ। ਚਾਰੇ ਕੁੰਟਾਂ ਵਿਚ ਹਾਲ ਇੱਕੋ ਜਿਹਾ ਨਜ਼ਰ ਆਉਂਦਾ ਹੈ। ਬਹੁਤੇ ਕਲਾਕਾਰਾਂ ਵੱਲੋਂ ਸ਼ੋਹਰਤ ਅਤੇ ਪੈਸੇ ਦੀ ਪਗਡੰਡੀ 'ਤੇ ਤੁਰਦਿਆਂ-ਤੁਰਦਿਆਂ ਮਾਂ ਬੋਲੀ ਦੇ ਵੱਕਾਰ ਨੂੰ ਅੱਖੋਂ ਪਰੋਖੇ ਕਰ ਐਸਾ ਰਸਤਾ ਚੁਣਿਆ ਜੋ ਸਿੱਧਾ ਨੈਤਿਕ ਕਦਰਾਂ ਕੀਮਤਾਂ ਨੂੰ ਕੁਚਲਦਾ ਹੋਇਆ ਅਪਰਾਧ ਅਤੇ ਗ਼ੈਰ-ਜ਼ਿੰਮੇਵਾਰੀ ਵਾਲੇ ਖੇਤਰ ਅੰਦਰ ਜਾ ਦਾਖ਼ਲ ਹੁੰਦਾ ਹੈ। ਹੁਣ ਮਾਂ ਬੋਲੀ ਦਾ ਕਿਸੇ ਨੂੰ ਕੋਈ ਖ਼ਿਆਲ ਨਹੀਂ ਰਿਹਾ ਬਸ ਪੈਸੇ ਤੇ ਸ਼ੋਹਰਤ ਮਿਲਣੀ ਚਾਹੀਦੀ ਹੈ, ਉਹ ਮਿਲ ਵੀ ਰਹੀ ਹੈ। ਅੱਜ ਦੇ ਬਹੁਤੇ ਕਲਾਕਾਰ ਇਹੀ ਫਾਰਮੂਲੇ 'ਤੇ ਫਿੱਟ ਹੁੰਦੇ ਨੇ ਤੇ ਹਿੱਟ ਵੀ ਹੋਏ ਹਨ। ਕਸੂਰ ਜਨਤਾ ਦਾ ਵੀ ਘੱਟ ਨਹੀਂ। ਪੰਜ-ਪੰਜ ਲੱਖ ਲੈਣ ਵਾਲੇ ਗਾਇਕ ਬੇਸ਼ੱਕ ਲੱਚਰਤਾ ਭਰੇ ਗੀਤ ਗਾ ਕੇ ਚੱਲ ਜਾਣ ਸਾਨੂੰ ਕੋਈ ਫ਼ਰਕ ਨਹੀਂ। ਘੱਟ ਪੈਸੇ ਲੈ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਅਸੀਂ ਘਰ ਦਾ ਦਰਵਾਜ਼ਾ ਵੀ ਨਹੀਂ ਟੱਪਣ ਦਿੰਦੇ ਕਿਉਂਕਿ ਉਨ੍ਹਾਂ ਦੇ ਗੀਤ ਸੱਭਿਅਕ ਭਾਸ਼ਾ ਨੂੰ ਪਰਨਾਏ ਹੁੰਦੇ ਹਨ।

## ਸੰਗੀਤ ਬਣਿਆ ਕਾਤਲ

ਮਾੜੇ ਗੀਤਾਂ ਦੇ ਇਕ ਦਹਾਕੇ ਦੇ ਸਫ਼ਰ ਨੇ ਅਥਾਹ ਅਜਿਹੀਆ ਮਾੜੀਆਂ ਅਲਾਮਤਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦੀ ਬਦੌਲਤ ਪੰਜਾਬ ਦੀ ਨੌਜਵਾਨੀ ਨਸ਼ੇ ਅਤੇ ਅਸਲੇ ਦੇ ਕਲਚਰ ਦੀ ਭੇਟ ਚੜ੍ਹ ਅਪਰਾਧਾਂ ਦੇ ਰਾਹ ਤੁਰ ਪਈ ਹੈ। ਅਸੀਂ ਬਹੁਤ ਸਮਾਂ ਪਹਿਲਾਂ ਵੀ ਆਖਿਆ ਸੀ ਕਿ ਜੇ ਇਨ੍ਹਾਂ ਲੱਚਰ ਗੀਤ ਗਾਉਣ ਵਾਲਿਆਂ ਗਾਇਕਾਂ ਨੂੰ ਮੌਕਾ ਰਹਿੰਦਿਆਂ ਉਨ੍ਹਾਂ ਦੇ ਗੀਤਾਂ ਦੀ ਸ਼ਬਦਾਵਲੀ ਬਾਰੇ ਸਵਾਲ ਨਾ ਕੀਤੇ ਗਏ ਤਾਂ ਇਹ ਕੌੜੀ ਵੇਲ ਦੀ ਤਰ੍ਹਾਂ ਵਧਦੇ ਜਾਣਗੇ। ਸ਼ਾਇਦ ਇਹ ਆਵਾਜ਼ ਓਦੋਂ ਕਿਸੇ ਨੇ ਸੁਣੀ ਤਕ ਨਹੀਂ। ਹੁਣ ਜਦੋਂ ਪਾਣੀ ਸਿਰੋਂ ਟੱਪਣ ਲੱਗਿਆ ਤਾਂ ਸਾਰੇ ਹੱਥ ਪੈਰ ਮਾਰਨ ਲੱਗੇ ਹਨ। ਲੱਚਰਤਾ ਭਰੇ ਗੀਤਾਂ ਦੀ ਬਦੌਲਤ ਹੁੰਦੇ ਅਪਰਾਧਾਂ ਤੇ ਝਗੜਿਆਂ ਨੇ ਆਖ਼ਰ ਬਹੁਤੇ ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਨਸ਼ੇ ਤੇ ਅਸਲੇ ਵਾਲੇ ਗੀਤਾਂ ਨੇ ਹਸਦੇ-ਵਸਦੇ ਘਰਾਂ ਦੇ ਚੁੱਲ੍ਹਿਆਂ ਵਿਚ ਘਾਹ ਉੱਗਣ ਲਾ ਦਿੱਤਾ ਹੈ। ਪੰਜਾਬ ਦੀ ਜਵਾਨੀ ਖ਼ੁਦ ਨੂੰ ਇਨ੍ਹਾਂ ਗੀਤਾਂ ਦੇ ਸਾਂਚੇ ਵਿਚ ਢਾਲ ਅਪਰਾਧਿਕ ਬਿਰਤੀ ਵੱਲ ਧੱਕੀ ਚਲੀ ਗਈ। ਗੀਤਾਂ ਤੋਂ ਉਕਸਾਹਟ ਵਿਚ ਆ ਕੇ ਗੱਲ ਨਕਲੀ ਗੋਲੀਆਂ ਤੋਂ ਅਸਲੀ ਤਕ ਜਾ ਪਹੁੰਚੀ ਅਤੇ ਕੀਮਤੀ ਜਾਨਾਂ ਭੰਗ ਦੇ ਭਾਣੇ ਜਾਣ ਲੱਗੀਆਂ। ਮਨੁੱਖੀ ਰੂਹਾਂ ਨੂੰ ਠੰਢੀ ਹਵਾ ਦੇ ਬੁੱਲੇ ਰਾਹੀਂ ਤ੍ਰਿਪਤੀ ਪ੍ਰਦਾਨ ਕਰਨ ਵਾਲਾ ਸੰਗੀਤ ਕਾਤਲ ਹੋ ਨਿਬੜਿਆ।

## ਸਰੋਤੇ ਸਮਝਣ ਜ਼ਿੰਮੇਵਾਰੀ

ਵਧੀਆ ਗਾਇਕੀ ਦੀ ਵਾਰਿਸ ਤੇ ਬੁਲੰਦ ਆਵਾਜ਼ ਦੀ ਮਾਲਕ ਗਾਇਕਾ ਗਗਨਪ੍ਰੀਤ ਬਠਿੰਡਾ ਨੇ ਕਿੰਨਾ ਸੱਚ ਕਿਹਾ ਹੈ ਕਿ ਕਲਾਕਾਰਾਂ ਦੇ ਨਾਲ-ਨਾਲ ਸਾਡੇ ਲੋਕ ਵੀ ਆਪਣੇ ਅੰਦਰ ਝਾਤੀ ਮਾਰਨ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ। ਨਸ਼ੇ ਤੇ ਅਸਲੇ ਵਾਲੇ ਕਲਚਰ ਦੇ ਗੀਤਾਂ ਵਿਚਲਾ ਭੂਤ ਛੇਤੀ ਕਿਤੇ ਪੰਜਾਬੀਆਂ ਦੇ ਗਲੋਂ ਲੱਥਣ ਵਾਲਾ ਨਹੀਂ ਹੈ। ਇਸ ਦੇ ਲਈ ਸਰੋਤਿਆਂ ਨੂੰ ਖ਼ੁਦ ਅੱਗੇ ਆਉਣਾ ਪਵੇਗਾ। ਦੂਸਰਿਆਂ ਤੋਂ ਆਸ ਰੱਖਣੀ ਤਾਂ ਮੂਰਖ਼ਤਾ ਹੀ ਹੋਵੇਗੀ। ਲੱਚਰ ਗਾਇਕੀ ਨੇ ਤਾਂ ਪੰਜਾਬੀਆਂ ਦੇ ਅਕਸ ਨੂੰ ਪੂਰੀ ਦੁਨੀਆ ਵਿਚ ਢਾਅ ਲਾਈ ਹੈ। ਫਿਰ ਵੀ ਜੇ ਸਰਕਾਰ ਚਾਹੁੰਦੀ ਹੈ ਕਿ ਅਸਲਾ, ਨਸ਼ਾ ਤੇ ਲੱਚਰਤਾ ਵਾਲੇ ਸੰਗੀਤ ਨੂੰ ਠੱਲ੍ਹ ਪਏ ਤਾਂ ਮਾਂ ਬੋਲੀ ਦੇ ਚਿੰਤਕਾਂ ਦੀ ਇਕ ਕਮੇਟੀ ਕਾਇਮ ਕਰ ਉਸ ਨੂੰ ਪੂਰਨ ਅਧਿਕਾਰ ਦਿੱਤੇ ਜਾਣ।

ਗੀਤਾਂ ਦੀ ਸਕਰੀਨਿੰਗ ਕਰ ਕੇ ਉਨ੍ਹਾਂ ਨੂੰ ਚੈਨਲ 'ਤੇ ਵਿਖਾਇਆ ਜਾਵੇ। ਯੂ-ਟਿਊਬ ਰਾਹੀਂ ਮਾੜੇ ਗੀਤਾਂ ਦਾ ਪ੍ਰਚਾਰ ਕਰਨ ਵਾਲੇ ਕਲਾਕਾਰਾਂ ਨੂੰ ਉਨ੍ਹਾਂ ਦੇ ਗੀਤਾਂ ਲਈ ਜਵਾਬ ਦੇਹ ਬਣਾਇਆ ਜਾਵੇ। ਚੈਨਲਾਂ 'ਤੇ ਸ਼ਿਕੰਜਾ ਕਸਣ ਦੇ ਨਾਲ-ਨਾਲ ਮਾਰਕੀਟ ਦੇ ਅੰਦਰ ਵੀ ਗੀਤਾਂ ਦੀ ਪੜਤਾਲ ਕੀਤੀ ਜਾਵੇ। ਮਾਂ-ਬੋਲੀ ਦਾ ਨੁਕਸਾਨ ਕਰਦੇ ਫ਼ੁਕਰੇ ਕਲਾਕਾਰਾਂ ਨੂੰ ਰੋਕਣ ਦੀ ਨੀਤੀ ਤਿਆਰ ਕਰਨ ਦੀ ਅੱਜ ਵੱਡੀ ਲੋੜ ਹੈ ਤਾਂ ਕਿ ਪੰਜਾਬ ਦੀ ਨੌਜਵਾਨੀ ਤੇ ਵਿਰਸੇ ਦਾ ਬੇਰਹਿਮੀ ਨਾਲ ਘਾਣ ਕਰ ਰਹੇ ਇਹ ਲੋਕ ਹੋਸ਼ ਵਿਚ ਆਉਣ ਨਹੀਂ ਤਾਂ ਕਮਿਸ਼ਨ, ਮਿਸ਼ਨ ਤੇ ਕਮੇਟੀਆਂ ਬਣਾ ਗੱਲੀਂ-ਬਾਤੀਂ ਕੀਤੇ ਯਤਨ ਕਿਸੇ ਵੀ ਤਰ੍ਹਾਂ ਸਾਡੇ ਤਿਲ-ਤਿਲ ਕਰ ਕੇ ਦਮ ਤੋੜ ਰਹੇ ਸੱਭਿਆਚਾਰ ਨੂੰ ਬਚਾਉਣ ਵਿਚ ਸਹਾਈ ਨਹੀਂ ਹੋਣਗੇ। ਇਸ ਦੇ ਨਾਲ ਹੀ ਸਰੋਤੇ ਵੀ ਆਪਣੀ ਜ਼ਿੰਮੇਵਾਰੀ ਸਮਝਣ ਤੇ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਪਹਿਲ ਦੇਣ। •

### ਸੱਭਿਆਚਾਰ ਮਿਸ਼ਨ ਦਾ ਗਠਨ

**ਲੱਚਰ** ਗਾਇਕੀ ਨੂੰ ਠੱਲ੍ਹ ਪਾਉਣ ਲਈ ਜਦੋਂ ਚਿੰਤਕਾਂ ਨੇ ਸਰਕਾਰ ਨੂੰ ਜਗਾਇਆ ਅਤੇ ਹਾਲਾਤਾਂ ਤੋਂ ਜਾਣੂ ਕਰਵਾਉਣ 'ਤੇ ਕਾਫ਼ੀ ਜੱਦੋ-ਜ਼ਹਿਦ ਤੋਂ ਬਾਅਦ ਸਰਕਾਰ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦੀ ਦੇਖ ਰੇਖ ਹੇਠ 'ਪੰਜਾਬ ਸੱਭਿਆਚਾਰ ਮਿਸ਼ਨ' ਨਾਂ ਦੀ ਇਕ ਸੰਸਥਾ ਦਾ ਗਠਨ ਕੀਤਾ ਗਿਆ। ਚੰਗੇ ਨਾਮੀ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਇਸ ਦੇ ਕਰਤਾ-ਧਰਤਾ ਥਾਪ ਲੱਚਰ, ਅਸਲੇ ਅਤੇ ਨਸ਼ੇ ਨੂੰ ਹੱਲਾਸ਼ੇਰੀ ਦਿੰਦੇ ਗੀਤਾਂ 'ਤੇ ਨਕੇਲ ਕਸਣ ਲਈ ਵਿਚਾਰਾਂ ਕੀਤੀਆਂ ਗਈਆਂ। ਮਾਂ-ਬੋਲੀ ਦੇ ਸ਼ੁਭਚਿੰਤਕਾਂ ਨੂੰ ਆਸ ਵੱਝੀ ਕਿ ਹੋ ਸਕਦਾ ਹੈ ਕਿ ਹੁਣ ਕੁਝ ਭਲੇ ਦੀ ਗੱਲ ਹੋਵੇ। ਪਰ ਕਈਆਂ ਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਇਹ ਮਿਸ਼ਨ ਬੇਲਗਾਮ ਹੋ ਚੁੱਕੀ ਗਾਇਕੀ ਤੇ ਗੀਤਕਾਰੀ ਨੂੰ ਜਾਬਤੇ ਵਿਚ ਕਰਨ ਲਈ ਕਾਰਗਰ ਸਾਬਤ ਨਹੀਂ ਹੋਵੇਗਾ। ਜਿਉਂ-ਜਿਉਂ ਦਿਨ ਤੇ ਮਹੀਨੇ ਬੀਤ ਰਹੇ ਨੇ ਉਸ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਇਹ ਮਿਸ਼ਨ ਵੀ ਸਿਰਫ਼ ਗੱਲਾਂ ਦੀ ਪੈਦਾਇਸ਼ ਹੀ ਹੈ ਕਿਉਂਕਿ ਮਿਸ਼ਨ ਦਾ ਗਠਨ ਹੋਇਆਂ ਕਾਫ਼ੀ ਸਮਾਂ ਬੀਤ ਚੁੱਕਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਜੇ ਤਕ ਮਿਸ਼ਨ ਦੇ ਕਿਸੇ ਅਹੁਦੇਦਾਰ ਵੱਲੋਂ ਮਾੜਾ ਗਾਉਣ ਵਾਲੇ ਕਲਾਕਾਰਾਂ 'ਤੇ ਕਾਰਵਾਈ ਲਈ ਸਿਫ਼ਾਰਿਸ਼ ਤਾਂ ਦੂਰ ਦੀ ਗੱਲ ਕੋਈ ਫੋਕਾ ਬਿਆਨ ਵੀ ਜਾਰੀ ਨਹੀਂ ਕੀਤਾ ਹੈ। ਸੋ ਸਪੱਸ਼ਟ ਹੈ ਕਿ ਹੁਣ ਪੰਜਾਬੀ ਇਸ ਮਿਸ਼ਨ ਤੋਂ ਕੋਈ ਆਸ ਨਾ ਰੱਖਣ ਤਾਂ ਚੰਗਾ ਹੈ। ਪਹਿਲਾਂ ਇਸ ਦੇ ਗਠਨ 'ਤੇ ਵੀ ਕਾਫ਼ੀ ਹੋ-ਹੱਲਾ ਹੋਇਆ ਸੀ ਅਤੇ ਇਸ ਵਿਚ ਸ਼ਾਮਲ ਕਈ ਕਲਾਕਾਰਾਂ ਦੇ ਗੀਤਾਂ 'ਤੇ ਲੋਕਾਂ ਨੇ ਸ਼ਰੇਆਮ ਉਂਗਲੀਆਂ ਚੁੱਕੀਆਂ ਸਨ। ਮਾਰਕੀਟ ਵਿਚ ਹੁਣ ਵੀ ਧੜਾਧੜ ਅਸ਼ਲੀਲ, ਨਸ਼ੇ ਤੇ ਅਸਲੇ ਨੂੰ ਪ੍ਰਚਾਰਦੇ ਗੀਤਾਂ ਦਾ ਬੋਲਬਾਲਾ ਜਿਉਂ ਦਾ ਤਿਉਂ ਬਰਕਰਾਰ ਹੈ। ਕਈ ਫ਼ੁਕਰੇ ਕਲਾਕਾਰ ਅੱਜ ਵੀ ਮੋਢੇ ਬੰਦੂਕ ਪਾਈ ਗੀਤਾਂ ਵਿਚ ਜੀਪਾਂ 'ਤੇ ਖੜ੍ਹ ਪਿੰਡਾਂ ਅੰਦਰ ਬਦਮਾਸ਼ਾਂ ਦੀ ਤਰ੍ਹਾਂ ਵਿਚਰਦੇ ਚਿੱਟੇ ਦਿਨ ਵਿਖਾਈ ਦਿੰਦੇ ਹਨ। ਦੂਜੇ ਪਾਸੇ ਮਿਸ਼ਨ ਦੇ ਆਗੂ ਅਜੇ ਵੀ ਚੁੱਪ ਨੇ।

# ਸਿਨੇਮਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ

ਕਾਲਾ ਸਿੰਘ ਸੈਣੀ

## ਗੁਰਪ੍ਰੀਤ ਕੌਰ ਭੰਗੂ



**ਰੰਗਮੰਚ ਤੋਂ ਆਪਣੀ ਅਦਾਕਾਰੀ ਦਾ ਸਫ਼ਰ ਸ਼ੁਰੂ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਬਾਲੀਵੁੱਡ ਤੇ ਪਾਲੀਵੁੱਡ 'ਚ ਵੀ ਆਪਣੀ ਕਲਾ ਦਾ ਲੋਹਾ ਮੰਨਵਾ ਚੁੱਕੀ ਹੈ...**

ਕਾਫ਼ੀ ਸਮਾਂ ਪੰਜਾਬੀ ਫਿਲਮਾਂ ਵਿਚ ਨਾਇਕ-ਨਾਇਕਾ ਦੇ ਪਿਆਰ ਅਤੇ ਮਾਰਧਾੜ ਵਾਲੀਆਂ ਕਹਾਣੀਆਂ ਵਾਲਾ ਦੌਰ ਦਰਸ਼ਕਾਂ ਤੇ ਭਾਰੂ ਰਿਹਾ। ਨਿਰਮਾਤਾ ਤੇ ਨਿਰਦੇਸ਼ਕ ਮਨਮੋਹਣ ਸਿੰਘ ਵੱਲੋਂ ਫਿਲਮ 'ਜੀ ਆਇਆ ਨੂੰ' ਦੀ ਕਹਾਣੀ ਨੇ ਪੰਜਾਬੀ ਸਿਨੇਮੇ ਦਾ ਮੁਹਾਂਦਰਾ ਹੀ ਬਦਲ ਦਿੱਤਾ। ਹੁਣ ਪੰਜਾਬੀ ਸਿਨੇਮਾ ਆਪਣੇ ਅਮੀਰ ਪੰਜਾਬੀ ਸਾਹਿਤ ਨਾਲ ਜੁੜ ਕੇ ਪਰਿਵਾਰਿਕ ਰਿਸ਼ਤਿਆਂ ਤੇ ਮੋਹ ਦੀਆਂ ਤੰਦਾਂ ਦੀ ਗੱਲ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਸਿਨੇਮਾ ਸਿਰਫ਼ ਤੇ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੁੰਦਾ ਇਸ ਕੋਲ ਯੁੱਗ ਬਦਲਣ ਦੀ ਅਥਾਹ ਸ਼ਕਤੀ ਵੀ ਹੁੰਦੀ ਹੈ। ਅੱਜ ਪੁਰਾਤਨ ਸੱਭਿਆਚਾਰ ਨੂੰ ਰੂਪਮਾਨ ਕਰਦੀਆਂ ਹੋਈਆਂ ਕੁਝ ਪੰਜਾਬੀ ਫਿਲਮਾਂ ਸਾਡੀ ਪਰਿਵਾਰਿਕ ਜ਼ਿੰਦਗੀ ਦੇ ਖ਼ੂਬਸੂਰਤ ਰਿਸ਼ਤਿਆਂ ਦੀ ਬਾਤ ਪਾਉਂਦੀਆਂ ਹਨ। ਅਜਿਹੀਆਂ ਫਿਲਮਾਂ ਦਾ ਬਣਨਾ ਸਾਡੇ ਵਲਮੁੱਲੇ ਸੱਭਿਆਚਾਰ ਨੂੰ ਸਾਂਭਣ ਦਾ ਯਤਨ ਹੈ। ਇਹ ਵਿਚਾਰ ਮਸ਼ਹੂਰ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ ਨੇ ਵਿਸ਼ੇਸ਼ ਮੁਲਾਕਾਤ ਦੌਰਾਨ ਸਾਂਝੇ ਕੀਤੇ।

ਰੰਗਮੰਚ ਤੋਂ ਆਪਣੀ ਅਦਾਕਾਰੀ ਦੀ ਸ਼ੁਰੂਆਤ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਨੇ ਥੀਏਟਰ ਦੇ ਬਾਬਾ ਬੋਹੜ ਗੁਰਸ਼ਰਨ ਭਾਜੀ ਤੋਂ ਕਲਾ ਦੀਆਂ ਬਰੀਕੀਆਂ ਦਾ ਗਿਆਨ ਹਾਸਲ ਕਰ ਕੇ ਅਨੇਕਾਂ ਨਾਟਕਾਂ ਦੇ ਸਫਲ ਸਟੇਜ਼ ਸ਼ੋਅ ਕਰਦੇ ਹੋਏ ਪ੍ਰੱਪਕ ਅਦਾਕਾਰਾ ਵੱਜੋਂ ਆਪਣੀ ਪਛਾਣ ਬਣਾਈ। ਚੇਤਨਾ ਕਲਾ ਮੰਚ ਸ੍ਰੀ ਚਮਕੌਰ ਸਾਹਿਬ ਦੇ ਬੈਨਰ ਹੇਠ ਉਹ ਸਮਾਜਿਕ ਬੁਰਾਈਆਂ ਪ੍ਰਤੀ ਚਿੰਤਤ ਔਰਤਾਂ ਦੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕਰਦੀ ਆ ਰਹੀ ਹੈ। ਪਾਲੀਵੁੱਡ ਦੀ ਫਿਲਮ 'ਏਕਮ' ਨਾਲ ਗੁਰਪ੍ਰੀਤ ਨੇ ਆਪਣੇ ਫਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਭਾਰਤੀ ਰੰਗਮੰਚ ਦੇ ਕਲਾਕਾਰ ਪੰਕਜ ਕਪੂਰ ਦੀ ਹਿੰਦੀ ਫਿਲਮ 'ਮੌਸਮ' ਰਾਹੀਂ ਗੁਰਪ੍ਰੀਤ ਨੇ ਬਾਲੀਵੁੱਡ 'ਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ। ਇਸ ਫਿਲਮ ਵਿਚ ਸੁਪਰਸਟਾਰ ਸ਼ਾਹਿਦ ਕਪੂਰ ਤੇ ਸੋਨਮ ਕਪੂਰ ਦੇ ਨਾਲ ਉਸ ਨੇ ਪੇਂਡੂ ਵਿਰਸੇ 'ਚ ਰੰਗੇ 'ਗੁਸੈਲ ਤਾਈ' ਵਾਲੇ ਕਿਰਦਾਰ ਨੇ ਗੁਰਪ੍ਰੀਤ ਨੂੰ ਹੋਰ ਬੁਲੰਦੀਆਂ 'ਤੇ ਪਹੁੰਚਿਆ।

ਮਾਲਵੇ ਦੇ ਰੇਤਲੇ ਟਿੱਬਿਆਂ ਦੇ ਮਸ਼ਹੂਰ ਪਿੰਡ ਬੁਰਜ ਕਾਨ੍ਹ ਸਿੰਘ ਵਾਲਾ ਵਿਖੇ ਇਕ ਸਧਾਰਨ ਪਰਿਵਾਰ ਦੀ ਜੰਮਪਲ ਗੁਰਪ੍ਰੀਤ ਕੌਰ ਭੰਗੂ ਖ਼ੁਦ ਨੂੰ ਖ਼ੁਸ਼ਕਿਸਮਤ ਸਮਝਦੀ ਹੈ ਕਿ ਕਾਲਜ ਸਮੇਂ ਤੋਂ ਉਸ ਨੂੰ ਐਕਟਿੰਗ ਵਾਲੇ ਪਏ ਸ਼ੌਂਕ ਨੂੰ ਵਿਆਹ ਤੋਂ ਬਾਅਦ ਵੀ ਉਸ ਦੇ ਜੀਵਨ ਸਾਥੀ ਸਵਰਨ ਸਿੰਘ ਭੰਗੂ ਨੇ ਕਦੇ ਫਿੱਕਾ ਨਹੀਂ ਪੈਣ ਦਿੱਤਾ। ਜ਼ਿਕਰਯੋਗ ਹੈ ਕਿ ਸਵਰਨ ਸਿੰਘ ਭੰਗੂ ਅਤੇ ਗੁਰਪ੍ਰੀਤ ਕੌਰ ਭੰਗੂ ਨੇ ਇਕ 'ਆਦਰਸ਼ ਚੈਰੀਟੇਬਲ ਟਰੱਸਟ' ਬਣਾਇਆ ਹੋਇਆ ਹੈ।

ਜਿੱਥੇ ਸਵਰਨ ਸਿੰਘ ਭੰਗੂ ਬਤੌ
ਡਾਇਰੈਕਟਰ ਸੇਵਾ ਨਿਭਾ ਰਿਹਾ
ਮੱਥੇ ਦੀਆਂ ਝੁਰੜੀਆਂ ਅ
ਗੁੱਸੇ ਵਾਲਾ ਚਿਹਰਾ, ਅੰਦ
ਕੋਮਲ ਦਿਲ ਗੁਰਪ੍ਰੀਤ ਅਦਾਕਾ
ਦਾ ਵਿਲੱਖਣ ਮੁਜੱਸਮਾ ਹੈ। ਉ
ਦੇ ਹਰੇਕ ਕਿਰਦਾਰ ਨੂੰ ਦਰਸ਼
ਵੱਲੋਂ ਖ਼ੂਬ ਪਸੰਦ ਕੀਤਾ ਗਿ
ਹੈ। ਗੁਰਪ੍ਰੀਤ ਨੇ ਹੁਣ ਤਕ ਪੰਜਾ
ਫਿਲਮਾਂ 'ਚ ਮਾਂ ਦਾ ਕਿਰਦ
ਜ਼ਿਆਦਾ ਨਿਭਾਇਆ ਹੈ। ਹਿ
ਪੰਜਾਬੀ ਫਿਲਮਾਂ 'ਅਰਦਾਸ
'ਆਸੀਸ' ਅਤੇ 'ਹਰਜੀਤਾ', ਵਿਚ
ਉਸ ਦੇ ਮਾਂ ਵਾਲੇ ਵਿਲੱਖ
ਕਿਰਦਾਰਾਂ ਨੂੰ ਦਰਸ਼ਕਾਂ ਨੇ ਖ਼ੂ
ਪਸੰਦ ਕੀਤਾ। ਅਦਾਕਾਰੀ ਦੇ ਖੇਤ
'ਚ ਵੱਖਰੀ ਪਛਾਣ ਕਾਇਮ ਕਰ
ਵਾਲੀ ਗੁਰਪ੍ਰੀਤ ਨੇ ਹਿੰਦੀ ਫਿਲ
'ਬਿੱਟੂ ਬੌਸ' ਤੋਂ ਇਲਾਵਾ ਪੰਜਾ
ਸਿਨਮੇ ਦੀਆਂ 'ਨਿੱਕਾ ਜ਼ੈਲਦਾਰ-
'ਮਿੱਟੀ', 'ਕੱਚੇ ਧਾਗੇ', 'ਢੋਲ ਰੱਤੀ
'ਜੱਗਾ ਜਿਉਂਦਾ ਹੈ', 'ਸ਼ਰੀਕ
'ਉਡੀਕ', 'ਵਧਾਈਆਂ
ਵਧਾਈਆਂ', 'ਲੌਂਗ ਲਾਚੀ', '
ਗਏ ਓਏ ਲੋਕੋ' ਆਦਿ ਫਿਲ
ਵਿਚ ਕਈ ਅਹਿਮ ਕਿਰਦ
ਨਿਭਾਏ ਹਨ।

ਗੁਰਪ੍ਰੀਤ ਕੌਰ ਭੰਗੂ ਨੇ ਕਿ
ਕਿ ਜਲਦੀ ਹੀ ਰਿਲੀਜ਼ ਹੋਣ
ਰਹੀ ਪੰਜਾਬੀ ਫਿਲਮ 'ਪ੍ਰਾਹੁਣਾ'
ਲੈ ਕੇ ਉਹ ਬੇਹੱਦ ਉਤਸ਼ਾਹਿਤ
ਅਤੇ ਇਹ ਫਿਲਮ ਉਸ ਦੇ ਦਿ
ਦੇ ਕਾਫ਼ੀ ਕਰੀਬ ਹੈ। ਇਹ ਫਿਲ
ਪਰਿਵਾਰਿਕ ਰਿਸ਼ਤਿਆਂ ਦੇ ਮੋ
ਦੀਆਂ ਤੰਦਾਂ ਦੀ ਗੱਲ ਕਰੇਗੀ
ਇਸ ਫਿਲਮ ਤੋਂ ਉਸ ਨੂੰ ਕਾ
ਉਮੀਦਾਂ ਹਨ। ਗੁਰਪ੍ਰੀਤ ਦੀ
ਅਗਲੀਆਂ ਫਿਲਮਾਂ 'ਚ 'ਅ
ਦੀ ਚਿੜੀ', 'ਕਿਸਤਮ', 'ਮੰ
ਬਿਸਤਰੇ-2', 'ਮਜਨੂੰ', ਅ
'ਅਫਸਰ' ਆਦਿ ਸ਼ਾਮਲ ਹਨ।

99882-8036



# ਮੇਰੀ ਪਹਿਲ ਚੰਗੀ ਗਾਇਕੀ

## ਨਿਸ਼ਾ ਖ਼ਾਨ

ਕੁਲਦੀਪ ਸਿੰਘ ਢਿੱਲੋਂ



ਅਜੋਕਾ ਦੌਰ ਮੁਕਾਬਲੇਬਾਜ਼ੀ ਦਾ ਹੈ। ਅੱਜ ਕੱਲ੍ਹ ਹਰ ਖੇਤਰ 'ਚ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਲੱਗੀ ਹੋਈ ਹੈ। ਪੈਸੇ ਦਾ ਯੁੱਗ ਹੋਣ ਕਰ ਕੇ ਹਰ ਕੋਈ ਪੈਸੇ ਦੇ ਜ਼ੋਰ 'ਤੇ ਕਿਸੇ ਨਾ ਕਿਸੇ ਖੇਤਰ 'ਚ ਸਟਾਰ ਬਣਨ ਲਈ ਕਾਹਲਾ ਹੈ। ਪੈਸੇ ਦੇ ਜ਼ੋਰ ਨਾਲ ਬਣੇ ਸਟਾਰ ਜ਼ਿਆਦਾ ਸਮਾਂ ਕਦੇ ਨਹੀਂ ਟਿਕ ਸਕਦੇ ਪਰ ਜੋ ਸਖ਼ਤ ਮਿਹਨਤ ਤੋਂ ਬਾਅਦ ਕਿਸੇ ਖੇਤਰ 'ਚ ਜਾਂਦੇ ਹਨ ਉਹ ਲੰਬਾ ਸਮਾਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਹਨ। ਕਿਸੇ ਸਮੇਂ ਗਾਇਕੀ ਦੇ ਖੇਤਰ ਵਿਚ ਕੁੜੀਆਂ ਦੇ ਆਉਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਸੀ ਪਰ ਅੱਜ ਦੇ ਸਮੇਂ 'ਚ ਕੁੜੀਆਂ ਵੀ ਹਰ ਖੇਤਰ 'ਚ ਮੱਲਾਂ ਮਾਰ ਰਹੀਆਂ ਹਨ। ਬਹੁਤ ਸਾਰੀਆਂ ਗਾਇਕਾਵਾਂ ਨੇ ਸਮੇਂ-ਸਮੇਂ ਤੇ ਇਸ ਖੇਤਰ 'ਚ ਆਪਣੀ ਕਲਾ ਦਾ ਲੋਹਾ ਮੰਨਵਾਇਆ ਹੈ। ਅੱਜ ਅਸੀਂ ਗੱਲ ਕਰਨ ਜਾ ਰਹੇ ਪਿਛਲੇ ਕਾਫ਼ੀ ਸਮੇਂ ਤੋਂ ਗਾਇਕੀ 'ਚ ਸਰਗਰਮ ਗਾਇਕਾ ਨਿਸ਼ਾ ਖ਼ਾਨ ਦੀ। ਉਸ ਦਾ ਜਨਮ ਪੰਜਾਬ ਦੇ ਮਸ਼ਹੂਰ ਪਿੰਡ ਬਾਦਲ 'ਚ ਪਿਤਾ ਅਬਦੁਲ ਗ਼ਫ਼ੂਰ ਤੇ ਮਾਤਾ ਰਸ਼ੀਦਾ ਬੇਗ਼ਮ ਦੇ ਘਰ ਹੋਇਆ।

ਬਚਪਨ ਤੋਂ ਗਾਇਕੀ ਦਾ ਸ਼ੌਕ ਰੱਖਣ ਵਾਲੀ ਨਿਸ਼ਾ ਖ਼ਾਨ ਨੇ ਆਪਣੀ ਮੁਢਲੀ ਸਿੱਖਿਆ ਦਸ਼ਮੇਸ਼ ਅਕੈਡਮੀ ਬਾਦਲ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਆਪਣੇ ਭਰਾ ਸ਼ੀਰਾ ਖ਼ਾਨ ਦੀ ਪ੍ਰੇਰਨਾ ਸਦਕਾ ਨਿਸ਼ਾ ਨੇ ਸਾਲ 2001 'ਚ ਭੇਟਾਂ ਦੀ ਕੈਸਿਟ ਨਾਲ ਇਸ ਖੇਤਰ 'ਚ ਆਪਣਾ ਪਹਿਲਾ ਕਦਮ ਰੱਖਿਆ। ਉਸ ਤੋਂ ਬਾਅਦ 2016 'ਚ ਉਸ ਦੀ 'ਜੋਗਨ' ਕੈਸਿਟ ਆਈ। ਫਿਰ 2017 ਨਿਸ਼ਾ ਦੇ ਗੀਤ 'ਜੱਟ ਲੁੱਟਿਆ ਗਿਆ' ਨੂੰ ਪੀਟੀਸੀ ਵਲੋਂ ਰਿਲੀਜ਼ ਕਰ ਕੇ ਉਸ ਨੂੰ ਪੰਜਾਬੀ ਗਾਇਕੀ 'ਚ ਪੱਕੇ ਪੈਰੀਂ ਕਰ ਦਿੱਤਾ। ਹੁਣ ਨਿਸ਼ਾ ਖ਼ਾਨ ਆਪਣੇ ਨਵੇਂ ਰਿਲੀਜ਼ ਹੋਏ ਗੀਤ 'ਸਾਹਾਂ ਦੀ ਚਰਖੀ' ਨਾਲ ਮੁੜ ਚਰਚਾ 'ਚ ਆ ਗਈ ਹੈ। ਇਸ ਗੀਤ ਨੂੰ ਬੀਕਾ ਲਾਲ ਬਾਈ ਨੇ ਲਿਖਿਆ ਹੈ ਤੇ ਇਸ ਨੂੰ ਵੀ ਪੀਟੀਸੀ ਨੇ ਹੀ ਰਿਲੀਜ਼ ਕੀਤਾ ਹੈ। ਸਾਫ਼ ਸੁਥਰੀ ਗਾਇਕੀ ਗਾਉਣ ਤੇ ਸੁਣਨ 'ਚ ਯਕੀਨ ਰੱਖਣ ਵਾਲੀ ਨਿਸ਼ਾ ਖ਼ਾਨ ਆਪਣੀ ਇਸ ਕਾਮਯਾਬੀ 'ਚ ਆਪਣੇ ਪੂਰੇ ਪਰਿਵਾਰ ਦਾ ਅਹਿਮ ਸਹਿਯੋਗ ਮੰਨਦੀ ਹੈ। •

98559-64276

# ਨਿਰਮਾਤਾ ਤੇ ਫ਼ਨਕਾਰ ਸਾਲਮ

ਗੁਰਬਾਜ ਗਿੱਲ



ਸੰਗੀਤ ਇਕ ਸਮੁੰਦਰ ਦੀ ਤਰ੍ਹਾਂ ਹੈ, ਇਸ ਵਿੱਚੋਂ ਉਹੀ ਇਨਸਾਨ ਪਾਰ ਲੰਘਦਾ ਹੈ ਜਿਹੜਾ ਖ਼ੁਦ ਤੈਰਨਾ ਜਾਣਦਾ ਹੋਵੇ। ਅਜਿਹਾ ਹੀ ਇਕ ਅਲਬੇਲਾ ਤੇ ਸ਼ਾਇਰਾਨਾ ਫ਼ਨਕਾਰ, ਜੋ ਅੱਜ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਮੈਂ ਗੱਲ ਕਰ ਰਿਹਾ ਹਾਂ ਫੋਕ ਟਾਈਮ ਆਡੀਓ ਵਿਜ਼ਨ ਦੇ ਨਿਰਮਾਤਾ ਤੇ ਸ਼ਾਇਰਾਨਾ ਫ਼ਨਕਾਰ ਸਾਲਮ ਖ਼ਾਨ ਦੀ, ਜਿਸ ਨੇ ਅੱਜ ਗਾਇਕੀ ਦੇ ਖੇਤਰ 'ਚ ਵੱਖਰਾ ਮੁਕਾਮ ਹਾਸਲ ਕੀਤਾ ਹੈ। ਦਮਦਾਰ ਤੇ ਦਿਲਕਸ਼ ਆਵਾਜ਼ ਦੇ ਮਾਲਕ ਸਾਲਮ ਖ਼ਾਨ ਦਾ ਜਨਮ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਰੱਤਾ ਖੇੜਾ ਪੰਜਾਬ ਸਿੰਘ ਵਾਲਾ ਵਿਚ ਪਿਤਾ ਰਵਿੰਦਰ ਸਿੰਘ ਦੀਵਾਨਾ ਦੇ ਘਰ ਹੋਇਆ। ਉਸ ਦੇ ਪਿਤਾ ਵੀ ਗਾਇਕ, ਐਕਟਰ ਤੇ ਪੱਤਰਕਾਰ ਹਨ।

ਸਾਲਮ ਖ਼ਾਨ ਨੂੰ ਗਾਇਕੀ ਦੀ ਗੁੜ੍ਹਤੀ ਵਿਰਸੇ 'ਚੋਂ ਮਿਲੀ, ਕਿਉਂਕਿ ਉਸ ਦੇ ਪਿਤਾ ਇਕ ਚੰਗੇ ਗਾਇਕ ਹਨ। ਵੈਸੇ, ਉਸ ਨੇ ਗਾਇਕੀ ਦੀਆਂ ਬਰੀਕੀਆਂ ਉਸਤਾਦ ਜਸਵੰਤ ਭੰਵਰਾ ਕੋਲ ਕਾਫ਼ੀ ਸਮਾਂ ਸਿੱਖੀਆਂ। ਸੰਗੀਤ ਪ੍ਰਤੀ ਸਾਲਮ ਦੀ ਇਹ ਮਿਹਨਤ ਅੱਜ ਉਸ ਲਈ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿਬੜੀ ਹੈ। ਸਾਲਮ ਦੇ ਛੋਟੇ ਭਰਾ ਮੁਖਵਿੰਦਰ ਸਿੰਘ, ਮਾਸਟਰ ਖ਼ਾਨ ਤੇ ਸੁਰਪ੍ਰੀਤ ਸੰਨੀ ਵੀ ਚੰਗੇ ਗਾਇਕ ਹਨ। ਉਨ੍ਹਾਂ ਦੀ ਵੀ ਪੰਜਾਬੀ ਗਾਇਕੀ ਵਿਚ ਆਪਣੀ ਵਿਲੱਖਣ ਪਛਾਣ ਹੈ। ਫੋਕ ਟਾਈਮ ਆਡੀਓ ਵਿਜ਼ਨ ਉਸ ਦੀ ਆਪਣੀ ਮਿਊਜ਼ਿਕ ਕੰਪਨੀ ਹੈ ਜਿਸ ਵਿਚ ਉਹ ਨਵੇਂ ਪੁਰਾਣੇ ਗਾਇਕਾ ਨੂੰ ਰਿਕਾਰਡ ਕਰਦਾ ਹੈ। ਹੁਣ ਤਕ ਉਹ ਗੁਰਲੇਜ਼ ਅਖ਼ਤਰ, ਮੇਸ਼ੀ ਮਾਣਕ, ਮਾਸਟਰ ਖ਼ਾਨ, ਚਮਕੌਰ ਖੱਟੜਾ, ਸਵਰਗੀ ਦਲਜੀਤ ਦਰਦੀ, ਅੰਗਰੇਜ਼ ਸੰਧੂ, ਸਸ਼ੀ ਬਾਲੀ, ਅਮਨ ਗਰੇਵਾਲ, ਜਤਿੰਦਰ ਰੰਧਾਵਾ, ਸੁਮਨ ਭੱਟੀ ਤੇ ਜਗਦੇਵ ਖ਼ਾਨ ਆਦਿ ਗਾਇਕਾ ਨੂੰ ਰਿਕਾਰਡ ਕਰ ਚੁੱਕਾ ਹੈ।

ਪੰਜਾਬ ਦੇ ਸਿਹਤ ਵਿਭਾਗ ਨੇ 'ਪੋਲੀਓ' ਨਾਲ ਸਬੰਧਤ ਸਾਲਮ ਤੋਂ ਇਕ ਗੀਤ ਵੀ ਤਿਆਰ ਕਰਵਾਇਆ, ਜਿਸ ਵਿਚ ਜਸਪਾਲ ਸਿੱਧੂ ਤੇ ਰਾਜਿੰਦਰ ਕੌਰ ਰੂਬੀ ਨੇ ਆਵਾਜ਼ ਦਿੱਤੀ ਹੈ। ਸਾਲਮ ਖ਼ਾਨ ਆਪਣੀ ਬੁਲੰਦ ਆਵਾਜ਼ ਨਾਲ ਹੁਣ ਤਕ ਯੂਕੇ, ਯੂਐੱਸਏ, ਨਿਊਜ਼ੀਲੈਂਡ ਤੇ ਕੈਨੇਡਾ ਆਦਿ ਦੇਸ਼ਾਂ 'ਚ ਸ਼ੋਅ ਕਰ ਚੁੱਕਾ ਹੈ। ਸਾਲਮ ਖ਼ਾਨ ਦੇ ਗਾਏ 'ਧੀ ਤੇਰੀ ਦੁਖੀ ਅੰਮੀਏ', 'ਚਿੱਠੀ ਦਰਦ ਭਰੀ', 'ਜੱਟੀ ਮੇਲੇ 'ਚ ਮੇਲਦੀ ਜਾਂਦੀ' ਅਤੇ 'ਜੱਟ ਨੇ ਪਸੰਦ ਕਰ ਲਈ' ਆਦਿ ਗੀਤ ਬਹੁਤ ਮਕਬੂਲ ਹੋਏ ਹਨ।

'ਕੁੜੀਆ ਤੇਰੇ ਸ਼ਹਿਰ ਦੀਆਂ', 'ਹੂਰ ਪਸੰਦ ਨਾ ਆਵੇ', 'ਸੁਰ ਬੋਲ ਪਏ' ਅਤੇ 'ਗਾਉਂਦਾ ਪੰਜਾਬ' ਆਦਿ ਐਲਬਮਾਂ ਹੁਣ ਤਕ ਉਸ ਦੀਆਂ ਮਾਰਕੀਟ ਵਿਚ ਆ ਚੁੱਕੀਆਂ ਹਨ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਹਾਂ ਪੱਖੀ ਹੁੰਗਾਰਾ ਮਿਲਿਆ। ਸਾਲਮ ਹੁਣ ਆਪਣੇ ਛੋਟੇ ਭਰਾ ਮਾਸਟਰ ਖ਼ਾਨ ਨਾਲ 'ਪਿੱਠ ਕਦੇ ਨਾ ਲੱਗਦੀ, ਜੇ ਧੋਖਾ ਆਪਣੇ ਕਰਦੇ ਨਾ' ਸਿੰਗਲ ਟਰੈਕ ਲੈ ਕੇ ਮੁੜ ਸਰੋਤਿਆਂ ਦੀ ਕਚਹਿਰੀ ਵਿਚ ਹਾਜ਼ਰ ਹੋਣ ਜਾ ਰਿਹਾ ਹੈ।

ਸਾਲਮ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਪੰਜਾਬੀ ਸੱਭਿਆਚਾਰ ਦੇ ਦਾਇਰੇ ਵਿਚ ਰਹਿ ਕੇ ਗਾਵੇਗਾ ਅਤੇ ਪੰਜਾਬੀ ਮਾਂ ਬੋਲੀ ਦਾ ਨਾਂ ਨੂੰ ਹੋਰ ਰੋਸ਼ਨ ਕਰਨ ਲਈ ਯਤਨਸ਼ੀਲ ਰਹੇਗਾ। •

98723-62507

# ਗੀਤਕਾਰੀ 'ਚ ਨਵੀਂ ਦਸਤਕ

ਬਿਕਰਮਜੀਤ ਸਿੰਘ ਵਿੱਕੀ

## ਗੁਰੀ ਨਿਆਲ



ਅੱਜ ਕੱਲ੍ਹ ਗੀਤਕਾਰੀ ਦੇ ਖੇਤਰ ਵਿਚ ਹਰ ਦਿਨ ਕਈ ਨਵੇਂ ਚਿਹਰੇ ਆ ਰਹੇ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਤਾਂ ਗੀਤਕਾਰੀ ਦਾ ਗਿਆਨ ਹੀ ਨਹੀਂ ਹੁੰਦਾ। ਉਹ ਹਵਾ ਦੇ ਬੁੱਲੇ ਵਾਂਗ ਆਉਂਦੇ ਹਨ ਅਤੇ ਚਲੇ ਜਾਂਦੇ ਹਨ। ਦੂਜੇ ਪਾਸੇ ਗੀਤਕਾਰੀ ਦਾ ਗਿਆਨ ਲੈ ਕੇ ਇਸ ਖੇਤਰ ਵਿਚ ਆਉਣ ਵਾਲਿਆਂ ਦੀ ਚੰਗੀ ਕਦਰ ਪੈਂਦੀ ਹੈ। ਅਜਿਹੇ ਵੀ ਕਈ ਗੀਤਕਾਰ ਹਨ, ਜੋ ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਆਪਣੀ ਕਲਮ ਦਾ ਲੋਹਾ ਮਨਵਾਉਂਦੇ ਹਨ। ਅਜਿਹਾ ਹੀ ਇਕ ਗੀਤਕਾਰ ਗੁਰੀ ਨਿਆਲ ਦੀ ਵੀ ਇਸ ਖੇਤਰ ਵਿਚ ਦਸਤਕ ਹੋਈ ਹੈ। ਗੁਰੀ ਨਿਆਲ ਦਾ ਜਨਮ ਜ਼ਿਲ੍ਹਾ ਪਟਿਆਲਾ ਵਿਖੇ ਪਿਤਾ ਬਾਘਾ ਸਿੰਘ ਅਤੇ ਮਾਤਾ ਭੋਲੀ ਰਾਣੀ ਦੇ ਘਰ ਹੋਇਆ। ਗੁਰੀ ਨੂੰ ਗੀਤਕਾਰੀ ਦੀ ਚੇਟਕ ਸਕੂਲ ਪੜ੍ਹਦਿਆਂ ਹੀ ਲੱਗ ਗਈ ਸੀ। ਉਹ ਆਪਣੇ ਲਿਖੇ ਗੀਤ ਅਕਸਰ ਆਪਣੀ ਕਲਾਸ ਅਤੇ ਦੋਸਤਾਂ-ਮਿੱਤਰਾਂ ਵਿਚ ਬੈਠਾਂ ਗੁਣ-ਗਣਾਉਂਦਾ ਰਹਿੰਦਾ ਸੀ।

ਗੁਰੀ ਦਾ ਪਹਿਲਾ ਗੀਤ ਗਾਇਕ ਜੱਗੀ ਨਿਆਲ ਦੀ ਆਵਾਜ਼ ਵਿਚ ਰਿਕਾਰਡ ਹੋਇਆ ਸੀ। ਗੀਤ ਦੇ ਬੋਲ ਸਨ 'ਮਾਪਿਆਂ ਦਾ ਪਿਆਰ' ਅਤੇ ਉਸ ਤੋਂ ਬਾਅਦ ਗਾਇਕ ਪ੍ਰੀਤ ਖੜਿਆਲ ਦੀ ਆਵਾਜ਼ ਵਿਚ 'ਚਿੱਟਾ ਵਰਸਿਜ਼ ਬੁਢਾਪਾ' ਮਾਰਕੀਟ ਵਿਚ ਆਇਆ। ਇਨ੍ਹਾਂ ਗੀਤਾਂ ਨੂੰ ਸਰੋਤਿਆਂ ਵੱਲੋਂ ਖ਼ੂਬ ਪਸੰਦ ਕੀਤਾ ਗਿਆ। ਜਲਦੀ ਹੀ ਗੁਰੀ ਦੀ ਕਲਮ ਵਿੱਚੋਂ ਨਿਕਲੇ ਕਈ ਹੋਰ ਗੀਤ ਵੀ ਸਰੋਤਿਆਂ ਦੇ ਸਨਮੁੱਖ ਪੇਸ਼ ਹੋਣ ਵਾਲੇ ਹਨ। ਇਨ੍ਹਾਂ ਗੀਤਾਂ ਨੂੰ ਪੰਜਾਬ ਦੇ ਵੱਖ-ਵੱਖ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ। •

75082-42992

# ਬਰੂਜ਼ ਦੀ ਗਾਇਕੀ ਵਿਰਾਸਤੀ ਦੇਣ

ਪ੍ਰਦੀਪ ਕੌਰ ਅਡੋਲ



ਘਰ ਵਿਚ ਗਾਇਕੀ ਦਾ ਮਾਹੌਲ ਹੋਵੇ ਤਾਂ ਜ਼ਾਹਿਰ ਹੈ ਕਿ ਘਰ ਦਾ ਕੋਈ ਨਾ ਕੋਈ ਮੈਂਬਰ ਆਪਣੇ ਵੱਡਿਆਂ ਦੀਆਂ ਪੈੜਾਂ 'ਤੇ ਚੱਲਦਾ ਹੀ ਹੈ। ਇਸੇ ਤਰ੍ਹਾਂ ਗਾਇਕ 'ਬਰੂਜ਼' ਨੂੰ ਵੀ ਗਾਇਕੀ ਵਿਰਾਸਤ ਵਿੱਚੋਂ ਮਿਲੀ ਹੈ। ਬਰੂਜ਼ ਅੱਜ ਆਪਣੇ ਪਿਤਾ ਤੋਂ ਵਿਰਾਸਤ ਵਿਚ ਮਿਲੀ ਗਾਇਕੀ ਨੂੰ ਬਾਖ਼ੂਬੀ ਅੱਗੇ ਵਧਾ ਰਿਹਾ ਹੈ। ਕਿਸੇ ਪਲੇਅ ਬੈਕ ਗਾਇਕ ਦਾ ਭੁਲੇਖਾ ਪਾਉਣ ਵਾਲਾ ਗਾਇਕ ਬਰੂਜ਼ ਪੰਜਾਬ ਦੇ ਮਸ਼ਹੂਰ ਗਾਇਕ 'ਸੋਹਣ ਸ਼ੰਕਰ' ਦਾ ਲਾਡਲਾ ਫ਼ਰਜ਼ੰਦ ਹੈ।

ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇਗਾ, ਜਿਸ ਨੇ ਗਾਇਕ ਸੋਹਣ ਸ਼ੰਕਰ ਦਾ ਗਾਇਆ ਗੀਤ 'ਬੱਗੇ-ਬੱਗੇ ਬੈਲ ਰੱਖਣੇ' ਨਾ ਸੁਣਿਆ ਹੋਵੇ। ਬਰੂਜ਼ ਦਾ ਜਨਮ ਪਿੰਡ ਬਗਵਾਈਂ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਇਸ ਵਕਤ ਬਰੂਜ਼ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ ਆਪਣੀ ਪੜ੍ਹਾਈ ਦੇ ਨਾਲ-ਨਾਲ ਸੰਗੀਤ ਦੀਆਂ ਬਰੀਕੀਆਂ ਦਾ ਗਿਆਨ ਵੀ ਹਾਸਲ ਕਰ ਰਿਹਾ ਹੈ। ਬਰੂਜ਼ ਜਿੱਥੇ ਇਕ ਗਾਇਕ ਹੈ ਉਥੇ ਉਹ ਇਕ ਵਧੀਆ ਗਿਟਾਰਿਸਟ ਵੀ ਹੈ।

ਬਰੂਜ਼ ਦਾ ਛੋਟਾ ਭਰਾ ਰਾਜਿਦ ਵੀ ਗਾਇਕੀ ਵਿਚ ਆਪਣੇ ਵੱਡੇ ਭਰਾ ਦਾ ਜਦੋਂ ਸਟੇਜ 'ਤੇ ਇਕੱਠੇ ਗਾਉਂਦੇ ਹਨ ਤਾਂ ਸਰੋਤੇ ਨੂੰ ਕੀਲ ਲੈਂਦੇ ਹਨ। ਇਹ ਦੋਵੇਂ ਭਰਾ ਆਪਣੇ ਪਿਤਾ ਸੋਹਣ ਸ਼ੰਕਰ ਦਾ ਅਖਾੜਿਆਂ ਵਿਚ ਸਾਥ ਦੇਣ ਦੇ ਨਾਲ-ਨਾਲ ਉਨ੍ਹਾਂ ਤੋਂ ਸਟੇਜ ਦੀਆਂ ਹੋਰ ਪਿਤਾ ਗਾਇਕ ਸੋਹਣ ਸ਼ੰਕਰ ਅਨੁਸਾਰ ਗਾਇਕ ਉਹ ਹੁੰਦਾ ਹੈ ਜੋ ਸਰੋਤਿਆਂ ਦੀ ਪਸੰਦ ਨੂੰ ਪਛਾਣ ਕੇ ਗਾਵੇ। ਸੋਹਣ ਸ਼ੰਕਰ ਖ਼ੁਦ ਆਪਣੇ ਬੇਟੇ ਬਰੂਜ਼ ਨੂੰ ਇਕ ਪਰਪੱਕ ਗਾਇਕ ਦੇ ਤੌਰ 'ਤੇ ਸਰੋਤਿਆਂ ਵਿਚ ਪੇਸ਼ ਕਰਨਾ ਚਾਹੁੰਦੇ ਹਨ।

ਜੇ ਬਰੂਜ਼ ਦੇ ਗਾਇਕੀ ਸਫ਼ਰ ਦੀ ਗੱਲ ਕਰੀਏ ਤਾਂ ਉਸ ਦੇ ਗੀਤ ਯੂ-ਟਿਊਬ 'ਤੇ ਰਿਲੀਜ਼ ਹੋ ਚੁੱਕੇ ਹਨ। ਜਿਨ੍ਹਾਂ ਵਿੱਚੋਂ 'ਖਵਾਜ਼ਾ ਮੇਰੇ ਖਵਾਜ਼ਾ' ਗੀਤ ਨੂੰ ਸਰੋਤਿਆਂ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਬਰੂਜ਼ ਵੀ ਆਪਣੇ ਪਿਤਾ ਵਾਂਗ ਸੱਭਿਆਚਾਰ ਦੀ ਸੇਵਾ ਕਰਨੀ ਚਾਹੁੰਦਾ ਹੈ। ਉਸ ਦਾ ਸੁਪਨਾ ਹੈ ਕਿ ਉਹ ਸਾਫ਼ ਸੁਥਰੀ ਗਾਇਕੀ ਨੂੰ ਪੇਸ਼ ਕਰੇ ਤੇ ਪੰਜਾਬੀ ਮਾਂ ਬੋਲੀ ਦਾ ਨਾਂ ਵਿਦੇਸ਼ਾਂ ਵਿਚ ਚਮਕਾਏ।

ਬਰੂਜ਼ ਦਾ ਮੰਨਣਾ ਹੈ ਕਿ ਉਸ ਦੇ ਗਾਇਕੀ ਸਫ਼ਰ ਵਿਚ ਉਸ ਦੇ ਪਰਿਵਾਰ ਤੇ ਦੋਸਤਾਂ-ਮਿੱਤਰਾਂ ਦਾ ਬਹੁਤ ਸਹਿਯੋਗ ਰਿਹਾ ਹੈ, ਜੋ ਹਰ ਸਮੇਂ ਉਸ ਨੂੰ ਅੱਗੇ ਵਧਣ ਲਈ ਹੱਲਾਸ਼ੇਰੀ ਦਿੰਦੇ ਰਹੇ ਹਨ। ਬਰੂਜ਼ ਹੁਣ ਜਲਦੀ ਹੀ ਆਪਣੇ ਨਵੇਂ ਗੀਤਾਂ ਨਾਲ ਇਕ ਵਾਰ ਫਿਰ ਸਰੋਤਿਆਂ ਦੀ ਕਚਹਿਰੀ ਵਿਚ ਹਾਜ਼ਰ ਹੋਣ ਜਾ ਰਿਹਾ ਹੈ। ਉਹ ਆਪਣੇ ਇਹ ਗੀਤ ਵਿਸ਼ਵ ਪੱਧਰ 'ਤੇ ਰਿਲੀਜ਼ ਕਰੇਗਾ। ਬਰੂਜ਼ ਨੇ ਕਿਹਾ ਕਿ ਉਸ ਨੂੰ ਪੂਰੀ ਉਮੀਦ ਹੈ ਕਿ ਪੰਜਾਬੀ ਸਰੋਤੇ ਉਸ ਦੇ ਗੀਤਾਂ ਨੂੰ

# ਅਲਬੇਲਾ ਗੀਤਕਾਰ ਬੰਤ ਰਾਮਪੁਰ ਵਾਲਾ

ਰੁਪਿੰਦਰ ਸਿੰਘ ਭੋਲਾ
(ਯੂਐੱਸਏ)



**ਬੰਤ ਰਾਮਪੁਰ ਵਾਲੇ ਦੇ ਲਿਖੇ ਗੀਤ ਹੁਣ ਤਕ ਪੰਜਾਬ ਦੇ ਕਈ ਮਸ਼ਹੂਰ ਗਾਇਕ ਆਪਣੀ ਆਵਾਜ਼ 'ਚ ਰਿਕਾਰਡ ਕਰਵਾ ਚੁੱਕੇ ਹਨ...**

ਬੰਤ ਰਾਮਪੁਰ ਵਾਲੇ ਦਾ ਨਾਂ ਅੱਜ ਵੀ ਪੰਜਾਬੀ ਸੰਗੀਤ ਇੰਡਸਟਰੀ ਅੰਦਰ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਸ ਦੀਆਂ ਪਾਈਆਂ ਪੈੜਾਂ ਸਦਾ ਸੰਗੀਤ ਜਗਤ ਵਿਚ ਯਾਦ ਰੱਖੀਆਂ ਜਾਣਗੀਆਂ। ਬੰਤ ਨੇ ਜੋ ਵੀ ਲਿਖਿਆ, ਉਸ ਨੂੰ ਸਰੋਤਿਆਂ ਨੇ ਹਮੇਸ਼ਾ ਮਣਾਂ-ਮੂੰਹੀਂ ਪਿਆਰ ਦਿੱਤਾ। ਭਾਵੇਂ ਕਈ ਗੀਤਕਾਰਾਂ ਨੇ ਸਮੇਂ-ਸਮੇਂ ਆਪਣੀ ਕਲਾ ਦਾ ਲੋਹਾ ਮਨਵਾਉਂਦੇ ਹੋਏ ਕੁਝ ਸਮੇਂ ਲਈ ਬੁਲੰਦੀਆਂ ਨੂੰ ਛੂਹਿਆ ਪਰ ਕਈ ਗੀਤਕਾਰ ਅਜਿਹੇ ਵੀ ਹੁੰਦੇ ਨੇ ਜਿਹੜੇ ਲੰਬਾਂ ਸਮਾਂ ਲੋਕ ਮਨਾਂ 'ਤੇ ਰਾਜ ਕਰਦੇ ਹਨ। ਅਜਿਹੇ ਗੀਤਕਾਰਾਂ ਦੀਆਂ ਪ੍ਰਾਪਤੀਆਂ ਹਮੇਸ਼ਾ ਵਿਖਾਈ ਦਿੰਦੀਆਂ ਰਹਿੰਦੀਆਂ ਹਨ। ਸਮੇਂ ਦੀ ਸਿਤਮ-ਜ਼ਰੀਫ਼ੀ ਵੀ ਕਈ ਕਲਾਕਾਰਾਂ ਅਤੇ ਗੀਤਕਾਰਾਂ 'ਤੇ ਭਾਰੀ ਪੈ ਜਾਂਦੀ ਹੈ।

ਬਹੁਤੇ ਕਲਾਕਾਰਾਂ ਤਾਂ ਮਾੜਾ ਗਾ ਅਤੇ ਮਾੜਾ ਲਿਖ ਪੈਸੇ ਅਤੇ ਸ਼ੋਹਰਤ ਸਭ ਕੁਝ ਖੱਟ ਜਾਂਦੇ ਹਨ ਪਰ ਕਈ ਤਾਂ ਵਧੀਆ ਲਿਖਣ ਅਤੇ ਗਾਉਣ ਦੇ ਬਾਵਜੂਦ ਰਾਹਾਂ ਦੀ ਧੂੜ ਫੱਕਣ ਲਈ ਮਜਬੂਰ ਹੋ ਜਾਂਦੇ ਹਨ। ਇਹੀ ਅਲਬੇਲੇ ਗੀਤਕਾਰ ਬੰਤ ਰਾਮਪੁਰ ਵਾਲੇ ਨਾਲ। ਇਕ ਦੌਰ ਅਜਿਹਾ ਵੀ ਸੀ ਜਦੋਂ ਬੰਤ ਦੇ ਲਿਖੇ ਗੀਤ ਪੰਜਾਬ ਦੇ ਤਕਰੀਬਨ ਹਰ ਕਲਾਕਾਰ ਦੀ ਆਵਾਜ਼ ਵਿਚ ਸੁਣਾਈ ਦਿੱਤੇ। ਉਦੋਂ ਜ਼ਿਲ੍ਹਾ ਪਟਿਆਲਾ ਦੇ ਘੁੱਗ ਵਸਦੇ ਪਿੰਡ ਰਾਮਪੁਰ ਦੀਆਂ ਗਲੀਆਂ ਅੰਦਰ ਕਲਾਕਾਰਾਂ ਦੀ ਭੀੜ ਆਮ ਵਿਖਾਈ ਦਿੰਦੀ ਸੀ। ਹਰ ਗਾਇਕ ਦੀ ਇੱਛਾ ਹੁੰਦੀ ਸੀ ਕਿ ਉਹ ਵੀ ਬੰਤ ਦੇ ਲਿਖੇ ਗੀਤ ਗਾਵੇ।

ਪੰਜਾਬੀ ਗਾਇਕੀ ਦੇ ਚੋਟੀ ਦੇ ਸ਼ਾਹ-ਅਸਵਾਰ ਸੁਰਿੰਦਰ ਛਿੰਦੇ ਤੇ ਬੰਤ ਦੇ ਲਿਖੇ ਗੀਤਾਂ ਨੂੰ 'ਜੰਨ ਚੜ੍ਹੀ ਅਮਲੀ ਦੀ' ਕੈਸਿਟ ਵਿਚ ਆਪਣੀ ਆਵਾਜ਼ ਦਿੱਤੀ ਤਾਂ ਬੰਤ ਦੇ ਨਾਂ ਦਾ ਚਾਰੇ ਪਾਸੇ ਡੰਕਾ ਵੱਜਣ ਲੱਗਿਆ। ਇਸ ਕੈਸਿਟ ਵਿਚ ਬੰਤ ਦੇ ਲਿਖੇ ਸਾਰੇ ਗੀਤ ਬਹੁਤ ਮਕਬੂਲ ਹੋਏ। ਇਸ ਮਗਰੋਂ ਤਾਂ ਬੰਤ ਨੇ ਕਦੇ ਪਿੱਛੇ ਮੁੜ ਨਹੀਂ ਵੇਖਿਆ। ਇਕੱਲੇ ਸਵਰਗੀ ਗਾਇਕ ਕੁਲਦੀਪ ਪਾਰਸ ਨੇ ਬੰਤ ਦੇ ਲਿਖੇ 204 ਗੀਤ ਰਿਕਾਰਡ ਕਰਵਾਏ ਹਨ। ਬੰਤ ਦਾ ਲਿਖਿਆ ਗੀਤ 'ਗੱਲ ਮੁੱਕਦੀ ਆ ਕੇ ਦਾਰੂ ਤੇ' ਕਾਫ਼ੀ ਸਮਾਂ ਪੰਜਾਬ 'ਕਾਲਜ ਸੁੰਨਾ ਕਰ ਕੇ', 'ਚਾਰ-ਚਾਰ ਦਾ ਪੱਖਾ' ਉਸ ਵੱਲੋਂ ਰੂਹ ਨਾਲ ਲਿਖੇ ਗੀਤ ਸਨ।

ਜੇ ਬੰਤ ਦੇ ਲਿਖੇ ਗੀਤਾਂ ਨੂੰ ਗਾਉਣ ਵਾਲੇ ਗਾਇਕਾਂ ਦੀ ਗੱਲ ਕਰੀਏ ਤਾਂ ਇਸ 'ਚ ਸੁਰਿੰਦਰ ਛਿੰਦਾ, ਸਰਦੂਲ ਸਿਕੰਦਰ-ਅਮਰ ਨੂਰੀ, ਸਵਰਗੀ ਅਮਰ ਸਿੰਘ ਚਮਕੀਲਾ-ਅਮਰਜੋਤ, ਹਰਭਜਨ ਮਾਨ, ਅਵਤਾਰ ਫ਼ੱਕਰ-ਬਲਜੀਤ ਬੇਦੀ, ਜਸਵੰਤ ਸੰਦੀਲਾ, ਸੁਰਜੀਤ ਖ਼ਾਨ, ਗੁਰਲੇਜ਼ ਅਖ਼ਤਰ, ਯੁਧਵੀਰ ਮਾਣਕ, ਸੁਚੇਤ ਬਾਲਾ, ਸੁਖਵੰਤ ਸੁਖੀ ਆਦਿ ਦੇ ਨਾਂ ਆਉਂਦੇ ਹਨ। ਬੰਤ ਰਾਮਪੁਰ ਵਾਲੇ ਦੀ ਕਲਮ ਵਿੱਚੋਂ ਨਿਕਲੇ ਕਈ ਗੀਤ ਪੰਜਾਬੀ ਫਿਲਮਾਂ ਵਿਚ ਵੀ ਰਿਕਾਰਡ ਹੋਏ ਹਨ। ਇਨ੍ਹਾਂ ਫਿਲਮਾਂ ਵਿਚ 'ਜੱਟ ਦਾ ਗੰਡਾਸਾ', 'ਨੈਣ ਪ੍ਰੀਤੋ ਦੇ', 'ਟਾਕਰੇ ਜੱਟਾਂ ਦੇ' ਆਦਿ ਦੇ ਨਾਂ ਸ਼ਾਮਲ ਹਨ।

ਜਿੱਥੇ ਬੰਤ ਨੇ ਸੋਲੋ ਤੇ ਦੋਗਾਣੇ ਗੀਤ ਲਿਖੇ ਉਥੇ ਉਸ ਨੇ ਕਈ ਧਾਰਮਿਕ ਗੀਤ ਵੀ ਲਿਖੇ ਜੋ ਕਾਫ਼ੀ ਮਕਬੂਲ ਹੋਏ। ਜਿਨ੍ਹਾਂ ਵਿੱਚੋਂ ਸਵਰਗੀ ਗਾਇਕਾ ਅਮਰਜੋਤ ਵੱਲੋਂ ਗਾਇਆ ਧਾਰਮਿਕ ਗੀਤ 'ਲੈ ਲਓ ਚੁੰਨੀਆਂ

ਨੂੰ ਛੂਹ ਗਿਆ ਸੀ। ਫਿਰ ਵੀ ਅਫ਼ਸੋ
ਨਾਲ ਕਹਿਣਾ ਪੈਂਦਾ ਹੈ ਕਿ ਜਿਨ੍ਹਾਂ
ਬੰਤ ਨੇ ਗਾਇਕੀ ਦੇ ਅਸਮਾਨ
ਪਹੁੰਚਾਇਆ ਮਗਰੋਂ ਉਹੀ ਉਸ
ਸਾਥ ਛੱਡ ਗਏ। ਉਨ੍ਹਾਂ ਗਾਇਕਾਂ
ਕਦੇ ਬੰਤ ਨੂੰ ਹਾਲ ਪੁੱਛਣ ਵੀ ਠੀ
ਨਾ ਸਮਝਿਆ। ਇਸ ਤੋਂ ਵੀ ਵੱ
ਦੁਖ ਦੀ ਗੱਲ ਇਹ ਹੈ ਕਿ ਬੰਤ
ਸਿਰੋਂ ਕਈ ਗਾਇਕ ਅੱਜ ਅਮੀ
ਬਣ ਗਏ ਪਰ ਬੰਤ ਅੱਜ ਖ਼ੁਦ ਸਿ
ਦੀ ਛੱਤ ਨੂੰ ਤਰਸ ਰਿਹਾ ਹੈ। ਵਾਹ
ਕਿਸਮਤੇ ! ਤੇਰੇ ਰੰਗ ਨਿਆਰੇ। ਜਿ
ਫ਼ਨਕਾਰ ਨੂੰ ਬੱਚਾ-ਬੱਚਾ ਜਾਣਦਾ ਸ
ਅੱਜ ਸਮੇਂ ਦਾ ਮਾਰਿਆ ਮੰਦਹਾਲੀ
ਸ਼ਿਕਾਰ ਹੋ ਕੇ ਰਹਿ ਗਿਆ ਹੈ। ਸ਼ਾਇ
ਪੰਜਾਬੀ ਗਾਇਕੀ ਦੇ ਇਤਿਹ
ਦਾ ਇਹੀ ਕੌੜਾ ਸੱਚ ਹੈ। ਲੋੜ
ਸਾਡੇ ਸਮਾਜ ਨੂੰ ਅਜਿਹੇ ਅਲਬੇ
ਗੀਤਕਾਰਾਂ ਦੀ ਬਾਂਹ ਫੜਨ
ਤਾਂਕਿ ਵਧੀਆ ਸਾਹਿਤ ਦੇ ਰਚਨਹਾ
ਹੋਰ ਵਧੀਆ ਸਾਹਿਤ ਰਚ ਕੇ ਸਮਾ
ਨੂੰ ਚੰਗੇ ਰਾਹੇ ਪਾਉਣ। ਸਰੋਤੇ
ਵਧੀਆ ਗੀਤ ਲਿਖਣ ਤੇ ਗਾਉ
ਵਾਲੇ ਗਾਇਕਾਂ ਤੇ ਗੀਤਕਾਰਾਂ
ਪਹਿਲ ਦੇਣ। •

## ਸੰਪਾਦਕੀ

### ਪੰਜਾਬ ਦਾ ਆਂਗਣਵਾੜੀ ਸਿਸਟਮ ਬਹੁਤ ਹੀ ਗੰਭੀਰ ਸੰਕਟ ਨਾਲ ਜੂਝ ਰਿਹੈ

ਇਸ ਸਮੇਂ ਪੰਜਾਬ ਦਾ ਆਂਗਣਵਾੜੀ ਸਿਸਟਮ ਇੱਕ ਬਹੁਤ ਹੀ ਗੰਭੀਰ ਸੰਕਟ ਨਾਲ ਜੂਝ ਰਿਹਾ ਹੈ। ਸੂਬੇ ਦੇ 26 ਹਜ਼ਾਰ ਦੇ ਕਰੀਬ ਆਂਗਣਵਾੜੀ ਕੇਂਦਰਾਂ ਵਿੱਚ ਬੀਤੇ ਜੁਲਾਈ ਦੇ ਅੱਧ ਤੋਂ ਹੀ ਬੱਚਿਆਂ ਲਈ ਪਕਾਏ ਹੋਏ ਖਾਣੇ ਅਤੇ ਘਰ ਲਿਜਾਣ ਵਾਲੇ ਰਾਸ਼ਨ ਦੀ ਭਾਰੀ ਘਾਟ ਚੱਲ ਰਹੀ ਹੈ। ਇਸ ਗੰਭੀਰ ਸਥਿਤੀ ਦਾ ਸਭ ਤੋਂ ਵੱਡਾ ਖ਼ਮਿਆਜ਼ਾ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ ਨੂੰ ਭੁਗਤਣਾ ਪੈ ਰਿਹਾ ਹੈ। ਛੋਟੇ ਬੱਚੇ, ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਮਾਵਾਂ ਇਸ ਸਭ ਦਾ ਸਭ ਤੋਂ ਵੱਧ ਨੁਕਸਾਨ ਝੱਲ ਰਹੀਆਂ ਹਨ। ਇਹ ਪੂਰਾ ਸੰਕਟ ਉਸ ਸਮੇਂ ਸ਼ੁਰੂ ਹੋਇਆ ਜਦੋਂ ਮਾਰਕਫੈੱਡ ਨੇ ਸਪਲਾਈ ਕੀਤੇ ਜਾ ਰਹੇ ਭੋਜਨ ਦੀ ਗੁਣਵੱਤਾ ਉੱਤੇ ਉੱਠੇ ਸਵਾਲਾਂ ਤੋਂ ਬਾਅਦ ਤਿਆਰ ਹੋਣ ਵਾਲੇ ਰਾਸ਼ਨ ਦੀ ਸਪਲਾਈ ਬੰਦ ਕਰ ਦਿੱਤੀ। ਸਰਕਾਰ ਨੇ ਇਸ ਸਥਿਤੀ ਤੋਂ ਬਾਅਦ ਤਾਜ਼ਾ ਖਾਣਾ ਤਿਆਰ ਕਰਨ ਅਤੇ ਘਰ ਭੇਜਣ ਵਾਲੇ ਰਾਸ਼ਨ ਲਈ ਬਦਲਵੇਂ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ, ਪਰ ਇਸ ਅਚਾਨਕ ਬਦਲਾਅ ਅਤੇ ਤਿਆਰੀ ਦੀ ਘਾਟ ਕਾਰਨ ਜ਼ਮੀਨੀ ਪੱਧਰ ਉੱਤੇ ਰਾਸ਼ਨ ਦੀ ਸਪਲਾਈ ਵਿੱਚ ਇੱਕ ਵੱਡਾ ਪਾੜਾ ਪੈ ਗਿਆ। ਪੁਰਾਣੇ ਪ੍ਰਬੰਧ ਨੂੰ ਸੁਧਾਰਨ ਜਾਂ ਬਦਲਣ ਵਿੱਚ ਕੋਈ ਹਰਜ਼ ਨਹੀਂ ਹੈ। ਜੇਕਰ ਲੋੜਵੰਦਾਂ ਤੱਕ ਪਹੁੰਚਾਏ ਜਾ ਰਹੇ ਖਾਣੇ ਦੀ ਗੁਣਵੱਤਾ ਉੱਤੇ ਸ਼ੱਕ ਸੀ ਤਾਂ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਤੁਰੰਤ ਕਾਰਵਾਈ ਤਾਂ ਕਰਦੀ, ਪਰ ਕਿਸੇ ਵੀ ਖ਼ਰੀਦ ਪ੍ਰਣਾਲੀ ਵਿੱਚ ਸੁਧਾਰ ਜਾਂ ਤਬਦੀਲੀ ਕਾਰਨ ਖਾਣੇ ਦੀ ਸਪਲਾਈ ਵਿੱਚ ਕੋਈ ਵੀ ਰੁਕਾਵਟ ਨਹੀਂ ਸੀ ਆਉਣੀ ਚਾਹੀਦੀ। ਮਾਰਕਫੈੱਡ ਦਾ ਪਿੱਛੇ ਹਟਣਾ ਕੋਈ ਰਾਤੋ-ਰਾਤ ਜਾਂ ਅਚਾਨਕ ਹੋਈ ਘਟਨਾ ਨਹੀਂ ਸੀ। ਸਰਕਾਰ ਕੋਲ ਬਫ਼ਰ ਸਟਾਕ ਤਿਆਰ ਕਰਨ, ਦੂਜੇ ਸਪਲਾਇਰਾਂ ਦੀ ਭਾਲ ਕਰਨ ਅਤੇ ਇੱਕ ਯੋਜਨਾਬੱਧ ਢੰਗ ਨਾਲ ਬਦਲਾਅ ਕਰਨ ਲਈ ਕਾਫ਼ੀ ਸਮਾਂ ਸੀ। ਇਸ ਲਈ ਜ਼ਮੀਨੀ ਪੱਧਰ ਉੱਤੇ ਸਾਹਮਣੇ ਆਈ ਇਹ ਭਾਰੀ ਘਾਟ ਸਪੱਸ਼ਟ ਯੋਜਨਾਬੰਦੀ ਦੀ ਵੱਡੀ ਅਸਫ਼ਲਤਾ ਵੱਲ ਇਸ਼ਾਰਾ ਕਰਦੀ ਹੈ। ਇਹ ਗੰਭੀਰ ਸਮੱਸਿਆ ਇਸ ਖ਼ਬਰ ਨਾਲ ਹੋਰ ਵੀ ਵਧ ਜਾਂਦੀ ਹੈ ਕਿ ਸੂਬੇ ਦੇ ਕਈ ਬੱਚਿਆਂ ਨੂੰ ਡੇਟਾਬੇਸ ਵਿੱਚ ਨਾਵਾਂ ਦੇ ਦੁਹਰਾਅ ਜਾਂ ਤਕਨੀਕੀ ਖ਼ਰਾਬੀ ਕਾਰਨ ਖਾਣਾ ਨਹੀਂ ਮਿਲ ਰਿਹਾ। ਤਕਨਾਲੋਜੀ ਅਤੇ ਡਿਜੀਟਾਈਜ਼ੇਸ਼ਨ ਦਾ ਅਸਲ ਕੰਮ ਘਪਲਿਆਂ ਨੂੰ ਰੋਕਣਾ ਅਤੇ ਵੰਡ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਉਣਾ ਹੈ, ਪਰ ਇਹ ਤਕਨੀਕ ਕਦੇ ਵੀ ਕਿਸੇ ਹੱਕਦਾਰ ਬੱਚੇ ਅਤੇ ਉਸ ਦੇ ਖਾਣੇ ਵਿਚਕਾਰ ਰੁਕਾਵਟ ਨਹੀਂ ਬਣਨੀ ਚਾਹੀਦੀ।

ਇਸ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਨੂੰ ਤੁਰੰਤ ਜ਼ਿਲ੍ਹਾ-ਵਾਰ ਘਾਟ ਦੇ ਸਾਰੇ ਵੇਰਵੇ, ਪ੍ਰਭਾਵਿਤ ਹੋਏ ਕੁੱਲ ਲਾਭਪਾਤਰੀਆਂ ਦੀ ਗਿਣਤੀ ਅਤੇ ਸਪਲਾਈ ਦੀ ਮੁੜ-ਬਹਾਲੀ ਲਈ ਇੱਕ ਨਿਸ਼ਚਿਤ ਸਮਾਂ-ਸੀਮਾ ਜਨਤਕ ਕਰਨੀ ਚਾਹੀਦੀ ਹੈ। ਸਰਕਾਰ ਨੂੰ ਇਹ ਵੀ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਮਾਰਕਫੈੱਡ ਦੇ ਹਟਣ ਤੋਂ ਬਾਅਦ ਕੋਈ ਅੰਤਰਿਮ ਸਪਲਾਈ ਪ੍ਰਣਾਲੀ ਸਮੇਂ ਸਿਰ ਕਿਉਂ ਨਹੀਂ ਚਾਲੂ ਕੀਤੀ ਗਈ। ਯਾਦ ਰੱਖਣਾ ਚਾਹੀਦਾ ਹੈ ਕਿ ਆਂਗਣਵਾੜੀ ਪ੍ਰਣਾਲੀ ਤਹਿਤ ਦਿੱਤਾ ਜਾਣ ਵਾਲਾ ਪੂਰਕ ਪੋਸ਼ਣ ਕੋਈ ਸਰਕਾਰ ਵੱਲੋਂ ਮਰਜ਼ੀ ਨਾਲ ਦਿੱਤੀ ਜਾਣ ਵਾਲੀ ਸਹੂਲਤ ਨਹੀਂ ਹੈ। ਇਹ ਦੇਸ਼ ਵਿੱਚ ਕੁਪੋਸ਼ਣ ਵਿਰੁੱਧ ਲੜਾਈ ਦਾ ਇੱਕ ਬਹੁਤ ਹੀ ਅਹਿਮ ਹਿੱਸਾ ਹੈ ਅਤੇ ਰਾਸ਼ਟਰੀ ਖ਼ੁਰਾਕ ਸੁਰੱਖਿਆ ਕਾਨੂੰਨ ਤਹਿਤ ਹਰ ਨਾਗਰਿਕ ਦਾ ਕਾਨੂੰਨੀ ਅਧਿਕਾਰ ਹੈ। ਜਦੋਂ ਤੱਕ ਸਰਕਾਰੀ ਦਫ਼ਤਰਾਂ ਦੀਆਂ ਫਾਈਲਾਂ ਇੱਕ ਵਿਭਾਗ ਤੋਂ ਦੂਜੇ ਵਿਭਾਗ ਵਿੱਚ ਚੱਕਰ ਕੱਟਦੀਆਂ ਹਨ, ਉਦੋਂ ਤੱਕ ਮਾਸੂਮ ਬੱਚਿਆਂ ਨੂੰ ਭੁੱਖੇ ਰਹਿਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ।

## ਤਰਨ ਤਾਰਨ 'ਚ 7 ਸਤੰਬਰ ਤੋਂ ਸ਼ੁਰੂ ਹੋਣਗੀਆਂ ਬਲਾਕ ਪੱਧਰੀ ਖੇਡਾਂ : ਡਾ. ਆਦਿੱਤਿਆ ਸ਼ਰਮਾ

ਤਰਨ ਤਾਰਨ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਮੰਤਵ ਨਾਲ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਜ਼ਿਲ੍ਹੇ ਵਿੱਚ 7 ਸਤੰਬਰ ਤੋਂ ਵੱਖ-ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਆਦਿੱਤਿਆ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਦੀ ਅਗਵਾਈ ਹੇਠ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਬਲਾਕ ਪੱਧਰੀ ਖੇਡ ਮੁਕਾਬਲੇ 7 ਸਤੰਬਰ ਤੋਂ 12 ਸਤੰਬਰ ਤੱਕ ਕਰਵਾਏ ਜਾਣਗੇ, ਜਿਨ੍ਹਾਂ ਵਿੱਚ ਐਥਲੈਟਿਕਸ, ਕਬੱਡੀ ਨੈਸ਼ਨਲ ਸਟਾਈਲ, ਕਬੱਡੀ ਸਰਕਲ ਸਟਾਈਲ, ਖੋ-ਖੋ, ਵਾਲੀਬਾਲ ਸਮੈਸ਼ਿੰਗ, ਫੁੱਟਬਾਲ ਅਤੇ ਟੈਨਿਸ ਬਾਲ ਕ੍ਰਿਕਟ ਦੇ ਮੁਕਾਬਲੇ ਹੋਣਗੇ।

ਇਸੇ ਤਰ੍ਹਾਂ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 21 ਤੋਂ 30 ਸਤੰਬਰ ਤੱਕ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦੌਰਾਨ ਐਥਲੈਟਿਕਸ, ਕਬੱਡੀ ਨੈਸ਼ਨਲ ਸਟਾਈਲ, ਕਬੱਡੀ ਸਰਕਲ ਸਟਾਈਲ, ਖੋ-ਖੋ, ਵਾਲੀਬਾਲ ਸਮੈਸ਼ਿੰਗ, ਫੁੱਟਬਾਲ, ਟੈਨਿਸ ਬਾਲ ਕ੍ਰਿਕਟ, ਬੈਡਮਿੰਟਨ ਕਿੱਕ ਬਾਕਸਿੰਗ, ਰੋਲਰ ਸਕੇਟਿੰਗ ਅਤੇ ਸ਼ੂਟਿੰਗ ਆਦਿ ਦੇ ਮੁਕਾਬਲੇ ਹੋਣਗੇ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਖ-ਵੱਖ ਉਮਰ ਵਰਗਾਂ ਦੇ ਖਿਡਾਰੀ ਭਾਗ ਲੈ ਸਕਦੇ ਹਨ, ਜਿਸ ਦੇ ਲਈ ਵਿਭਾਗ ਦੇ ਪੋਰਟਲ https://sports.punjab.gov.in/login 'ਤੇ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਖੇਡਾਂ ਦੌਰਾਨ ਮੌਕੇ 'ਤੇ ਵੀ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਖੇਡ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

ਡਾ. ਆਦਿੱਤਿਆ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ, ਉਨ੍ਹਾਂ ਦਾ ਰੁਝਾਨ ਖੇਡਾਂ ਵੱਲ ਕਰਨ ਅ ਤੇ ਖੇਡਾਂ ਦੇ ਵਿਕਾਸ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਅਤੇ ਖਿਡਾਰੀਆਂ ਨੂੰ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਖੇਡ ਸੰਸਥਾਵਾਂ, ਕੋਚਾਂ ਅਤੇ ਅਧਿਆਪਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਖਿਡਾਰੀਆਂ ਨੂੰ ਰਜਿਸਟ੍ਰੇਸ਼ਨ ਲਈ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਜ਼ਿਲ੍ਹਾ ਤਰਨ ਤਾਰਨ ਦੇ ਖਿਡਾਰੀ ਇਨ੍ਹਾਂ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਜ਼ਿਲ੍ਹੇ ਅਤੇ ਪੰਜਾਬ ਦਾ ਨਾਮ ਹੋਰ ਰੌਸ਼ਨ ਕਰ ਸਕਣ।

## ਕ੍ਰਿਸ਼ੀ ਵਿਗਿਆਨ ਕੇਂਦਰ, ਨਾਗ ਕਲਾਂ-ਜਹਾਂਗੀਰ ਵਿਖੇ ਕਿਸਾਨ ਮੇਲਾ 9 ਸਤੰਬਰ ਨੂੰ : ਡਾ. ਪਰਵਿੰਦਰ ਸਿੰਘ

ਤਰਨਤਾਰਨ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੀ.ਏ.ਯੂ-ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ ਅਤੇ ਬੀਜ ਫਾਰਮ ਉਸਮਾਂ ਦੇ ਇੰਚਾਰਜ ਡਾ. ਪਰਵਿੰਦਰ ਸਿੰਘ ਨੇ ਦੱਸਿਆ ਕਿ ਮਿਤੀ 9 ਸਤੰਬਰ ਦਿਨ ਬੁੱਧਵਾਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਹਾੜ੍ਹੀ ਦੇ ਕਿਸਾਨ ਮੇਲਿਆਂ ਦੀ ਲੜੀ ਤਹਿਤ ਪਹਿਲਾ ਕਿਸਾਨ ਮੇਲਾ ਕ੍ਰਿਸ਼ੀ ਵਿਗਿਆਨ ਕੇਂਦਰ, ਨਾਗ ਕਲਾਂ-ਜਹਾਂਗੀਰ, ਮਜੀਠਾ ਰੋਡ, ਅੰਮ੍ਰਿਤਸਰ ਵਿਖੇ ਲਾਇਆ ਜਾ ਰਿਹਾ ਹੈ। ਇਸ ਮੇਲੇ ਦਾ ਉਦੇਸ਼ ਵਿਗਿਆਨਿਕ ਢੰਗ ਅਪਣਾਉ, ਖੇਤੀ ਆਮਦਨ ਵਧਾਓ ਹੋਵੇਗਾ।

ਉਨ੍ਹਾਂ ਦੱਸਿਆ ਕਿ ਉਪ-ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਇਸ ਮੇਲੇ ਦੀ ਪ੍ਰਧਾਨਗੀ ਕਰਨਗੇ। ਇਸ ਮੇਲੇ ਦੌਰਾਨ ਹਾੜ੍ਹੀ ਰੁੱਤ ਵਿੱਚ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਦੀਆਂ ਸੁਧਰੀਆਂ ਕਿਸਮਾਂ ਦੇ ਬੀਜ, ਫ਼ਲਦਾਰ ਬੂਟੇ ਅਤੇ ਸਬਜ਼ੀਆਂ ਦੇ ਬੀਜਾਂ ਦੀਆਂ ਕਿੱਟਾਂ ਵੀ ਦਿੱਤੀਆਂ ਜਾਣਗੀਆਂ। ਡਾ. ਪਰਵਿੰਦਰ ਸਿੰਘ ਵੱਲੋਂ ਵੱਧ ਤੋਂ ਵੱਧ ਕਿਸਾਨ ਵੀਰਾਂ ਨੂੰ ਕਿਸਾਨ ਮੇਲੇ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਗਈ। ਇਸ ਮੇਲੇ ਵਿੱਚ ਵੱਖ-ਵੱਖ ਵਿਸ਼ਿਆਂ ਜਿਵੇਂ ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ, ਬਾਗਬਾਨੀ, ਖੇਤੀ ਮਸ਼ੀਨਰੀ ਆਦਿ ਵਿੱਚ ਹਿੱਸਾ ਲੈਣਗੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸਾਰੇ ਵਿਭਾਗ ਪ੍ਰਦਰਸ਼ਨੀਆਂ ਲਗਾਉਣਗੇ ਅਤੇ ਕਿਸਾਨਾਂ ਦੀਆਂ ਮੁਸ਼ਕਿਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾਵੇਗਾ।

## ਵਿਧਾਇਕ ਜਿੰਪਾ ਨੇ ਪਿੰਡ ਬੂਥਗੜ੍ਹ ਚ 38 ਲੱਖ ਰੁਪਏ ਦੀ ਲਾਗਤ ਨਾਲ ਬਣੇ ਖੇਡ ਮੈਦਾਨ ਦਾ ਕੀਤਾ ਉਦਘਾਟਨ



ਹੁਸ਼ਿਆਰਪੁਰ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਪਿੰਡ ਬੂਥਗੜ੍ਹ ਵਿੱਚ 38 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਖੇਡ ਮੈਦਾਨ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਨਾਲ ਜੋੜਨ ਲਈ ਲਗਾਤਾਰ ਯਤਨ ਕਰ ਰਹੀ ਹੈ। ਪਿੰਡਾਂ ਵਿੱਚ ਆਧੁਨਿਕ ਖੇਡ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਪਹਿਲੀ ਤਰਜੀਹ ਹੈ, ਤਾਂ ਜੋ ਨੌਜਵਾਨ ਆਪਣੀ ਪ੍ਰਤਿਭਾ ਨੂੰ ਨਿਖਾਰ ਕੇ ਜ਼ਿਲ੍ਹਾ, ਸੂਬਾ ਅਤੇ ਕੌਮੀ ਪੱਧਰ 'ਤੇ ਨਾਮ ਰੌਸ਼ਨ ਕਰ ਸਕਣ।ਵਿਧਾਇਕ ਜਿੰਪਾ ਨੇ ਕਿਹਾ ਕਿ ਖੇਡ ਮੈਦਾਨ ਸਿਰਫ਼ ਖੇਡ ਗਤੀਵਿਧੀਆਂ ਦਾ ਕੇਂਦਰ ਹੀ ਨਹੀਂ, ਸਗੋਂ ਨੌਜਵਾਨਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਦਾ ਸਾਧਨ ਵੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਖੇਡ ਗਤੀਵਿਧੀਆਂ ਵਿੱਚ ਭਾਗ ਲੈਣ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦਾ ਲਾਭ ਪਿੰਡਾਂ ਦੇ ਬੱਚਿਆਂ ਅਤੇ ਨੌਜਵਾਨਾਂ ਤੱਕ ਪਹੁੰਚ ਰਿਹਾ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਨਵੇਂ ਖੇਡ ਮੈਦਾਨ ਦੀ ਵਧਾਈ ਦਿੰਦਿਆਂ ਇਸ ਦੀ ਢੁੱਕਵੀਂ ਸਾਂਭ-ਸੰਭਾਲ ਅਤੇ ਵੱਧ ਤੋਂ ਵੱਧ ਵਰਤੋਂ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਸਰਪੰਚ ਸਤਨਾਮ ਸਿੰਘ ਬੂਥਗੜ੍ਹ, ਸਰਪੰਚ ਸਰਬਜੀਤ ਕੌਰ, ਅਮਨਦੀਪ ਕੌਰ, ਮੁਕੇਸ਼ ਕੁਮਾਰ ਬਲਾਕ ਸੰਮਤੀ ਮੈਂਬਰ, ਬਲਾਕ ਪ੍ਰਧਾਨ ਦਲਜੀਤ ਸਿੰਘ, ਪਵਨ ਸ਼ਰਮਾ, ਸਰਪੰਚ ਕਰਨੈਲ ਸਿੰਘ, ਸਰਪੰਚ ਹਰਪ੍ਰੀਤ ਕੌਰ ਮਹਿਲਾਂਵਾਲੀ ਅਤੇ ਸਰਪੰਚ ਸੁਰਜੀਤ ਪਾਲ ਸਮੇਤ ਹੋਰ ਪਤਵੰਤੇ ਵਿਅਕਤੀ ਮੌਜੂਦ ਸਨ।

## ਵਿਧਾਇਕ ਜਿੰਪਾ ਨੇ ਬਸੀ ਅਲੀ ਖਾਂ ਚ ਕੀਤੀ ਲੋਕ ਮਿਲਣੀ, ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



ਹੁਸ਼ਿਆਰਪੁਰ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਪਿੰਡ ਬਸੀ ਅਲੀ ਖਾਂ ਵਿੱਚ ਲੋਕ ਮਿਲਣੀ ਕਰਕੇ ਇਲਾਕਾ ਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਪਿੰਡ ਵਾਸੀਆਂ ਨੇ ਵਿਧਾਇਕ ਦੇ ਸਾਹਮਣੇ ਵੱਖ-ਵੱਖ ਵਿਕਾਸ ਕਾਰਜਾਂ ਅਤੇ ਸਥਾਨਕ ਪੱਧਰ ਦੀਆਂ ਸਮੱਸਿਆਵਾਂ ਰੱਖੀਆਂ। ਵਿਧਾਇਕ ਜਿੰਪਾ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ ਦੱਸੀਆਂ ਗਈਆਂ ਸਮੱਸਿਆਵਾਂ ਨੂੰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਜਲਦ ਹੱਲ ਕਰਵਾਇਆ ਜਾਵੇਗਾ।

ਵਿਧਾਇਕ ਜਿੰਪਾ ਨੇ ਕਿਹਾ ਕਿ ਲੋਕ ਮਿਲਣੀ ਦਾ ਉਦੇਸ਼ ਲੋਕਾਂ ਨਾਲ ਸਿੱਧਾ ਸੰਵਾਦ ਸਥਾਪਤ ਕਰਨਾ ਅਤੇ ਉਨ੍ਹਾਂ ਦੇ ਸੁਝਾਅ ਤੇ ਸਮੱਸਿਆਵਾਂ ਨੂੰ ਮੌਕੇ 'ਤੇ ਸੁਣਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕ ਹਿੱਤ ਨੂੰ ਪਹਿਲ ਦਿੰਦਿਆਂ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਲੋਕਾਂ ਦੀ ਭਾਗੀਦਾਰੀ ਅਤੇ ਉਨ੍ਹਾਂ ਦੇ ਸੁਝਾਅ ਬਹੁਤ ਮਹੱਤਵਪੂਰਨ ਹਨ।ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਲਾਕੇ ਦੀਆਂ ਲੋੜਾਂ ਅਤੇ ਵਿਕਾਸ ਸਬੰਧੀ ਸੁਝਾਵਾਂ ਤੋਂ ਉਨ੍ਹਾਂ ਨੂੰ ਜਾਣੂ ਕਰਵਾਉਂਦੇ ਰਹਿਣ, ਤਾਂ ਜੋ ਤਰਜੀਹ ਦੇ ਆਧਾਰ 'ਤੇ ਕੰਮ ਕਰਵਾਏ ਜਾ ਸਕਣ। ਵਿਧਾਇਕ ਨੇ ਕਿਹਾ ਕਿ ਜਨਤਾ ਨਾਲ ਸਿੱਧਾ ਸੰਵਾਦ ਲੋਕਤੰਤਰਿਕ ਪ੍ਰਣਾਲੀ ਨੂੰ ਮਜ਼ਬੂਤ ਕਰਦਾ ਹੈ ਅਤੇ ਇਸੇ ਭਾਵਨਾ ਨਾਲ ਉਹ ਆਪਣੇ ਵਿਧਾਨ ਸਭਾ ਹਲਕੇ ਦੇ ਲੋਕਾਂ ਵਿਚਕਾਰ ਪਹੁੰਚ ਕੇ ਉਨ੍ਹਾਂ ਦੀ ਗੱਲ ਸੁਣਦੇ ਹਨ।ਇਸ ਮੌਕੇ ਸਰਪੰਚ ਰੇਸ਼ਮ ਸਿੰਘ, ਲੰਬੜਦਾਰ ਰਾਮ ਸਿੰਘ, ਬਲਜੀਤ ਸਿੰਘ, ਪਰਮਜੀਤ ਕੁਮਾਰ, ਪ੍ਰਦੀਪ ਸਿੰਘ ਪੰਚ, ਸੁਨੀਤਾ ਪੰਚ ਅਤੇ ਸ਼ਮਸ਼ੇਰ ਸਿੰਘ ਸਮੇਤ ਹੋਰ ਪਿੰਡ ਵਾਸੀ ਮੌਜੂਦ ਸਨ।

## ਰਾਤ ਨੂੰ ਡ੍ਰੋਨ ਉਡਾਨ ਸਬੰਧੀ ਅਫਵਾਹ ਤੋਂ ਲੋਕ ਸੁਚੇਤ ਰਹਿਣ

ਬਠਿੰਡਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਤ ਨੂੰ ਡਰੋਨ ਉਡਾ ਕੇ ਸਰਵੇ ਕਰਨ ਦੀਆਂ ਅਫਵਾਹਾਂ ਤੋਂ ਲੋਕ ਸੁਚੇਤ ਰਹਿਣ। ਟਾਊਨ ਪਲਾਨਿੰਗ ਵਿਭਾਗ ਬਠਿੰਡਾ ਵੱਲੋਂ 17 ਅਗਸਤ ਤੋਂ ਡ੍ਰੋਨ ਸਰਵੇਖਣ ਰੋਕ ਦਿੱਤਾ ਗਿਆ ਹੈ।

ਮੌੜ ਖੇਤਰ ਵਿੱਚ ਟਾਊਨ ਪਲਾਨਿੰਗ ਵਿਭਾਗ ਵੱਲੋਂ ਮੌੜ ਦਾ ਮਾਸਟਰ ਪਲਾਨ ਤਿਆਰ ਕਰਨ ਲਈ ਵਰਤੋਂ ਵਿੱਚ ਲਿਆਏ ਜਾ ਰਹੇ ਡ੍ਰੋਨ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਟਾਊਨ ਪਲੈਨਰ ਸ਼੍ਰੀ ਸੰਦੀਪ ਕੁਮਾਰ ਨੇ ਦੱਸਿਆ ਕਿ ਵਿਭਾਗ ਵੱਲੋਂ ਇਸ ਵੇਲੇ ਕਿਸੇ ਵੀ ਡ੍ਰੋਨ ਦੀਆਂ ਸੇਵਾਵਾਂ ਸਰਵੇਖਣ ਲਈ ਨਹੀਂ ਲਈਆਂ ਜਾ ਰਹੀਆਂ। ਉਨ੍ਹਾਂ ਦੱਸਿਆ ਕਿ 17 ਅਗਸਤ 2026 ਦੇ ਘਟਨਾਕ੍ਰਮ ਤੋਂ ਬਆਦ ਕੰਪਨੀ ਵੱਲੋਂ ਬਠਿੰਡਾ ਜ਼ਿਲ੍ਹੇ ਦੇ ਕਦੇ ਵੀ ਕਿਸੇ ਵੀ ਖੇਤਰ ਵਿਚ ਨਾ ਦਿਨ ਸਮੇਂ ਨਾ ਰਾਤ ਸਮੇਂ ਡਰੋਨ ਉਡਾਇਆ ਗਿਆ ਹੈ। ਮਾਸਟਰ ਪਲੈਨ ਦੀ ਤਿਆਰੀ ਹਿੱਤ ਡਰੋਨ ਰਾਹੀਂ ਸਰਵੇ ਨੂੰ ਲੈ ਕੇ ਆ ਰਹੀਆਂ ਚਰਚਾਵਾਂ ਅਤੇ ਦਿੱਕਤਾਂ ਬਾਰੇ ਸਰਕਾਰ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਅਤੇ ਇਸ ਤੇ ਬਦਲਵੇ ਵਿਕਲਪ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਡਰੋਨ ਸਰਵੇ ਬਾਰੇ ਸਰਕਾਰ ਦੇ ਆਦੇਸ਼ਾ ਅਨੁਸਾਰ ਅਤੇ ਲੋਕ ਜਥੇਬੰਦੀਆਂ ਦੇ ਸਹਿਯੋਗ ਨਾਲ ਇਸ ਦਾ ਜਲਦੀ ਹੀ ਹੱਲ ਕੱਢ ਲਿਆ ਜਾਵੇਗਾ। ਆਮ ਜਨਤਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਕਿਸੇ ਵੀ ਅਫਵਾਹ' ਤੇ ਯਕੀਨ ਨਾ ਕਰਨ।

## ਸੀ-ਪਾਈਟ ਕੈਂਪ ਕਾਲਝਰਾਣੀ ਵਿਖੇ ਪੀਐਸਐਸਐਸਬੀ ਦੇ ਲਿਖਤੀ ਪੇਪਰ ਦੀ ਮੁਫ਼ਤ ਤਿਆਰੀ ਸ਼ੁਰ

ਬਠਿੰਡਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਸਰਕਾਰ ਦੇ ਰੋਜ਼ਗਾਰ ਉਤਪੱਤੀ ਅਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ (ਬਾਦਲ-ਬਠਿੰਡਾ ਰੋਡ) ਵੱਲੋਂ ਜ਼ਿਲ੍ਹਾ ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਦੇ ਪੀ.ਐਸ.ਐਸ.ਐਸ.ਬੀ. ਵਿੱਚ ਕਲੈਰੀਕਲ ਜਾਂ ਗਰੁੱਪ-ਡੀ ਦੀਆਂ ਅਸਾਮੀਆਂ ਲਈ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਲਈ ਮੁਫ਼ਤ ਪੂਰਵ-ਸਿਖਲਾਈ ਕੈਂਪ 1 ਸਤੰਬਰ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਪਟਨ ਲਖਵਿੰਦਰ ਸਿੰਘ ਸਿਖਲਾਈ ਅਧਿਕਾਰੀ ਸੀ-ਪਾਈਟ ਕੈਂਪ ਕਾਲਝਰਾਣੀ ਨੇ ਦੱਸਿਆ ਕਿ ਪੀ.ਐਸ.ਐਸ.ਐਸ.ਬੀ. ਵਿੱਚ ਕਲੈਰੀਕਲ ਜਾਂ ਗਰੁੱਪ-ਡੀ ਦੀਆਂ ਅਸਾਮੀਆਂ ਲਈ ਅਪਲਾਈ ਕਰ ਚੁੱਕੇ ਨੌਜਵਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਕੈਂਪ ਵਿਖੇ ਪਹੁੰਚ ਕੇ ਲਿਖਤੀ ਪੇਪਰ ਦੀ ਮੁਫ਼ਤ ਤਿਆਰੀ ਦਾ ਲਾਭ ਲੈਣ। ਇਨ੍ਹਾਂ ਅਸਾਮੀਆਂ ਲਈ 7 ਸਤੰਬਰ ਤੱਕ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਲਿਖਤੀ ਪੇਪਰ ਦੀ ਤਿਆਰੀ ਤਜਰਬੇਕਾਰ ਸਟਾਫ਼ ਵੱਲੋਂ ਕਰਵਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਉਕਤ ਜ਼ਿਲ੍ਹਿਆਂ ਦੇ ਪੂਰਵ-ਸਿਖਲਾਈ ਲੈਣ ਦੇ ਚਾਹਵਾਨ ਨੌਜਵਾਨ 1 ਸਤੰਬਰ ਤੋਂ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9 ਵਜੇ ਨਿੱਜੀ ਤੌਰ 'ਤੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਜ਼ਿਲ੍ਹਾ ਬਠਿੰਡਾ ਵਿਖੇ ਦਸਵੀਂ, ਬਾਰ੍ਹਵੀਂ ਅਤੇ ਉੱਚ ਯੋਗਤਾ ਦੇ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ, ਭਰਤੀ ਲਈ ਆਨਲਾਈਨ ਅਪਲਾਈ ਕੀਤੇ ਫਾਰਮ ਅਤੇ ਐਡਮਿਟ ਕਾਰਡ ਦੀ ਫੋਟੋ ਕਾਪੀ, ਆਧਾਰ ਕਾਰਡ ਦੀ ਫੋਟੋ ਕਾਪੀ, ਜਾਤੀ ਸਰਟੀਫਿਕੇਟ ਅਤੇ ਰਿਹਾਇਸ਼ੀ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ, ਦੋ ਤਾਜ਼ਾ ਪਾਸਪੋਰਟ ਸਾਈਜ਼ ਫੋਟੋਆਂ ਸਮੇਤ ਪਹੁੰਚ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

ਇਸ ਤੋਂ ਇਲਾਵਾ ਸੀ-ਪਾਈਟ ਕੈਂਪ ਵਿਖੇ ਪੰਜਾਬ ਪੁਲਿਸ ਦੇ ਫਿਜ਼ੀਕਲ ਟੈਸਟ ਦੀ ਤਿਆਰੀ ਵੀ ਕਰਵਾਈ ਜਾ ਰਹੀ ਹੈ। ਸਿਖਲਾਈ ਦੌਰਾਨ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨੌਜਵਾਨਾਂ ਨੂੰ ਖਾਣਾ ਅਤੇ ਰਿਹਾਇਸ਼ ਮੁਫ਼ਤ ਪ੍ਰਦਾਨ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਲਈ 94641-52013, 94638-41615 ਅਤੇ 98722-74085 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਨੈਸ਼ਨਲ ਫੂਡ ਸਕਿਓਰਿਟੀ ਐਕਟ ਤਹਿਤ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਕੀਤਾ ਨਿਰੀਖਣ

ਜਲੰਧਰ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਵਲੋਂ ਅੱਜ ਜ਼ਿਲ੍ਹੇ ਦੇ ਅਚਨਚੇਤ ਦੌਰੇ ਦੌਰਾਨ ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ।



ਦੌਰੇ ਦੌਰਾਨ ਉਨ੍ਹਾਂ ਸਰਕਾਰੀ ਪ੍ਰਾਇਮਰੀ ਤੇ ਸਰਕਾਰੀ ਹਾਈ ਸਮਾਰਟ ਸਕੂਲ, ਸੰਸਾਰਪੁਰ, ਸਰਕਾਰੀ ਪ੍ਰਾਇਮਰੀ ਤੇ ਸਰਕਾਰੀ ਮਿਡਲ ਸਕੂਲ ਧੀਣਾ, ਸਰਕਾਰੀ ਪ੍ਰਾਇਮਰੀ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਜਮਸ਼ੇਰ ਖਾਸ (ਕੰਨਿਆ) ਦਾ ਦੌਰਾ ਕੀਤਾ।ਇਸ ਦੌਰਾਨ ਸਰਕਾਰੀ ਸਕੂਲਾਂ ਵਿੱਚ ਮਿਡ-ਡੇ ਮੀਲ ਤਹਿਤ ਵਿਦਿਆਰਥੀਆਂ ਨੂੰ ਪਰੋਸੇ ਜਾ ਰਹੇ ਖਾਣੇ ਦੀ ਚੈਕਿੰਗ ਕੀਤੀ ਗਈ ਅਤੇ ਮੌਕੇ 'ਤੇ ਸਟਾਫ਼ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਦਿੱਤੇ ਜਾ ਰਹੇ ਖਾਣੇ ਦੀ ਗੁਣਵੱਤਾ ਹਰ ਹਾਲ ਵਿੱਚ ਯਕੀਨੀ ਬਣਾਈ ਜਾਵੇ।

ਉਪਰੰਤ ਸ਼੍ਰੀ ਧਾਲੀਵਾਲ ਵੱਲੋਂ ਜਮਸ਼ੇਰ ਖਾਸ ਦੇ ਦੋ ਆਂਗਣਵਾੜੀ ਕੇਂਦਰਾਂ ਦੀ ਚੈਕਿੰਗ ਕੀਤੀ ਗਈ ਅਤੇ ਕੇਂਦਰਾਂ ਨੂੰ ਮਿਲ ਰਹੀ ਰਾਸ਼ਨ ਸਪਲਾਈ ਦਾ ਜਾਇਜ਼ਾ ਲਿਆ।

ਇਸ ਤੋਂ ਬਾਅਦ ਮੈਂਬਰ ਫੂਡ ਕਮਿਸ਼ਨ ਵੱਲੋਂ ਰਾਸ਼ਨ ਡਿਪੂਆਂ ਦੀ ਚੈਕਿੰਗ ਕੀਤੀ ਗਈ। ਖੁਰਲਾ ਕਿੰਗਰਾ ਵਿਖੇ ਰਾਸ਼ਨ ਡਿਪੂਆਂ ਦੇ ਨਿਰੀਖਣ ਦੌਰਾਨ ਉਨ੍ਹਾਂ ਲਾਭਪਾਤਰੀਆਂ ਨੂੰ ਜਲਦ ਤੋਂ ਜਲਦ ਕਣਕ ਦੀ ਵੰਡ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

ਸ਼੍ਰੀ ਧਾਲੀਵਾਲ ਨੇ ਕਮਿਸ਼ਨ ਦੇ ਹੈਲਪਲਾਈਨ 9876764545 ਨੰਬਰ ਅਤੇ ਈਮੇਲ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਧੀਨ ਚੱਲ ਰਹੀਆਂ ਸਕੀਮਾਂ ਸਬੰਧੀ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਰ (ਵਿਕਾਸ) ਕੋਲ ਦਰਜ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

## ਪੁਲੀਸ 'ਤੇ ਢਿੱਲੀ ਕਾਰਗੁਜ਼ਾਰੀ ਦੇ ਦੋਸ਼



ਡੇਹਲੋਂ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਮਹੂਰੀ ਕਿਸਾਨ ਸਭਾ ਪੰਜਾਬ ਦੇ ਵਫ਼ਦ ਨੇ ਪਿਛਲੇ ਦਿਨੀਂ ਪਿੰਡ ਲਹਿਰਾ ਕੋਲ ਨੌਜਵਾਨ ਹਰਮਨਦੀਪ ਸਿੰਘ ਵਾਸੀ ਪਿੰਡ ਘੁੰਗਰਾਣਾ ਦੀ ਹੋਈ ਮੌਤ ਲਈ ਜ਼ਿੰਮੇਵਾਰ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਨਾ ਹੋਣ ਦੇ ਰੋਸ ਵਜੋਂ ਥਾਣਾ ਡੇਹਲੋਂ ਵਿੱਚ ਕੇਸ ਦੇ ਇੰਚਾਰਜ ਏ ਐੱਸ ਆਈ ਨਵੀਨ ਕੁਮਾਰ ਨਾਲ ਮੁਲਾਕਾਤ ਕੀਤੀ। ਵਫ਼ਦ ਨੇ ਮੰਗ ਕੀਤੀ ਕਿ ਪਰਚੇ ਵਿੱਚ ਨਾਮਜ਼ਦ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿੱਤਾ ਜਾਵੇ।

ਹਰਮਨਦੀਪ ਸਿੰਘ ਦੇ ਪਿਤਾ ਹਾਕਮ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਦੀ ਮੌਤ ਲਈ ਜ਼ਿੰਮੇਵਾਰ ਮੁਲਜ਼ਮ ਆਸੂ ਸਿੰਘ ਅਤੇ ਸਾਜਨ ਸਿੰਘ ਵਾਸੀ ਪਿੰਡ ਘੁੰਗਰਾਣਾ ਖ਼ਿਲਾਫ਼ ਕੇਸ ਦਰਜ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਅਤੇ ਗੁਰਉਪਦੇਸ਼ ਸਿੰਘ ਘੁੰਗਰਾਣਾ ਨੇ ਆਖਿਆ ਕਿ ਨੌਜਵਾਨ ਦੀ ਮੌਤ ਨੂੰ ਇੱਕ ਮਹੀਨਾ ਹੋ ਗਿਆ ਹੈ ਪਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਇਥੋਂ ਤੱਕ ਮੁਲਜ਼ਮਾਂ ਨੇ ਹਰਮਨਦੀਪ ਸਿੰਘ ਦੇ ਬੈਂਕ ਖਾਤੇ ਦੀ ਦੁਰਵਰਤੋਂ ਵੀ ਕੀਤੀ ਹੈ, ਜੋ ਬੈਂਕ ਰਿਕਾਰਡ ਵਿੱਚ ਦਰਜ ਹੈ ਪਰ ਪੁਲੀਸ ਨੇ ਇਸ ਦੀ ਛਾਣਬੀਣ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਪੁਲੀਸ ਨੇ ਜਲਦੀ ਕੋਈ ਕਾਰਵਾਈ ਨਾ ਕੀਤੀ ਤਾਂ ਜਥੇਬੰਦੀ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ।ਇੰਚਾਰਜ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਅਜੇ ਫ਼ਰਾਰ ਹਨ ਅਤੇ ਉਨ੍ਹਾਂ ਦੇ ਮੋਬਾਈਲ ਫੋਨ ਵੀ ਬੰਦ ਹਨ। ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਸ ਮੌਕੇ ਰਾਜਵੀਰ ਸਿੰਘ ਕਿਲ੍ਹਾ ਰਾਏਪੁਰ, ਦਫ਼ਤਰ ਸਕੱਤਰ ਨਛੱਤਰ ਸਿੰਘ, ਕਰਮਨਦੀਪ ਸਿੰਘ, ਪੰਚ ਸੁਖਜਿੰਦਰ ਸਿੰਘ, ਬੇਅੰਤ ਸਿੰਘ, ਜਗਤਾਰ ਸਿੰਘ, ਜੰਗ ਬਹਾਦਰ ਸਿੰਘ, ਬਲਰਾਜ ਸਿੰਘ, ਅਮਰਜੀਤ ਸਿੰਘ ਅਤੇ ਭਿੰਦਰਜੀਤ ਸਿੰਘ ਹਾਜ਼ਰ ਸਨ।

## ਐੱਮ ਬੀ ਬੀ ਐੱਸ ਦਾਖ਼ਲੇ ਲਈ ਸਕਿਊਰਿਟੀ ਸ਼ਰਤ ਦਾ ਵਿਰੋਧ





ਜਗਰਾਉਂ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਹੁਜਨ ਸਮਾਜ ਪਾਰਟੀ ਨੇ ਐੱਮ ਬੀ ਬੀ ਐੱਸ ਦਾਖ਼ਲੇ ਲਈ ਵੀਹ-ਵੀਹ ਲੱਖ ਰੁਪਏ ਦੀ ਸਕਿਉਰਿਟੀ ਵਾਲੀ ਰੱਖੀ ਸ਼ਰਤ ਦਾ ਵਿਰੋਧ ਕਰਦਿਆਂ ਪੰਜਾਬ ਸਰਕਾਰ ਤੋਂ ਇਹ ਸ਼ਰਤ ਤੁਰੰਤ ਹਟਾਉਣ ਦੀ ਮੰਗ ਕੀਤੀ ਹੈ। ਵਿਧਾਨ ਸਭਾ ਹਲਕਾ ਜਗਰਾਉਂ ਦੇ ਬਸਪਾ ਪ੍ਰਧਾਨ ਐਡਵੋਕੇਟ ਰਛਪਾਲ ਸਿੰਘ ਗਾਲਿਬ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਡਾਕਟਰ ਬਣਨ ਲਈ ਐੱਮ ਬੀ ਬੀ ਐੱਸ ਵਿੱਚ ਦਾਖ਼ਲਾ ਲੈਣ ਵਾਲੇ ਬੱਚਿਆਂ ਤੋਂ ਵੀਹ-ਵੀਹ ਲੱਖ ਰੁਪਏ ਦੀ ਅਚੱਲ ਸਕਿਉਰਟੀ ਦੀ ਮੰਗ ਕਰੀ ਰਹੀ ਹੈ, ਜੋ ਗਰੀਬ ਵਿਦਿਆਰਥੀਆਂ ਲਈ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਨੂੰਵਾਦੀ ਤਾਕਤਾਂ ਦੇ ਏਜੰਡੇ ਤਹਿਤ ਕੰਮ ਕਰਦੀ ਹੈ, ਜਿਸ ਨੂੰ ਬਸਪਾ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।

ਉਨ੍ਹਾਂ ?ਕਿਹਾ ਕਿ ਗਰੀਬਾਂ ਕੋਲ ਵੀਹ-ਵੀਹ ਲੱਖ ਰੁਪਏ ਦੀ ਜਾਇਦਾਦ ਤਾਂ ਘਰ ਵੇਚ ਕੇ ਵੀ ਨਹੀਂ ਬਣਨੀ ਕਿਉਂਕਿ ਬੱਚੇ ਨੀਟ ਪ੍ਰੀਖਿਆ ਪਾਸ ਕਰ ਕੇ ਆਏ ਹਨ ਫਿਰ ਵੀ ਉਨ੍ਹਾਂ ਤੋਂ ਸਕਿਉਰਟੀ ਵਾਲੀ ਸ਼ਰਤ ਰੱਖਣੀ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੈ। ਐਡਵੋਕੇਟ ਗਾਲਿਬ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ ਹਰੇਕ ਉਸ ਬੱਚੇ ਨੂੰ ਤੁਰੰਤ ਮੈਡੀਕਲ ਕਾਲਜਾਂ ਵਿੱਚ ਦਾਖ਼ਲਾ ਦੇਣ, ਜਿਹੜੇ ਨੀਟ ਪ੍ਰੀਖਿਆ ਵਿੱਚੋਂ ਚੁਣੇ ਜਾ ਚੁੱਕੇ ਹਨ ਤੇ ਵੀਹ ਲੱਖ ਰੁਪਏ ਦੀ ਸਕਿਉਰਟੀ ਵਾਲੀ ਸ਼ਰਤ ਤੁਰੰਤ ਹਟਾਈ ਜਾਵੇ, ਨਹੀਂ ਬਸਪਾ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ। ਇਸ ਮੌਕੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਪਰਗਣ ਸਿੰਘ ਬਿਲਗਾ, ਹਲਕਾ ਇੰਚਾਰਜ ਬਿੱਕਰ ਸਿੰਘ, ਪ੍ਰੇਮ ਸਿੰਘ, ਲਖਵੀਰ ਸਿੰਘ, ਲਛਮਣ ਸਿੰਘ, ਡਾ. ਜਗਜੀਤ ਸਿੰਘ ਨੋਨਾ, ਹਰਜੀਤ ਸਿੰਘ ਬੱਬੂ, ਗੁਰਦੀਪ ਸਿੰਘ, ਹਰਜਿੰਦਰ ਸਿੰਘ ਰਾਜੂ ਅਤੇ ਗੁਰਸੇਵਕ ਸਿੰਘ ਹਾਜ਼ਰ ਸਨ।

## ਸੜਕ ਦਾ ਕੰਮ ਮੁੜ ਅੱਧਵਾਟੇ ਬੰਦ



ਮਾਛੀਵਾੜਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਚਰਨ ਕੰਵਲ ਚੌਕ ਤੋਂ ਲੈ ਕੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਤੱਕ ਜਾਂਦੀ ਪ੍ਰਮੁੱਖ ਸੜਕ ਦਾ ਕੰਮ ਵਾਰ-ਵਾਰ ਅੱਧਵਾਟੇ ਬੰਦ ਹੋਣ ਨਾਲ ਲੋਕ ਨਿਰਮਾਣ ਵਿਭਾਗ ਦੀ ਮਾੜੀ ਕਾਰਗੁਜ਼ਾਰੀ ਨੂੰ ਕੋਸ ਰਹੇ ਹਨ।
ਲੋਕ ਨਿਰਮਾਣ ਵਿਭਾਗ ਵਲੋਂ 1 ਕਰੋੜ 20 ਲੱਖ ਰੁਪਏ ਦੀ ਲਾਗਤ ਨਾਲ ਗੁਰੂ ਘਰ ਨੂੰ ਜਾਂਦੀ ਸੜਕ 'ਤੇ ਇੰਟਰਲਾਕ ਟਾਈਲ ਲਾਉਣ ਦਾ ਕੰਮ ਸ਼ੁਰੂ ਕਰਵਾਇਆ ਸੀ।

ਫਰਵਰੀ, 2026 ਵਿਚ ਸਬੰਧਿਤ ਠੇਕੇਦਾਰ ਵਲੋਂ ਇਸ ਸੜਕ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਜੋ ਕਿ 30 ਅਕਤੂਬਰ ਤੱਕ ਮੁਕੰਮਲ ਕੀਤਾ ਜਾਣਾ ਸੀ ਪਰ ਅਜੇ ਤੱਕ ਸੜਕ ਦਾ 40 ਫੀਸਦੀ ਕੰਮ ਵੀ ਮੁਕੰਮਲ ਨਹੀਂ ਹੋਇਆ। ਪਿਛਲੇ ਕਈ ਦਿਨਾਂ ਤੋਂ ਸੜਕ ਦਾ ਕੰਮ ਬੰਦ ਪਿਆ ਹੈ। ਗੁਰਦੁਆਰੇ ਦੇ ਦਰਸ਼ਨਾਂ ਲਈ ਆਉਂਦੀ ਸੰਗਤ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚਰਨ ਕੰਵਲ ਸਾਹਿਬ ਚੌਕ ਦੇ ਦੁਕਾਨਦਾਰ ਸਾਬਕਾ ਕੌਂਸਲਰ ਮਨਜੀਤ ਸਿੰਘ ਮੱਕੜ, ਜਥੇਦਾਰ ਮਨਮੋਹਣ ਸਿੰਘ ਖੇੜਾ, ਆਸ਼ੂ ਖੁਰਾਣਾ, ਪ੍ਰਿੰਸੀਪਲ ਡੀ ਡੀ ਵਰਮਾ ਅਤੇ ਪੁਨੀਤ ਕਾਲੜਾ ਨੇ ਇੰਟਰਲਾਕ ਟਾਈਲ ਦੀ ਗੁਣਵੱਤਾ ਦੀ ਜਾਂਚ ਕਰਵਾਉਣ ਅਤੇ ਤਿੰਨ ਮਹੀਨਿਆਂ 'ਚ ਕੰਮ ਮੁਕੰਮਲ ਕਰਵਾਉਣ ਦੀ ਮੰਗ ਕੀਤੀ।

ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਕਰਮਜੀਤ ਸਿੰਘ ਨੇ ਕਿਹਾ ਕਿ ਮਾਰਕੀਟ 'ਚੋਂ 100 ਐੱਮ ਐੱਮ ਟਾਈਲ ਨਹੀਂ ਮਿਲ ਰਹੀ ਜਿਸ ਕਾਰਨ ਕੰਮ ਵਿਚ ਦੇਰੀ ਆ ਰਹੀ ਹੈ। ਸੜਕ ਦੀ ਮੁਰੰਮਤ ਕਰਵਾਉਣ ਤੋਂ ਬਾਅਦ ਹੀ ਠੇਕੇਦਾਰ ਨੂੰ ਅਦਾਇਗੀ ਹੋਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਤਿੰਨ ਮਹੀਨਿਆਂ 'ਚ ਸੜਕ ਦਾ ਕੰਮ 100 ਫੀਸਦੀ ਮੁਕੰਮਲ ਕਰ ਲਿਆ ਜਾਵੇਗਾ।

## ਮਹਿੰਗਾਈ ਦੇ ਮੁੱਦੇ 'ਤੇ ਕਾਂਗਰਸ ਨੇ ਧਰਨਾ ਲਾਇਆ



ਲੁਧਿਆਣਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਅਤੇ ਸੂਬੇ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ ਵਿਰੁੱਧ ਕਾਂਗਰਸ ਪਾਰਟੀ ਨੇ ਕੇਂਦਰ ਦੀ ਭਾਜਪਾ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਜ਼ਿਲ੍ਹਾ ਕਾਂਗਰਸ ਕਮੇਟੀ (ਸ਼ਹਿਰੀ) ਦੇ ਪ੍ਰਧਾਨ ਅਤੇ ਸਾਬਕਾ ਵਿਧਾਇਕ ਸੰਜੇ ਤਲਵਾੜ ਦੀ ਅਗਵਾਈ ਹੇਠ ਟਿੱਬਾ ਰੋਡ ਸਥਿਤ ਦਫ਼ਤਰ ਅੱਗੇ ਪਾਰਟੀ ਆਗੂਆਂ ਅਤੇ ਵਰਕਰਾਂ ਨੇ ਇਕੱਠੇ ਹੋ ਕੇ ਧਰਨਾ ਦਿੱਤਾ ਅਤੇ ਦੋਵਾਂ ਸਰਕਾਰਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਸੰਜੇ ਤਲਵਾੜ ਨੇ ਦੱਸਿਆ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਮੀਟਿੰਗ ਵਿੱਚ ਉਲੀਕੀ ਗਈ ਰਣਨੀਤੀ ਮੁਤਾਬਕ ਅੱਜ ਸੂਬੇ ਦੇ ਹਰੇਕ ਵਿਧਾਨ ਸਭਾ ਹਲਕੇ ਵਿੱਚ ਇਹ ਰੋਸ ਪ੍ਰਦਰਸ਼ਨ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਖੰਡ, ਪਿਆਜ਼, ਰਾਸ਼ਨ, ਪੈਟਰੋਲ-ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਕੀਤੀ ਜਾ ਰਹੀ ਬੇਰੋਕ ਵਾਧੇ ਨੇ ਆਮ ਅਤੇ ਗਰੀਬ ਜਨਤਾ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਹਰ ਲੰਘਦੇ ਦਿਨ ਨਾਲ ਨਿੱਤ ਵਰਤੋਂ ਦੀਆਂ ਚੀਜ਼ਾਂ ਦੇ ਭਾਅ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੇ ਜਾ ਰਹੇ ਹਨ। ਸਾਬਕਾ ਵਿਧਾਇਕ ਨੇ ਦੋਸ਼ ਲਾਇਆ ਕਿ ਦੋਵਾਂ ਸਰਕਾਰਾਂ ਦੀਆਂ ਗਲਤ ਨੀਤੀਆਂ, ਨਾਕਾਮੀਆਂ ਅਤੇ ਲੋਕ-ਵਿਰੋਧੀ ਫ਼ੈਸਲਿਆਂ ਦਾ ਖ਼ਮਿਆਜ਼ਾ ਸਿੱਧੇ ਤੌਰ 'ਤੇ ਆਮ ਨਾਗਰਿਕਾਂ ਨੂੰ ਭੁਗਤਣਾ ਪੈ ਰਿਹਾ ਹੈ।

## ਮਹਿੰਗਾਈ ਖ਼ਿਲਾਫ਼ ਨਿਵੇਕਲਾ ਪ੍ਰਦਰਸ਼ਨ ਕੀਤਾ

ਲੁਧਿਆਣਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਮਹਿੰਗਾਈ ਖ਼ਿਲਾਫ਼ ਸਬਜ਼ੀਆਂ ਅਤੇ ਪਿਆਜ ਦੇ ਤੋਹਫ਼ੇ ਵੰਡਦੇ ਹੋਏ ਸਾਬਕਾ ਕੌਂਸਲਰ ਪਰਮਿੰਦਰ ਮਹਿਤਾ ਅਤੇ ਹੋਰ ਆਗੂ। -ਫੋਟੋ: ਇੰਦਰਜੀਤ ਵਰਮਾ

ਹਰ ਰੋਜ਼ ਖੰਡ, ਪਿਆਜ਼, ਸਬਜ਼ੀਆਂ ਅਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਹੋ ਰਹੇ ਵਾਧੇ ਨੂੰ ਦੇਖਦਿਆਂ ਸਾਬਕਾ ਭਾਜਪਾ ਆਗੂ ਅਤੇ ਸਾਬਕਾ ਕੌਂਸਲਰ ਪਰਮਿੰਦਰ ਮਹਿਤਾ ਵੱਲੋਂ ਮਹਿੰਗਾਈ ਖ਼ਿਲਾਫ਼ ਨਿਵੇਕਲਾ ਪ੍ਰਦਰਸ਼ਨ ਕੀਤਾ ਗਿਆ ਹੈ।

ਸੀਨੀਅਰ ਆਗੂ ਪਰਮਿੰਦਰ ਮਹਿਤਾ ਵੱਲੋਂ ਅੱਜ ਛਾਉਣੀ ਮੁਹੱਲੇ ਵਿੱਚ ਰੱਖੜੀ ਮੌਕੇ ਕਰਵਾਏ ਗਏ ਇਸ ਪ੍ਰਦਰਸ਼ਨ ਦੌਰਾਨ ਉਨ੍ਹਾਂ ਮਾਤ ਸ਼ਕਤੀ ਨੂੰ ਮਹਿੰਗੀ ਖੰਡ, ਪਿਆਜ਼ ਅਤੇ ਸਬਜ਼ੀਆਂ ਦੇ ਤੋਹਫ਼ੇ ਦੇ ਪੈਕੇਟ ਵੰਡ ਕੇ ਸਰਕਾਰ ਦਾ ਧਿਆਨ ਵਧਦੀਆਂ ਕੀਮਤਾਂ ਵੱਲ ਦਿਵਾਇਆ।

ਸ੍ਰੀ ਮਹਿਤਾ ਨੇ ਕਿਹਾ ਕਿ ਤਿਉਹਾਰਾਂ ਦੌਰਾਨ ਆਮ ਪਰਿਵਾਰਾਂ ਨੂੰ ਮਹਿੰਗਾਈ ਦਾ ਵਾਧੂ ਬੋਝ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਰੋਜ਼ਮਰ੍ਹਾ ਦੀਆਂ ਜ਼ਰੂਰੀ ਵਸਤਾਂ ਖੰਡ, ਗੁੜ, ਸਰ੍ਹੋਂ ਦਾ ਤੇਲ ਆਦਿ ਦੇ ਨਾਲ-ਨਾਲ ਪਿਆਜ਼, ਖੀਰਾ, ਟਮਾਟਰ ਆਦਿ ਦੀਆਂ ਸਬਜ਼ੀਆਂ ਦੇ ਭਾਅ ਵਧਣ ਕਾਰਨ ਘਰੇਲੂ ਬਜਟ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਲੋਕ ਰੱਖੜੀ ਦੇ ਤਿਉਹਾਰ ਨੂੰ ਮਨਾਉਣਾ ਚਾਹੁੰਦੇ ਹਨ, ਉੱਥੇ ਹੀ ਮਹਿੰਗੀਆਂ ਖਾਣ-ਪੀਣ ਵਾਲੀਆਂ ਵਸਤੂਆਂ ਆਮ ਲੋਕਾਂ ਦੀਆਂ ਮੁਸ਼ਕਲਾਂ ਵਧਾ ਰਹੀਆਂ ਹਨ।ਇਸ ਮੌਕੇ ਰਵਿੰਦਰ ਸਿਆਣ, ਸਰਬਜੀਤ ਸਿੰਘ ਬੰਟੀ, ਤੀਕਸ਼ਣ ਮਹਿਤਾ, ਟਿੰਕੂ ਪੁਜਾਰਾ, ਅਸ਼ੋਕ ਕੁਮਾਰ, ਅਸ਼ੋਕ ਸਚਦੇਵਾ ਅਤੇ ਸਤਨਾਮ ਕੌਰ ਹਾਜ਼ਰ ਸਨ।

# ਦੁਨੀਆਂ ਦਾ ਅਨੋਖਾ ਯੂਰਪੀਅਨ ਦੇਸ਼ 'ਆਸਟਰੀਆ'



- ਹਰਦੀਪ ਸਿੰਘ ਮਾਨ

ਆਓ ਇਕ ਅਜਿਹੇ ਦੇਸ਼ ਦੀ ਕਲਪਨਾ ਕਰੀਏ ਜਿਸ ਵਿਚ ਧਰਮ-ਨਿਰਪੱਖਤਾ, ਇਨਸਾਨੀ-ਬਰਾਬਰੀ, ਕਾਨੂੰਨ ਦੀ ਪਾਲਣਾਂ, ਮਨੁੱਖੀ ਅਜ਼ਾਦੀ ਅਤੇ ਹਰ ਅਦਾਰੇ ਤੇ ਨਿਯੰਤਰਣ ਹੋਵੇ, ਜਿੱਥੇ ਸਰਕਾਰੀ ਜਾਂ ਗ਼ੈਰ-ਸਰਕਾਰੀ ਅਦਾਰੇ ਰੰਗ, ਨਸਲ, ਮਜ਼੍ਹਬ ਅਤੇ ਵੱਖਰੀ ਦਿੱਖ ਦੇ ਆਧਾਰ ਤੋਂ ਬਿਨਾਂ ਕੰਮ ਕਰਨ। ਜੇ ਦੂਜੇ ਸ਼ਬਦਾਂ ਵਿਚ ਕਹੀਏ, ਇਕ ਆਮ ਨਾਗਰਿਕ ਆਪਣੇ ਦੇਸ਼ ਜਾਂ ਸ਼ਹਿਰ ਤੋਂ ਸ਼ੁੱਧ ਹਵਾ-ਪਾਣੀ, ਸੁਰੱਖਿਅਤ-ਜੀਵਨ, ਰੋਜ਼ਗਾਰ, ਸਰਕਾਰੀ ਸਹੂਲਤਾਂ, ਬੁਨਿਆਦੀ ਹੱਕ, ਸ਼ਾਂਤੀ ਅਤੇ ਇਨਸਾਫ਼ ਦੀ ਉਮੀਦ ਰੱਖਦਾ ਹੈ। ਹੁਣ ਦੇਖਦੇ ਹਾਂ, ਕੀ ਇਹ ਸਾਰੀਆਂ ਖੂਬੀਆਂ ਆਸਟਰੀਆ ਦੇਸ਼ ਵਿਚ ਹਨ ?

**ਆਸਟਰੀਆ:**

ਆਸਟਰੀਆ, ਸੰਸਾਰ ਦੇ ਨਕਸ਼ੇ ਉੱਪਰ ਇਕ ਛੋਟਾ ਜਿਹਾ ਦਿਸਣ ਵਾਲਾ ਦੇਸ਼ ਅੱਜ ਤੋਂ 92 ਸਾਲ ਪਹਿਲਾਂ ਬਹੁਤ ਵੱਡਾ ਹੁੰਦਾ ਸੀ। ਪੂਰੇ ਦੇ ਪੂਰੇ ਦੇਸ਼ ਚੈਕੋ, ਸਲਾਵਾਕੀਆ, ਹੰਗਰੀ, ਸਲਵੇਨੀਆ, ਲਿਖਤਨਸਟਾਈਨ ਅਤੇ ਕੁਝ ਇਲਾਕੇ ਰੁਮਾਨੀਆ, ਇਟਲੀ, ਪੋਲੈਂਡ ਅਤੇ ਯੂਕਰੇਨ ਦੇ ਆਸਟਰੀਆ ਵਿਚ ਸ਼ਾਮਲ ਸਨ। ਆਸਟਰੀਆ ਵਾਰੇ ਬਹੁਤੇ ਲੋਕਾਂ ਨੂੰ ਜਾਣਕਾਰੀ ਨਾ ਹੋਣ ਕਰਕੇ ਉਹ ਇਸ ਨੂੰ ਆਸਟਰੇਲੀਆ ਨਾਂਵ ਤੇ ਬਦਲ ਦਿੰਦੇ ਹਨ। ਆਸਟਰੀਆ ਦਾ ਖ਼ੇਤਰਫਲ 83,858 ਵਰਗ ਕਿਲੋਮੀਟਰ ਹੈ, ਭਾਵ ਭਾਰਤ ਦਾ ਇਕ ਰਾਜ 'ਅਰੁਣਾਚਲ ਪ੍ਰਦੇਸ਼' ਪੂਰੇ ਆਸਟਰੀਆ ਦੇ ਬਰਾਬਰ ਹੈ। ਆਸਟਰੀਆ ਦੇ 9 ਰਾਜ ਹਨ। 'ਵਿਆਨਾ' ਆਸਟਰੀਆ ਦੀ ਰਾਜਧਾਨੀ ਹੈ। ਆਸਟਰੀਆ ਦੇ ਅੱਠ ਗੁਆਂਢੀ ਦੇਸ਼ਾਂ ਦੇ ਨਾਮ ਜਰਮਨੀ, ਸਵਿਟਜ਼ਰਲੈਂਡ, ਲਿਖਤਨਸਟਾਈਨ, ਇਟਲੀ, ਸਲਵੇਨੀਆ, ਹੰਗਰੀ, ਸਲਾਵਾਕੀਆ ਅਤੇ ਚੈਕੋ ਹਨ। ਇਸ ਦੇਸ਼ ਦਾ ਕਾਨੂੰਨੀ ਕੋਈ ਧਰਮ ਨਹੀਂ। ਵੈਸੇ, ਆਸਟਰੀਆ ਵਿਚ 78% ਕੈਥੋਲਿਕ, 5% ਪ੍ਰੋਟੈਸਟੈਂਟ, 2% ਮੁਸਲਮ ਧਰਮ ਦੇ ਲੋਕ ਰਹਿੰਦੇ ਹਨ। ਇੱਥੋਂ ਦੀ ਬੋਲੀ ਨੂੰ ਅੰਗ੍ਰੇਜ਼ੀ ਵਿਚ 'ਜਰਮਨ' ਅਤੇ ਜਰਮਨ ਵਿਚ 'ਡੁਚ' ਕਹਿੰਦੇ ਹਨ, ਭਾਵ ਇਸ ਦੇਸ਼ ਨੂੰ ਅੰਗ੍ਰੇਜ਼ੀ ਵਿਚ 'ਆਸਟਰੀਆ' ਅਤੇ ਜਰਮਨ ਜਾਂ ਡੁਚ ਵਿਚ 'ਉਸਟਰਾਹੀਖ਼' ਕਹਿੰਦੇ ਹਨ, ਇਸੇ ਤਰ੍ਹਾਂ ਹੀ ਰਾਜਧਾਨੀ ਨੂੰ ਅੰਗ੍ਰੇਜ਼ੀ ਵਿਚ 'ਵਿਆਨਾ' ਅਤੇ ਜਰਮਨ ਜਾਂ ਡੁਚ ਵਿਚ 'ਵੀਨ' ਕਹਿੰਦੇ ਹਨ।

ਸਰਵੇਖਣਾਂ ਅਨੁਸਾਰ ਆਸਟਰੀਆ ਵਿਚ ਜ਼ਿਆਦਾਤਰ ਮਰਦ 75 ਸਾਲ ਅਤੇ ਔਰਤਾਂ 81 ਸਾਲ ਤੱਕ ਉਮਰ ਭੋਗਦੀਆਂ ਹਨ। ਆਸਟਰੀਆ ਵਿਚ ਸਿਰਫ਼ ਚਾਰ ਰਾਜਨੀਤਿਕ ਪਾਰਟੀਆਂ ਤਾਕਤ ਵਿਚ ਹਨ। ਆਸਟਰੀਅਨ ਨਾਗਰਿਕ ਨੂੰ ਆਮ ਤੌਰ ਤੇ 20% ਟੈਕਸ ਦੇਣਾਂ ਪੈਂਦਾ ਹੈ। ਆਸਟਰੀਆ ਦੀ ਤਰੱਕੀ ਦਾ ਰਾਜ ਇੱਥੇ ਵੱਡੀ ਗਿਣਤੀ ਵਿਚ ਸੈਲਾਨੀਆਂ ਦਾ ਆਉਣਾਂ ਹੈ। ਸਾਲ ਦੇ 1.5 ਮਿਲੀਅਨ ਸੈਲਾਨੀ ਇੱਕਲੇ ਵਿਆਨਾ ਨੂੰ ਦੇਖਣ ਆਉਂਦੇ ਹਨ ਅਤੇ ਇਹ ਗਿਣਤੀ ਹਰ ਸਾਲ ਵੱਧ ਵੀ ਜਾਂਦੀ ਹੈ। ਆਸਟਰੀਆ ਵੀ ਦੇਸ਼ ਬਾਰੇ ਮਸ਼ਹੂਰੀ ਅਤੇ ਸੈਲਾਨੀਆਂ ਦੀ ਮੰਗਾਂ ਨੂੰ ਪੂਰੀਆਂ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ। ਇਸ ਦੇਸ਼ ਨੇ ਹਰ ਤਰ੍ਹਾਂ ਦੇ ਮਹਾਨ ਵਿਅਕਤੀ ਪੈਦਾ ਕੀਤੇ ਜਿਵੇਂ ਅਭਿਨੇਤਾ, ਖਿਡਾਰੀ, ਲੇਖਕ, ਸੰਗੀਤਕਾਰ ਵਗੈਰਾ ਵਗੈਰਾ, ਜਿਨ੍ਹਾਂ ਨੇ ਸੰਸਾਰ ਭਰ ਵਿਚ ਆਸਟਰੀਆ ਦਾ ਨਾਮ ਉੱਚਾ ਕੀਤਾ ਅਤੇ ਕਰ ਰਹੇ ਹਨ। ਮਸ਼ਹੂਰ ਅਭਿਨੇਤਾ 'ਆਰਨੋਲਡ ਸਵਾਰਚੇਨੀਗਰ', ਜਿਸ ਨੇ 'ਕਮਾਡੋ' ਅਤੇ 'ਦਾ ਟਰਮੀਨੇਟਰ' ਵਰਗੀਆਂ ਅੰਗ੍ਰੇਜ਼ੀ ਫਿਲਮਾਂ ਵਿਚ ਕੰਮ ਕੀਤਾ ਅਤੇ ਹੁਣ ਵੀ ਉਸ ਦੀਆਂ ਨਵੀਆਂ ਫਿਲਮਾਂ ਆ ਰਹੀਆਂ ਹਨ, ਉਸ ਦਾ ਜਨਮ ਆਸਟਰੀਆ ਦੇ ਇਕ ਸ਼ਹਿਰ 'ਗਰਾਸ' ਵਿਚ ਹੀ ਹੋਇਆ ਹੈ। ਆਸਟਰੀਆ ਦੇ ਇਕ ਸੰਸਾਰ ਪ੍ਰਸਿੱਧ ਖਿਡਾਰੀ ਦਾ ਨਾਮ 'ਹਰਮਨ ਮਾਅਰ' ਹੈ, ਜਿਸ ਨੇ ਸਰਦੀ-ਰੁੱਤ ਦੀਆਂ ਖੇਡਾਂ ਵਿਚ ਆਸਟਰੀਆ ਲਈ ਕਈ ਸੋਨੇ ਦੇ ਤਮਗੇ ਜਿੱਤੇ। ਜਿਸ ਤਰ੍ਹਾਂ ਆਰਨੋਲਡ ਨੂੰ ਲੋਕੀਂ ਪਿਆਰ ਨਾਲ 'ਟਰਮੀਨੇਟਰ' ਕਹਿੰਦੇ ਹਨ, ਉਸੇ ਤਰ੍ਹਾਂ ਹਰਮਨ ਨੂੰ 'ਹਰਮੀਨੇਟਰ' ਕਹਿੰਦੇ ਹਨ।




ਆਬਾਦੀ ਘੱਟ ਹੋਣ ਕਰਕੇ ਹਰ ਆਸਟਰੀਅਨ ਨਾਗਰਿਕਤਾ ਪ੍ਰਾਪਤ ਮਰਦ ਨੂੰ 18 ਤੋਂ 35 ਸਾਲ ਦੀ ਉਮਰ ਦੇ ਵਿਚ 8 ਮਹੀਨੇ ਫ਼ੌਜ ਦੀ ਸਿਖਲਾਈ ਲਈ ਜਾਣਾਂ ਪੈਂਦਾ ਹੈ, ਤਾਂਕਿ ਲੜਾਈ ਲੱਗਣ ਤੇ ਸਾਰੇ ਮਰਦ ਆਪਣੇ ਕੰਮ-ਕਾਰ ਛੱਡ ਕੇ ਦੇਸ਼ ਲਈ ਲੜਨ ਲਈ ਪਹਿਲਾਂ ਤੋਂ ਹੀ ਤਿਆਰ ਰਹਿਣ। ਔਰਤਾਂ ਫ਼ੌਜੀ ਸਿਖਲਾਈ ਜਾਂ ਫ਼ੌਜ ਵਿਚ ਭਰਤੀ ਹੋਣ ਲਈ ਸਵੈ-ਇਛੁਕ ਜਾ ਸਕਦੀਆਂ ਹਨ, ਪਰ ਸਰੀਰਕ ਅਤੇ ਮਾਨਸਿਕ ਤੌਰ ਤੇ ਸੰਪੂਰਨ ਮਰਦਾਂ ਨੂੰ ਕਾਨੂੰਨੀ ਜਾਣਾਂ ਪੈਂਦਾ ਹੈ। ਫ਼ੌਜੀ ਸਿਖਲਾਈ ਦੌਰਾਨ ਸਰਕਾਰੀ ਬਿੱਲ ਮਾਫ਼ ਕਰ ਦਿੱਤੇ ਜਾਂਦੇ ਹਨ ਅਤੇ ਫ਼ੌਜੀ ਦੇ ਖਰਚਿਆਂ ਅਨੁਸਾਰ ਮਾਲੀ ਮਦਦ ਵੀ ਦਿੱਤੀ ਜਾਂਦੀ ਹੈ। ਆਸਟਰੀਆ ਵਿਚ 6 ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਦਾ ਸਕੂਲੇ ਜਾਣਾਂ ਜ਼ਰੂਰੀ ਹੈ। ਇੱਥੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਮੁਫ਼ਤ ਹੈ, ਸਿਰਫ਼ ਕਿਤਾਬਾਂ ਦੀ 10% ਕੀਮਤ ਦੇਣੀ ਪੈਂਦੀ ਹੈ, ਪਰ ਉਨੀ ਕੁ ਸਰਕਾਰ ਵਲੋਂ ਵੀ ਮਾਲੀ ਮਦਦ ਮਿਲ ਜਾਂਦੀ ਹੈ। ਯੂਨੀਵਰਸਿਟੀ ਵਿਚ ਪੜ੍ਹਨਾਂ ਵੀ ਇਸੇ ਤਰ੍ਹਾਂ ਹੀ ਹੈ, ਸਰਕਾਰ ਪੜ੍ਹਾਈ ਦਾ ਖ਼ਰਚਾ ਇਕ ਹੱਥ ਦੇ ਕੇ ਦੂਜੇ ਹੱਥ ਲੈ ਲੈਂਦੀ ਹੈ। ਵਿਦਿਆਰਥੀਆਂ ਨੂੰ ਹੋਰ ਬਹੁਤ ਸਾਰੀਆਂ ਸਹੂਲਤਾਂ ਮਿਲਦੀਆਂ ਹਨ, ਜਿਵੇਂ ਜਨਤਕ ਗੱਡੀਆਂ ਦੇ ਪਾਸ ਵਿਚ ਛੋਟ।

ਆਸਟਰੀਆ ਵਿਚ ਪਿਛਲੇ ਕੁਝ ਸਾਲਾਂ ਤੋਂ ਬਹੁਤ ਘੱਟ ਬੱਚੇ ਪੈਦਾ ਕੀਤੇ ਜਾ ਰਹੇ ਹਨ, ਸਾਲ 2001 ਵਿਚ ਪਿਛਲੇ ਸਾਲ ਨਾਲੋਂ 3000 ਬੱਚੇ ਘੱਟ ਪੈਦਾ ਹੋਏ, ਇਸ ਲਈ ਸਰਕਾਰ ਦੇਸ਼ ਦੇ ਭਵਿੱਖ ਲਈ ਬਹੁਤ ਚਿੰਤਕ ਹੈ। ਕਿਉਂਕਿ ਜੇ ਦੇਸ਼ ਦੀ ਆਬਾਦੀ ਵਿਚ ਵਾਧਾ ਨਹੀਂ ਹੁੰਦਾ ਜਾਂ ਬਹੁਤ ਹੌਲੀ ਹੁੰਦਾ ਹੈ ਤਾਂ ਪੈਨਸ਼ਨਾਂ ਕੌਣ ਭਰੇਗਾ ? ਚਿੰਤਕਾਂ ਨੂੰ ਡਰ ਹੈ ਕਿ ਜੇ ਆਬਾਦੀ ਵਿਚ ਵਾਧਾ ਨਹੀਂ ਹੋਇਆ ਤਾਂ ਸਾਲ 2035 ਵਿਚ ਪੈਨਸ਼ਨਾਂ ਦੇਣੀਆਂ ਅਸੰਭਵ ਹੋ ਜਾਣਗੀਆਂ। ਇਸੇ ਕਰਕੇ ਵੱਧ ਤੋਂ ਵੱਧ ਬੱਚੇ ਪੈਦਾ ਕਰਨ ਦਾ ਲਾਲਚ ਦਿੱਤਾ ਜਾ ਰਿਹਾ ਹੈ, ਜਿਵੇਂ ਸਰਕਾਰ ਵਲੋਂ ਬੱਚਿਆਂ ਦੇ ਪਾਲਣ-ਪੋਸ਼ਣ ਲਈ ਮਾਲੀ ਮਦਦ ਦੇਣੀ, ਮਾਂ ਕੋਲੋਂ ਬੱਚੇ ਦੇ ਬਾਪ ਦਾ ਨਾਮ ਨਾ ਪੁੱਛਣਾਂ। ਹੋਰ ਵਿਕਸਿਤ ਦੇਸ਼ ਵਾਂਗ ਇੱਥੇ ਵੀ ਬੱਚਿਆਂ ਨੂੰ ਮਾਰਨਾ-ਕੁੱਟਣਾਂ ਕਾਨੂੰਨੀ ਜ਼ੁਲਮ ਹੈ। ਸਕੂਲਾਂ ਵਿਚ ਸਮੇਂ ਸਮੇਂ ਤੇ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਜਾਂਚ ਕੀਤੀ ਜਾਂਦੀ ਹੈ। ਮਾਂ-ਬਾਪ ਨੂੰ ਵੀ ਬੱਚੇ ਦੇ ਪਾਲਣ-ਪੋਸ਼ਣ ਲਈ ਸਰਕਾਰ ਵਲੋਂ ਵੀ ਮਾਲੀ ਮਦਦ ਦੇ ਨਾਲ ਨਾਲ ਸਖ਼ਤ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਹਨ। ਰਾਤਾਂ ਨੂੰ ਛੋਟੀ ਉਮਰ ਦੇ ਬੱਚਿਆਂ ਨੂੰ ਨਾਲ ਲੈ ਕੇ ਘੁੰਮਣਾਂ ਮਨ੍ਹਾਂ ਹੈ। ਹੋਰ ਜੋ ਸਭ ਕੁਝ ਬਾਕੀ ਵਿਕਸਿਤ ਦੇਸ਼ਾਂ ਵਿਚ ਹੁੰਦਾ ਹੈ, ਉਹ ਇੱਥੇ ਵੀ ਹੁੰਦਾ ਹੈ। ਇੱਥੇ ਵੀ ਜਵਾਨ ਮੁੰਡੇ-ਕੁੜੀਆਂ ਨੂੰ ਹੱਦੋਂ ਵੱਧ ਆਜ਼ਾਦੀ ਹੈ। ਸੜਕਾਂ ਤੇ ਨੰਗੇਜ਼ਵਾਦ ਅਤੇ ਮੁੰਡੇ-ਕੁੜੀਆਂ ਦੀਆਂ ਅਸ਼ਲੀਲ ਹਰਕਤਾਂ ਆਮ ਦੇਖਣ 'ਚ ਆਉਂਦੀਆਂ ਹਨ। ਕੁੜੀਆਂ 22 ਸਾਲਾਂ ਦੀਆਂ ਹੋ ਕੇ ਪਰਿਵਾਰ ਨਾਲੋਂ ਵੱਖ ਹੋ ਕੇ ਰਹਿਣ ਲੱਗ ਪੈਂਦੀਆਂ ਹਨ ਅਤੇ ਮੁੰਡੇ 24 ਸਾਲ ਦੇ। ਵਿਆਨਾ ਵਿਚ 44.5% ਲੋਕ ਇੱਕਲੇ ਰਹਿ ਰਹੇ ਹਨ। ਇੱਥੇ ਵੀ ਬੰਦੇ ਬੰਦਿਆਂ ਨਾਲ ਵਿਆਹ ਕਰਵਾਈ ਜਾ ਰਹੇ ਹਨ ਅਤੇ ਔਰਤਾਂ ਔਰਤਾਂ ਨਾਲ। ਅਣ-ਵਿਆਹੇ ਇੱਕਠਿਆਂ ਰਹਿਣ ਦਾ ਰੁਝਾਨ ਵੱਧ ਰਿਹਾ ਹੈ। ਆਸਟਰੀਆ ਵਿਚ ਸਾਲ 2001 ਪੈਦਾ ਹੋਏ ਹਰ ਤੀਜੇ ਬੱਚੇ ਦੇ ਮਾਂ-ਬਾਪ ਅਣ-ਵਿਆਹੇ ਹਨ।



**ਆਬਾਦੀ:** ਇਸ ਦੇਸ਼ ਦੀ ਜਨਸੰਖਿਆ ਸਾਲ 2001 ਦੇ ਸਰਕਾਰੀ ਅੰਕੜਿਆਂ ਅਨੁਸਾਰ 80,65,465 ਸੀ। ਹੈਰਾਨੀ ਦੀ ਗੱਲ ਹੈ ਕਿ ਇਸ ਦੇ ਸਾਰੇ ਹੀ ਰਾਜਾਂ ਵਿਚ ਔਰਤਾਂ ਦੀ ਗਿਣਤੀ ਜ਼ਿਆਦਾ ਹੈ। ਇਕੱਲੇ ਵਿਆਨਾ ਸ਼ਹਿਰ ਵਿਚ ਮਰਦਾਂ ਨਾਲੋਂ 86,000 ਜ਼ਿਆਦਾ ਔਰਤਾਂ ਰਹਿ ਰਹੀਆਂ ਹਨ, ਕੁਝ ਲੋਕਾਂ ਲਈ ਸ਼ਾਇਦ ਇਹ ਸਵਰਗ ਦੀ ਕਲਪਨਾ ਹੋਵੇਗੀ। ਮਰਦਾਂ ਅਤੇ ਔਰਤਾਂ ਦਾ ਵੱਡੀ ਗਿਣਤੀ ਵਿਚ ਇਹ ਅੰਤਰ ਸੰਸਾਰ ਯੁੱਧਾਂ ਵਿਚ ਬਹੁਤੇ ਮਰਦਾਂ ਦਾ ਮਾਰੇ ਜਾਣਾ ਅਤੇ ਵਿਕਸਿਤ ਸਮਾਜ ਵਿਚ ਧੀ-ਪੁੱਤਰ ਨੂੰ ਇਕ ਬਰਾਬਰ ਸਮਝਣਾਂ ਹੈ। ਪਿਛਲੇ ਦਸ ਸਾਲਾਂ ਵਿਚ ਆਸਟਰੀਆ ਦੀ ਆਬਾਦੀ 3.5% ਵਧੀ ਹੈ। ਸਾਰੇ ਆਸਟਰੀਆ ਵਿਚ 9.3% ਲੋਕਾਂ ਕੋਲ ਆਸਟਰੀਅਨ ਨਾਗਰਿਕਤਾ ਨਹੀਂ ਹੈ, ਜੋ ਕਿ ਯੂਰਪੀਅਨ ਯੂਨੀਅਨ ਦੇਸ਼ਾਂ ਨਾਲੋਂ ਸਭ ਤੋਂ ਵੱਧ ਹੈ। ਪ੍ਰਵਾਸੀਆਂ ਵਿਚ ਜ਼ਿਆਦਾ ਯੂਗੋ, ਸਲਾਵੀਅਨ, ਟੁਰਕੀ ਅਤੇ ਪੋਲੈਂਡੀਅਨ ਹਨ।

ਅਖ਼ਬਾਰਾਂ ਵੇਚਣ ਦੇ ਕੰਮ ਲਈ ਵਿਸ਼ੇਸ਼ ਵੀਜ਼ੇ ਖੁਲ੍ਹਣ ਕਰਕੇ ਸਾਲ 1980 ਵਿਚ ਭਾਰਤੀਆ ਨੇ ਆਸਟਰੀਆ ਆਉਣਾਂ ਸ਼ੁਰੂ ਕੀਤਾ। ਆਸਟਰੀਆ ਵਿਚ ਸਾਲ 2001 ਵਿਚ 5127 ਭਾਰਤੀ ਨਾਗਰਿਕਤਾ ਵਾਲੇ ਦਰਜ ਸਨ। ਪਿਛਲੇ ਸਾਲ 91 ਭਾਰਤੀ ਬੱਚਿਆਂ ਨੇ ਆਸਟਰੀਆ ਵਿਚ ਜਨਮ ਲਿਆ। 678 ਭਾਰਤੀਆਂ ਨੇ ਸਾਲ 2001 ਵਿਚ ਆਸਟਰੀਅਨ ਪਾਸਪੋਰਟ ਲਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਨ। ਸਰਕਾਰੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਆਸਟਰੀਆ ਦੇ ਸਾਰੇ ਰਾਜਾਂ ਵਿਚ ਆਪਣੇ ਭਾਰਤੀ ਹਨ, ਪਰ ਵੱਡੀ ਗਿਣਤੀ, ਸਾਲ 2001 ਵਿਚ 3756 ਭਾਰਤੀ ਨਾਗਰਿਕਤਾ ਵਾਲੇ, ਵਿਆਨਾ ਵਿਚ ਹੀ ਹੈ। ਜੇ ਸਾਰੇ ਆਸਟਰੀਆ ਵਿਚ ਸਾਲ 1979 ਤੋਂ ਲੈ ਕੇ ਸਾਲ 2001 ਤੱਕ ਭਾਰਤੀ ਪਾਸਪੋਰਟਾਂ ਨੂੰ ਦੇ ਕੇ ਆਸਟਰੀਅਨ ਪਾਸਪੋਰਟ ਲੈਣ ਵਾਲਿਆਂ ਦੀ ਗਿਣਤੀ ਦਾ ਕੁਲ ਜੋੜ ਲਾਈਏ ਤਾਂ ਇਹ 5670 ਬਣਦੀ ਹੈ। ਜ਼ਿਆਦਾਤਰ ਪੰਜਾਬ ਅਤੇ ਕੇਰਲਾ ਤੋਂ ਭਾਰਤੀ ਆਸਟਰੀਆ ਵਿਚ ਹਨ। ਦੇਖਣ ਵਿਚ ਆਇਆ ਹੈ ਕਿ ਇੱਥੇ ਹੋਰ ਦੇਸ਼ਾਂ ਦੇ ਨਾਗਰਿਕਾਂ ਨਾਲੋਂ ਭਾਰਤੀਆਂ ਨੂੰ ਵੀਜ਼ੇ ਅਤੇ ਆਸਟਰੀਅਨ ਪਾਸਪੋਰਟ ਸੌਖੇ ਅਤੇ ਛੇਤੀ ਮਿਲ ਜਾਂਦੇ ਹਨ। ਸ਼ਾਇਦ ਇਨ੍ਹਾਂ ਨੂੰ ਭਾਰਤੀਆਂ ਦੇ ਮਿਹਨਤੀ, ਅਮਨਪਸੰਦ ਅਤੇ ਖੁਲ੍ਹੇ ਸੁਭਾਅ ਵਾਰੇ ਪਤਾ ਹੈ। ਸਾਲ 2001 ਵਿਚ 429 ਭਾਰਤੀ ਆਸਟਰੀਆ ਛੱਡ ਕੇ ਚਲੇ ਗਏ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 1978 ਵਿਚ ਪਹਿਲੀ ਬਾਰ 8 ਭਾਰਤੀਆਂ ਨੇ ਆਸਟਰੀਅਨ ਸਿਆਸੀ-ਪਨਾਹ ਲਈ ਸੀ, ਪਰ ਸਾਲ 2000 ਵਿਚ ਇਹ ਵਧ ਕੇ 2441 ਹੋ ਗਈ। ਸਾਲ 2001 ਵਿਚ 1804 ਭਾਰਤੀ ਸਿਆਸੀ ਪਨਾਹਗੀਰ ਸਨ। ਸਭ ਤੋਂ ਵੱਧ ਇੱਥੇ ਅਫ਼ਗਾਨਿਸਤਾਨ ਅਤੇ ਇਰਾਨ ਤੋਂ ਲੋਕ ਸਿਆਸੀ ਪਨਾਹ ਲਈ ਆਉਂਦੇ ਹਨ।

**ਵਿਆਨਾ:** ਕਿਉਂਕਿ ਹਰ ਦੇਸ਼ ਦੀ ਰਾਜਧਾਨੀ ਉਸ ਦੇਸ਼ ਦਾ ਕੇਂਦਰੀ ਧੁਰਾ ਹੁੰਦਾ ਹੈ, ਇਸ ਕਰਕੇ 'ਵਿਆਨਾ' ਬਾਰੇ ਵਿਸਥਾਰਪੂਰਕ ਦੱਸਦੇ ਹਾਂ। ਵਿਆਨਾ ਵਿਚ ਰੋਜ਼ਗਾਰ ਦੇ ਸਾਧਨ ਜ਼ਿਆਦਾ ਹੋਣ ਕਰਕੇ ਇੱਥੇ ਸੰਸਾਰ ਦੇ ਸਾਰੇ ਦੇਸ਼ਾਂ ਦੇ ਲੋਕ ਰਹਿੰਦੇ ਹਨ। ਸਾਲ 2001 ਵਿਚ ਸਿਰਫ਼ 6.1% ਨਾਗਰਿਕ ਆਸਟਰੀਆ ਵਿਚ ਬੇਰੁਜ਼ਗਾਰ ਸਨ। ਭਾਵੇਂ ਵਿਆਨਾ ਆਸਟਰੀਆ ਦੇ ਬਾਕੀ ਰਾਜਾਂ ਨਾਲੋਂ ਸਭ ਤੋਂ ਛੋਟਾ ਹੈ, ਪਰ ਰਾਜਧਾਨੀ ਹੋਣ ਕਰਕੇ ਇਸ ਦੀ ਆਬਾਦੀ (15,62,482) ਬਾਕੀ ਰਾਜਾਂ ਨਾਲੋਂ ਜ਼ਿਆਦਾ ਹੈ, ਇਸੇ ਕਰਕੇ ਹੀ ਸਾਰੇ ਰਾਜਾਂ ਨਾਲੋਂ ਵੱਧ ਵਿਆਨਾ ਦੇ 17.7% ਲੋਕਾਂ ਕੋਲ ਆਸਟਰੀਅਨ ਨਾਗਰਿਕਤਾ ਨਹੀਂ ਹੈ।

ਵਿਆਨਾ ਵਿਚ ਜਗ੍ਹਾ ਥੋੜ੍ਹੀ ਅਤੇ ਆਬਾਦੀ ਜ਼ਿਆਦਾ ਹੋਣ ਕਰਕੇ ਜ਼ਿਆਦਾਤਰ ਲੋਕ ਫਲੈਟਾਂ (ਬਿਲਡਿੰਗਾਂ) ਵਿਚ ਰਹਿੰਦੇ ਹਨ, ਸਿਰਫ਼ 8.1% ਲੋਕ ਆਪਣੇ ਘਰਾਂ (ਹਾਊਸ) ਵਿਚ ਰਹਿੰਦੇ ਹਨ। ਵਿਆਨਾ ਦੇ ਫਲੈਟਾਂ ਦੀ ਕੀਮਤ ਲਗਪਗ ਇੰਗਲੈਂਡ ਦੇ ਘਰਾਂ ਜਿੰਨੀ ਹੈ। ਆਸਟਰੀਆ ਵਿਚ ਕੰਮ ਕਰਨ ਵਾਲਿਆਂ ਨੂੰ ਸਾਲ ਦੀਆਂ ਚੌਦਾਂ ਤਨਖ਼ਾਹਾਂ ਮਿਲਦੀਆਂ ਹਨ ਅਤੇ ਸਾਲ ਦੀਆਂ 15 ਸਰਕਾਰੀ ਛੁੱਟੀਆਂ ਹੁੰਦੀਆਂ ਹਨ। ਵਧੇਰੇ ਸਰਕਾਰੀ ਛੁੱਟੀਆਂ ਦੀ ਗਿਣਤੀ ਵਿਚ ਵੀ ਆਸਟਰੀਆ ਮੋਹਰੀ ਦੇਸ਼ਾਂ ਵਿਚ ਆਉਂਦਾ ਹੈ। ਇਸ ਤੋਂ ਇਲਾਵਾ ਕਾਮਾਂ ਤਨਖ਼ਾਹ ਤੇ ਸਾਲ ਵਿਚ ਪੰਜ ਹਫ਼ਤੇ ਦੀਆਂ ਛੁੱਟੀਆਂ ਲੈ ਸਕਦਾ ਹੈ। ਵਿਆਨਾ ਦੀ ਸਫ਼ਾਈ ਦੀ ਗੱਲ ਕਰੀਏ ਤਾਂ ਇੱਥੇ ਹਰ ਤਰ੍ਹਾਂ ਦੇ ਕੂੜੇ ਲਈ ਵੱਖਰਾ ਕੂੜੇਦਾਨ ਹੈ। ਜ਼ਿਆਦਾਤਰ ਬਹੁ-ਮੰਜ਼ਿਲੀ ਇਮਾਰਤਾਂ ਵਿਚ ਦੋ ਤਰ੍ਹਾਂ ਦੇ ਕੂੜੇਦਾਨ ਹੁੰਦੇ ਹਨ।

ਇਕ ਵਿਚ ਕਾਗਜ਼ ਅਤੇ ਦੂਸਰੇ ਵਿਚ ਸਭ ਕੁਝ ਸੁੱਟ ਸਕਦੇ ਹੋ। ਬਿਲਡਿੰਗਾਂ ਤੋਂ ਕੁਝ ਦੂਰੀ ਤੇ ਛੇ ਤਰ੍ਹਾਂ ਦੇ ਕੂੜੇਦਾਨ ਰੱਖੇ ਹੁੰਦੇ ਹਨ, ਜਿਨ੍ਹਾਂ ਵਿਚ ਪਲਾਸਟਿਕ, ਫੁੱਲ-ਬੂਟੇ, ਰੰਗੀਨ ਕੱਚ, ਚਿੱਟਾ ਕੱਚ, ਲੋਹਾ ਅਤੇ ਕੱਪੜੇ ਸੁੱਟੇ ਜਾਂਦੇ ਹਨ।

---

ਕਥਾ ਪ੍ਰਵਾਹ

# ਤਿੰਨ ਬਹਾਦਰ ਯੋਧੇ

-ਬਲਦੇਵ ਸਿੰਘ ਸਿੱਧੂ

ਜੇ ਅਸੀਂ ਵਿਸ਼ਵ ਦੇ ਇਤਿਹਾਸ ਦੇ ਪੰਨੇ ਵੇਖੀਏ-ਪੜ੍ਹੀਏ ਤਾਂ ਹਰੇਕ ਦੇਸ਼ ਅਤੇ ਕੌਮ ਦਾ ਇਤਿਹਾਸ ਵੀਰਾਂ-ਬਹਾਦਰਾਂ ਦੀਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ। ਹਰ ਕਾਲ ਤੇ ਯੁੱਗ ਵਿੱਚ ਅਜਿਹੇ ਸੂਰਮੇ ਹੋਏ ਹਨ ਜਿਨ੍ਹਾਂ ਨੇ ਆਪਣੇ ਸਾਹਸ ਭਰੇ ਕਾਰਨਾਮਿਆਂ ਨਾਲ ਲੋਕਾਂ 'ਚ ਉਤਸ਼ਾਹ ਪੈਦਾ ਕਰ ਕੇ ਉਨ੍ਹਾਂ ਨੂੰ ਪ੍ਰੇਰਨਾ ਦਿੱਤੀ। ਇਹ ਕਹਾਣੀ ਹਜ਼ਾਰਾਂ ਸਾਲ ਪੁਰਾਣੀ ਹੈ। ਕਹਿੰਦੇ ਹਨ ਕਿ ਰੋਮ 'ਤੇ ਟਾਰਕਿਵਨ ਨਾਂ ਦਾ ਰਾਜਾ ਰਾਜ ਕਰਦਾ ਸੀ। ਉਹ ਬਹੁਤ ਹੀ ਜ਼ਾਲਮ ਪ੍ਰਵਿਰਤੀ ਦਾ ਸ਼ਾਸਕ ਸੀ ਜੋ ਜਨਤਾ ਤੋਂ ਭਾਰੀ ਟੈਕਸ ਵਸੂਲ ਕਰਦਾ ਅਤੇ ਉਸ ਆਮਦਨ ਆਮਦਨ ਨੂੰ ਆਪਣੀ ਐਸ਼ੋ-ਇਸ਼ਰਤ 'ਤੇ ਅੰਨ੍ਹੇਵਾਹ ਖਰਚ ਕਰਦਾ ਸੀ। ਲੋਕ ਭਲਾਈ ਨਾਲ ਉਸ ਦਾ ਦੂਰ ਨੇੜੇ ਦਾ ਵਾਸਤਾ ਨਹੀਂ ਸੀ। ਇਸ ਕਰਕੇ ਪਰਜਾ ਉਸ ਦੇ ਤਾਨਾਸ਼ਾਹੀ ਰਵੱਈਏ ਤੋਂ ਪੂਰੀ ਤਰ੍ਹਾਂ ਤੰਗ ਹੋ ਗਈ। ਅੰਤ ਲੋਕਾਂ ਨੇ ਰਾਜੇ ਵਿਰੁੱਧ ਬਗ਼ਾਵਤ ਕਰ ਦਿੱਤੀ। ਰਾਜ ਪਲਟੇ ਤੋਂ ਬਾਅਦ ਪਰਜਾ ਨੇ ਫ਼ੈਸਲਾ ਕੀਤਾ ਕਿ ਦੇਸ਼ ਦਾ ਸ਼ਾਸਨ ਕਿਸੇ ਬਾਦਸ਼ਾਹ ਦੇ ਅਧੀਨ ਨਹੀਂ ਸਗੋਂ ਵਿਦਵਾਨ ਅਤੇ ਬੁੱਧੀਮਾਨ ਲੋਕਾਂ ਦੀ ਇੱਕ ਸਭਾ ਰਾਜ ਦਾ ਪ੍ਰਬੰਧ ਕਰੇਗੀ। ਬਾਦਸ਼ਾਹ ਟਾਰਕਿਵਨ ਦੇ ਮਨ 'ਚ ਰਾਜ ਦੇ ਖੋਹੇ ਜਾਣ ਦਾ ਬਹੁਤ ਦੁੱਖ ਸੀ ਪਰ ਉਹ ਐਨੀ ਆਸਾਨੀ ਨਾਲ ਹਾਰ ਮੰਨਣ ਵਾਲਾ ਨਹੀਂ ਸੀ। ਉਹ ਰਾਜਗੱਦੀ ਦਾ ਬਹੁਤ ਭੁੱਖਾ ਸੀ ਤੇ ਉਸ ਨੂੰ ਪ੍ਰਾਪਤ ਕਰਨ ਲਈ ਕਿਸੇ ਵੀ ਹੱਦ ਤਕ ਜਾ ਸਕਦਾ ਸੀ। ਉਸ ਨੇ ਗੁਆਂਢੀ ਰਾਜੇ ਲਾਰਸ ਪ੍ਰੋਸੇਨ ਤੋਂ ਸਹਾਇਤਾ ਮੰਗੀ। ਟਾਰਕਿਵਨ ਨੇ ਉਸ ਨੂੰ ਭੜਕਾਇਆ ਕਿ ਜਿਵੇਂ ਅੱਜ ਮੇਰਾ ਰਾਜ ਖੋਹ ਲਿਆ ਗਿਆ ਹੈ, ਉਸ ਪ੍ਰਕਾਰ ਹੀ ਦੇਸ਼ ਦੀ ਜਨਤਾ ਕੱਲ੍ਹ ਨੂੰ ਤੈਨੂੰ ਵੀ ਗੱਦੀ ਤੋਂ ਲਾਹ ਸਕਦੀ ਹੈ। ਇਸ ਪ੍ਰਵਿਰਤੀ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਰੋਮ ਦੀ ਜਨਤਾ ਨੂੰ ਸਬਕ ਸਿਖਾਇਆ ਜਾਵੇ। ਲਾਰਸ ਪ੍ਰੋਸੇਨ ਇਸ ਗੱਲ ਤੋਂ ਬਹੁਤ ਡਰ ਗਿਆ ਅਤੇ ਉਸ ਨੇ ਟਾਰਕਿਵਨ ਦੀ ਸਹਾਇਤਾ ਲਈ ਵਿਸ਼ਾਲ ਸੈਨਾ ਭੇਜ ਦਿੱਤੀ। ਸੈਨਿਕਾਂ ਦੇ ਹੱਥਾਂ 'ਚ ਤਲਵਾਰਾਂ ਅਤੇ ਬਰਛੇ ਚਮਕ ਰਹੇ ਸਨ ਤੇ ਉਨ੍ਹਾਂ ਦੇ ਕਦਮਾਂ ਦੀ ਧੂੜ ਅਸਮਾਨ ਵੱਲ ਉੱਡਦੀ ਸਾਫ਼ ਵਿਖਾਈ ਦੇ ਰਹੀ ਸੀ। ਉਹ ਰਸਤੇ 'ਚ ਆਉਂਦੇ ਪਿੰਡ ਨੂੰ ਲੁੱਟਣ ਤੋਂ ਬਾਅਦ ਅੱਗ ਲਾ ਦਿੰਦੇ ਸਨ। ਇਸ ਤਰ੍ਹਾਂ ਪਿੰਡਾਂ ਦੇ ਲੋਕ ਡਰਦੇ ਹੋਏ ਜਿੰਨਾ ਵੀ ਸਾਮਾਨ ਲਿਜਾ ਸਕਦੇ ਸਨ, ਉਸ ਨੂੰ ਲੈ ਕੇ ਰੋਮ ਵੱਲ ਭੱਜਣ ਲੱਗੇ। ਸਭ ਦੀਆਂ ਅੱਖਾਂ 'ਚ ਡਰ ਸਾਫ਼ ਦਿਖਾਈ ਦੇ ਰਿਹਾ ਸੀ। ਉਹ ਡਿੱਗਦੇ-ਢਹਿੰਦੇ ਰੋਮ ਵੱਲ ਭੱਜ ਰਹੇ ਸਨ। ਰੋਮ ਦਾ ਸੁੰਦਰ ਸ਼ਹਿਰ ਟਾਈਬਰ, ਟਾਈਬਰ ਨਦੀ ਦੇ ਕਿਨਾਰੇ ਵਸਿਆ ਹੋਇਆ ਸੀ ਅਤੇ ਸ਼ਹਿਰ ਵਿੱਚ ਪ੍ਰਵੇਸ਼ ਹੋਣ ਲਈ ਨਦੀ 'ਤੇ ਇੱਕ ਲੱਕੜ ਦਾ ਜ਼ਬਰਦਸਤ ਪੁਲ਼ ਬਣਿਆ ਹੋਇਆ ਸੀ। ਉਹ ਪੁਲ਼ ਆਪਣੇ ਸਮੇਂ ਦਾ ਕਲਾ ਦਾ ਉੱਤਮ ਨਮੂਨਾ ਸੀ ਤੇ ਲੋਕ ਦੂਰੋਂ-ਦੂਰੋਂ ਉਸ ਨੂੰ ਵੇਖਣ ਲਈ ਆਉਂਦੇ ਸਨ। ਉਸ ਪੁਲ਼ ਦੀ ਇੱਕ ਖ਼ਾਸੀਅਤ ਇਹ ਸੀ ਕਿ ਉਹ ਐਨਾ ਤੰਗ ਸੀ ਕਿ ਉਸ ਉੱਤੇ ਇੱਕ ਵਾਰ ਜ਼ਿਆਦਾ ਤੋਂ ਜ਼ਿਆਦਾ ਤਿੰਨ ਆਦਮੀ 'ਕੱਠੇ ਖੜ੍ਹੇ ਹੋ ਸਕਦੇ ਸਨ। ਨਦੀ ਦੇ ਇੱਕ ਪਾਸੇ ਰੋਮ ਅਤੇ ਦੂਜੇ ਪਾਸੇ ਜੈਨਿਕੁਲਮ ਦਾ ਕਿਲ੍ਹਾ ਸੀ। ਉਹ ਕਿਲ੍ਹਾ ਵੈਰੀਆਂ ਨੂੰ ਰੋਕਣ ਲਈ ਬਣਾਇਆ ਗਿਆ ਸੀ। ਕਿਲ੍ਹੇ ਦੇ ਸੈਨਿਕਾਂ ਨੇ ਸ਼ੋਰ ਦੀ ਆਵਾਜ਼ ਸੁਣੀ ਤਾਂ ਉਹ ਬਾਹਰ ਆ ਗਏ। ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੇ ਰੋ-ਰੋ ਕੇ ਸਾਰਾ ਹਾਲ ਸੁਣਾਇਆ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਲੁੱਟਿਆ ਗਿਆ ਤੇ ਸੰਪਤੀ ਮਚਾ ਦਿੱਤੀ ਗਈ। ਉਨ੍ਹਾਂ ਨੇ ਸੈਨਿਕਾਂ ਤੋਂ ਸੁਰੱਖਿਆ ਲਈ ਬੇਨਤੀ ਕੀਤੀ। ਇਹ ਸਾਰਾ ਹਾਲ ਸੁਣ ਕੇ ਕਿਲ੍ਹੇ ਦੇ ਸੈਨਾਪਤੀ ਨੇ ਕਿਹਾ, "ਹੁਣ ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਪੁਲ਼ ਨੂੰ ਪਾਰ ਕਰਦੇ ਹੋਏ ਸ਼ਹਿਰ 'ਚ ਚਲੇ ਜਾਓ। ਸ਼ਹਿਰ ਦੇ ਚਾਰੇ ਪਾਸੇ ਘੇਰਾਬੰਦੀ ਬਹੁਤ ਮਜ਼ਬੂਤ ਹੈ। ਤੁਸੀਂ ਲੋਕ ਅੰਦਰ ਜਾ ਕੇ ਪੂਰੀ ਤਰ੍ਹਾਂ ਸੁਰੱਖਿਅਤ ਰਹੋਗੇ। ਅਸੀਂ ਵੈਰੀਆਂ ਨਾਲ ਮੁਕਾਬਲਾ ਕਰਾਂਗੇ।"

ਇਸ ਤਰ੍ਹਾਂ ਪਿੰਡਾਂ ਦੇ ਲੋਕ ਬੇਫ਼ਿਕਰ ਹੋ ਕੇ ਪੁਅ ਰਾਹੀਂ ਰੋਮ ਦੀ ਮਜ਼ਬੂਤ ਬਣੀ ਹੋਈ ਚਾਰਦੀਵਾਰੀ 'ਚ ਪਹੁੰਚ ਗਏ ਤੇ ਉੱਥੋਂ ਦੇ ਲੋਕਾਂ ਨੂੰ ਹੱਡ-ਬੀਤੀ ਸੁਣਾਉਣ ਲੱਗੇ। ਇਸ ਦੇ ਦੂਜੇ ਪਾਸੇ ਜੈਨਿਕੁਲਮ ਕਿਲ੍ਹੇ ਦੇ ਸੈਨਿਕਾਂ ਨੇ ਜਦੋਂ ਦੁਸ਼ਮਣਾਂ ਦੇ ਕਦਮਾਂ ਨਾਲ ਆਸਮਾਨ ਵੱਲ ਉੱਡਦੀ ਹੋਈ ਧੂੜ ਵੇਖੀ ਤਾਂ ਖ਼ਤਰੇ ਦਾ ਅਲਾਰਮ ਵਜਾਉਂਦੇ ਹੋਏ ਸਭ ਨੂੰ ਸੁਚੇਤ ਰਹਿਣ ਦੇ ਨਿਰਦੇਸ਼ ਦੇ ਦਿੱਤੇ। ਰੋਮ ਦੇ ਨਿਵਾਸੀ ਆਪਣੀਆਂ ਛੱਤਾਂ ਉੱਪਰ ਖੜ੍ਹੇ ਹੋ ਕੇ ਦੁਸ਼ਮਣ ਦੀ ਸੈਨਾ ਨੂੰ ਵੇਖਣ ਲੱਗੇ। ਜ਼ਿਆਦਾਤਰ ਲੋਕਾਂ ਦੀਆਂ ਅੱਖਾਂ 'ਚ ਦਹਿਸ਼ਤ ਦੇ ਚਿੰਨ੍ਹ ਸਾਫ਼ ਦਿਖਾਈ ਦੇ ਰਹੇ ਸਨ ਤੇ ਕੁਝ ਕੁ ਪੂਰੇ ਜੋਸ਼ ਨਾਲ ਗੱਲਾਂ ਕਰਨ ਲੱਗੇ।

ਦੁਸ਼ਮਣ ਦੀ ਸੈਨਾ ਨਜ਼ਦੀਕ ਪਹੁੰਚਣ 'ਤੇ ਕਿਲ੍ਹੇ ਦੇ ਸੈਨਿਕਾਂ ਨੇ ਉਨ੍ਹਾਂ 'ਤੇ ਹਮਲਾ ਬੋਲ ਦਿੱਤਾ। ਦੋਵਾਂ ਵਿਚਕਾਰ ਘਮਸਾਨ ਯੁੱਧ ਛਿੜ ਪਿਆ। ਇਹ ਕਹਾਣੀ ਸੁਣ ਕੇ ਪ੍ਰਧਾਨ ਮੰਤਰੀ ਕੁਝ ਸਮਾਂ ਚਿੰਤਾ ਦੀ ਸਥਿਤੀ 'ਚ ਘੁੰਮਦੇ ਰਹੇ ਅਤੇ ਫਿਰ ਯਕਦਮ ਬੋਲ ਪਏ, "ਰੋਮ ਵਿੱਚ ਪ੍ਰਵੇਸ਼ ਹੋਣ ਲਈ ਇੱਕ ਹੀ ਰਸਤਾ ਹੈ ਤੇ ਉਹ ਲੱਕੜ ਦਾ ਪੁਲ਼ ਹੈ। ਜੇ ਉਸ ਪੁਲ਼ ਨੂੰ ਕਿਸੇ ਤਰੀਕੇ ਨਾਲ ਕੱਟ ਦਿੱਤਾ ਜਾਵੇ ਤਾਂ ਵੈਰੀ ਸ਼ਹਿਰ 'ਚ ਨਹੀਂ ਆ ਸਕਦਾ।" ਸਾਰੇ ਇਸ ਦਲੀਲ ਨਾਲ ਸਹਿਮਤ ਹੋ ਗਏ ਪਰ ਇਹ ਕੰਮ ਇੰਨਾ ਆਸਾਨ ਨਹੀਂ ਸੀ। ਸਿਰ 'ਤੇ ਕਫ਼ਨ ਬੰਨ੍ਹ ਕੇ ਹੀ ਇਹ ਕੰਮ ਹੋ ਸਕਦਾ ਸੀ। ਇਸ ਲਈ ਸਭ ਤੋਂ ਵੱਡੀ ਮੁਸ਼ਕਲ ਇਹ ਸੀ ਕਿ ਪੁਲ਼ ਨੂੰ ਕੱਟਦੇ ਸਮੇਂ ਵੈਰੀ ਸੈਨਾ ਨੂੰ ਬਾਹਰ ਰੋਕਣਾ ਬਹੁਤ ਜ਼ਰੂਰੀ ਸੀ ਅਤੇ ਇਹ ਕੰਮ ਕਹਿਣ ਨਾਲੋਂ ਕਰਨਾ ਬਹੁਤ ਔਖਾ ਸੀ। ਵੈਰੀ ਦੀ ਵਿਸ਼ਾਲ ਸੈਨਾ ਨੂੰ ਪੁਲ਼ ਕੱਟਣ ਤਕ ਬਾਹਰ ਰੋਕ ਕੇ ਕਿਵੇਂ ਰੱਖਿਆ ਜਾ ਸਕਦਾ ਹੈ ? ਇੱਕ ਤਰ੍ਹਾਂ ਇਹ ਸੂਲੀ ਦੀ ਉਹ ਛਾਲ ਸੀ ਜਿਸ ਨਾਲ ਕੁਰਬਾਨ ਹੋਣਾ ਬਿਲਕੁਲ ਤੈਅ ਸੀ।

ਉਸ ਸਮੇਂ ਹੀ ਅਚਾਨਕ ਸਭਾ 'ਚੋਂ ਇੱਕ ਸ਼ੇਰ ਵਾਂਗ ਗਰਜਵੀਂ ਆਵਾਜ਼ ਆਈ ਕਿ 'ਦੁਸ਼ਮਣਾਂ ਨੂੰ ਮੈਂ ਰੋਕਾਂਗਾ'। ਭੀੜ ਨੂੰ ਚੀਰ ਕੇ ਜੋ ਆਦਮੀ ਬਾਹਰ ਆਇਆ, ਉਸ ਦਾ ਨਾਂ ਹੋਰੇਸ਼ਸ ਸੀ। ਉਹ ਬਹੁਤ ਹੀ ਕੱਦਾਵਰ ਤੇ ਸੋਹਣਾ ਨੌਜਵਾਨ ਸੀ। ਉਸ ਨੇ ਕਈ ਲੜਾਈਆਂ ਵਿੱਚ ਬੜੀ ਬਹਾਦਰੀ ਵਿਖਾਈ ਸੀ ਤੇ ਭਾਰੀ ਤੋਂ ਭਾਰੀ ਆਫ਼ਤ ਆਉਣ 'ਤੇ ਵੀ ਨਹੀਂ ਸੀ ਘਬਰਾਉਂਦਾ। ਇਸ ਤਰ੍ਹਾਂ ਉਸ ਨੌਜਵਾਨ ਦਾ ਹੌਸਲਾ ਵੇਖਦੇ ਹੋਏ ਪ੍ਰਧਾਨ ਮੰਤਰੀ ਨੇ ਬੜੀ ਹੈਰਾਨੀ ਨਾਲ ਪੁੱਛਿਆ, "ਨੌਜਵਾਨ। ਤੁਸੀਂ ਇਹ ਕੰਮ ਇਕੱਲੇ ਕਿਵੇਂ ਕਰੋਗੇ ?"

"ਮੈਨੂੰ ਦੋ ਹੋਰ ਅਜਿਹੇ ਬਹਾਦਰਾਂ ਦੀ ਲੋੜ ਹੈ ਜਿਨ੍ਹਾਂ ਨੂੰ ਜ਼ਿੰਦਗੀ ਦੀ ਪਰਵਾਹ ਨਾ ਹੋਵੇ। ਇਸ ਲਈ ਕਿਉਂਕਿ ਪੁਲ਼ 'ਤੇ ਇੱਕ ਬਰਾਬਰ ਸਿਰਫ਼ ਤਿੰਨ ਹੀ ਸੈਨਿਕ ਖੜ੍ਹੇ ਹੋ ਸਕਦੇ ਹਨ। ਅਸੀਂ ਤਿੰਨ ਪੁਲ਼ ਦੇ ਕਿਨਾਰੇ 'ਤੇ ਖੜ੍ਹੇ ਹੋਏ ਵੈਰੀਆਂ ਨੂੰ ਰੋਕਾਂਗੇ ਅਤੇ ਇਧਰ ਆਪ ਪੁਲ਼ ਨੂੰ ਕੱਟਣਾ ਸ਼ੁਰੂ ਕਰ ਦੇਣਾ।" ਉਸ ਨੌਜਵਾਨ ਨੇ ਬੜੀ ਵਜ਼ਨਦਾਰ ਦਲੀਲ ਦਿੱਤੀ।

ਇਸ ਤੋਂ ਕੁਝ ਸਮੇਂ ਬਾਅਦ ਹੀ ਜੈਨਿਕੁਲਮ ਦਾ ਕਿਲ੍ਹਾ ਢਹਿ-ਢੇਰੀ ਹੋ ਗਿਆ ਅਤੇ ਵੈਰੀ ਦੀ ਸੈਨਾ ਰੋਮ ਵਿੱਚ ਦਾਖ਼ਲ ਹੋਣ ਲਈ ਅੱਗੇ ਵਧਣ ਲੱਗੀ। ਦੁਸ਼ਮਣ ਦੇ ਸੈਨਾਪਤੀ ਨੂੰ ਉਸ ਸਮੇਂ ਬੜੀ ਹੈਰਾਨੀ ਹੋਈ, ਜਦੋਂ ਉਸ ਨੇ ਵੇਖਿਆ ਕਿ ਸਿਰਫ਼ ਤਿੰਨ ਸੈਨਿਕ ਐਨੀ ਵਿਸ਼ਾਲ ਸੈਨਾ ਨੂੰ ਰੋਕਣ ਲਈ ਖੜ੍ਹੇ ਹਨ। ਥੋੜ੍ਹਾ ਜਿਹਾ ਅੱਗੇ ਵਧਣ 'ਤੇ ਉਸ ਨੂੰ ਅਸਲੀ ਗੱਲ ਸਮਝ ਆਈ ਕਿ ਹਜ਼ਾਰਾਂ ਰੋਮ ਵਾਸੀ ਪੁਲ਼ ਨੂੰ ਕੱਟਣ ਲੱਗੇ ਹੋਏ ਹਨ। ਉਸ ਨੇ ਆਪਣੇ ਸੈਨਿਕਾਂ ਨੂੰ ਆਦੇਸ਼ ਦਿੱਤਾ ਕਿ ਪੁਲ 'ਤੇ ਖੜ੍ਹੇ ਤਿੰਨਾਂ ਸੈਨਿਕਾਂ ਨੂੰ ਛੇਤੀ ਤੋਂ ਛੇਤੀ ਮਾਰ ਕੇ ਪੁਲ਼ ਨੂੰ ਟੁੱਟਣ ਤੋਂ ਬਚਾਓ। ਉਨ੍ਹਾਂ ਦੇ ਤਿੰਨ ਸੈਨਿਕ ਅੱਗੇ ਵਧੇ। ਹੋਰੇਸ਼ਸ ਅਤੇ ਉਸ ਦੇ ਸਾਥੀਆਂ ਦੇ ਬਰਛੇ ਚਮਕੇ ਅਤੇ ਸੈਨਾ ਦੇ ਤਿੰਨ ਸੈਨਿਕ ਤੜਫਦੇ ਹੋਏ ਹੇਠਾਂ ਡਿੱਗ ਪਏ। ਲੋਕ ਛੱਤਾਂ 'ਤੇ ਦੂਰ ਖੜ੍ਹੇ ਸ਼ੋਰ ਮਚਾ-ਮਚਾ ਕੇ ਆਪਣੇ ਬਹਾਦਰਾਂ ਦਾ ਹੌਸਲਾ ਵਧਾ ਰਹੇ ਸਨ। ਇੱਕ ਵਾਰ ਫਿਰ ਵੈਰੀ ਦੀ ਸੈਨਾ ਦੇ ਤਿੰਨ ਸੈਨਿਕ ਅੱਗੇ ਆਏ ਅਤੇ ਹੋਰੇਸ਼ਸ ਨੇ ਜਾਨ ਦੀ ਬਾਜ਼ੀ ਲਾ ਕੇ ਇੱਕ ਨੂੰ ਨਦੀ ਵਿੱਚ ਸੁੱਟ ਦਿੱਤਾ ਅਤੇ ਬਾਕੀ ਦੋਵਾਂ ਨੂੰ ਮਾਰ ਮੁਕਾਇਆ। ਪੁਲ਼ ਦੇ ਕੱਟੇ ਜਾਣ ਕਾਰਨ ਪਿੱਛੇ ਭਾਰੀ ਸ਼ੋਰ ਸੁਣਾਈ ਦੇ ਰਿਹਾ ਸੀ। ਦੁਸ਼ਮਣ ਦੇ ਸੈਨਾਪਤੀ ਦੀ ਬੁਖਲਾਹਟ ਪਲ-ਪਲ ਵਧਦੀ ਜਾ ਰਹੀ ਸੀ ਕਿਉਂਕਿ ਤਦ ਤਕ ਪੁਲ਼ ਦਾ ਬਹੁਤ ਸਾਰਾ ਹਿੱਸਾ ਵੱਢਿਆ ਜਾ ਚੁੱਕਾ ਸੀ।

ਰੋਮ ਦੇ ਸੈਨਾਪਤੀ ਨੇ ਬਹਾਦਰ ਸੈਨਿਕਾਂ ਨੂੰ ਕਿਹਾ, "ਹੁਣ ਤੁਸੀਂ ਵਾਪਸ ਪਰਤ ਆਓ ਕਿਉਂਕਿ ਪੁਲ਼ ਟੁੱਟ ਕੇ ਡਿੱਗਣ ਵਾਲਾ ਹੈ।"

ਇਹ ਆਵਾਜ਼ ਸੁਣਦੇ ਹੀ ਹਰਮੀ ਨਿਯਸ ਅਤੇ ਸਪੂ ਰਿਯਸ ਦੌੜ ਕੇ ਪੁਲ਼ ਦੇ ਦੂਜੇ ਪਾਸੇ ਪਹੁੰਚ ਗਏ। ਹੋਰੇਸ਼ਸ 'ਕੱਲਾ ਰਹਿ ਗਿਆ ਸੀ। ਲੋਕਾਂ ਨੇ ਸ਼ੋਰ ਮਚਾਉਂਦੇ ਹੋਏ ਕਿਹਾ, "ਹੋਰੇਸ਼ਸ ! ਤੁਸੀਂ ਵੀ ਵਾਪਸ ਆ ਜਾਓ। ਹੁਣ ਅਸੀਂ ਖਤਰੇ ਤੋਂ ਬਾਹਰ ਹੋ ਗਏ ਹਾਂ।" ਹੋਰੇਸ਼ਸ ਕਿੱਥੇ ਮੰਨਣ ਵਾਲਾ ਸੀ ? ਉਸ ਨੇ ਜਵਾਬ ਦਿੰਦੇ ਹੋਏ ਕਿਹਾ, "ਜਦੋਂ ਤਕ ਪੁਲ਼ ਦਾ ਆਖ਼ਰੀ ਟੁੱਕੜਾ ਟੁੱਟ ਕੇ ਨਦੀ 'ਚ ਨਹੀਂ ਡਿੱਗਦਾ, ਤਦ ਤਕ ਮੈਂ ਪਿੱਛੇ ਨਹੀਂ ਹਟਾਂਗਾ।" ਹੁਣ ਉਹ ਇਕੱਲਾ ਹੀ ਤਿੰਨ-ਤਿੰਨ ਸੈਨਿਕਾਂ ਦਾ ਮੁਕਾਬਲਾ ਕਰ ਰਿਹਾ ਸੀ। ਦੁਸ਼ਮਣ ਦਾ ਸੈਨਾਪਤੀ ਹੋਰੇਸ਼ਸ ਦਾ ਇਹ ਬਹਾਦਰੀ ਭਰਿਆ ਕਾਰਨਾਮਾ ਵੇਖਦੇ ਹੋਏ ਦੰਦਾਂ ਹੇਠਾਂ ਉਂਗਲ ਦੇ ਕੇ ਖੜ੍ਹਾ ਸੀ। ਰੋਮ ਦੀ ਪਰਜਾ ਨਾਅਰੇ ਲਾ ਰਹੀ ਸੀ, "ਹੋਰੇਸ਼ਸ ਜ਼ਿੰਦਾਬਾਦ ! ਹੋਰੇਸ਼ਸ ਜ਼ਿੰਦਾਬਾਦ !" ਤਦ ਉਸ ਸਮੇਂ ਭਾਰੀ ਹਿਲਜੁਲ ਨਾਲ ਪੁਲ਼ ਟੁੱਟ ਕੇ ਨਦੀ 'ਚ ਡਿੱਗ ਪਿਆ। ਇਹ ਵੇਖਦੇ ਹੋਏ ਹੋਰੇਸ਼ਸ ਨੇ ਨਦੀ ਵਿੱਚ ਛਾਲ ਮਾਰ ਦਿੱਤੀ। ਰੋਮ ਦੇ ਨਿਵਾਸੀ ਅਸਮਾਨ ਵੱਲ ਨਜ਼ਰਾਂ ਕਰਕੇ ਹੋਰੇਸ਼ਸ ਦੀ ਜ਼ਿੰਦਗੀ ਦੀ ਸਲਾਮਤੀ ਲਈ ਪ੍ਰਾਰਥਨਾ ਕਰ ਰਹੇ ਸਨ। ਇੱਥੋਂ ਤਕ ਕਿ ਪ੍ਰਧਾਨ ਮੰਤਰੀ ਤੇ ਸੈਨਾਪਤੀ ਨੇ ਵੀ ਉਸ ਬਹਾਦਰ ਦੇ ਪ੍ਰਾਣ ਰੱਖਿਆ ਲਈ ਪ੍ਰਾਰਥਨਾ ਕੀਤੀ। ਹੋਰੇਸ਼ਸ ਨੇ ਸਰੀਰ 'ਤੇ ਲੋਹੇ ਦਾ ਭਾਰੀ ਕਵਚ ਪਹਿਨਿਆ ਹੋਇਆ ਸੀ। ਉਸ ਨੂੰ ਤੈਰਨ 'ਚ ਤਕਲੀਫ਼ ਹੋ ਰਹੀ ਸੀ। ਅਚਾਨਕ ਉਹ ਪਾਣੀ 'ਚ ਗੁੰਮ ਹੋ ਗਿਆ। ਰੋਮਨ ਚਿੰਤਾ 'ਚ ਡੁੱਬ ਗਏ। ਕੀ ਟਾਈਬਰ ਨਦੀ ਨੇ ਰੋਮ ਦੇ ਬਹਾਦਰ ਯੋਧੇ ਦੀ ਕੀਮਤ ਵਸੂਲ ਕਰ ਲਈ ? ਕੀ ਦੇਸ਼ ਦੇ ਰੱਖਿਅਕ ਦੀ ਰੱਖਿਆ ਟਾਈਬਰ ਨਦੀ ਨਹੀਂ ਕਰੇਗੀ ?

ਤਦ ਸਭ ਨੇ ਵੇਖਿਆ ਕਿ ਅਚਾਨਕ ਹੋਰੇਸ਼ਸ ਨਦੀ ਦੇ ਕਿਨਾਰੇ 'ਤੇ ਬਾਹਰ ਆ ਗਿਆ। ਲੋਕਾਂ ਦੀਆਂ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਨ੍ਹਾਂ ਨੇ ਹੋਰੇਸ਼ਸ ਨੂੰ ਮੋਢਿਆਂ ਉੱਤੇ ਚੁੱਕ ਲਿਆ ਅਤੇ ਉਸ ਦੀ ਜੈ, ਜੈਕਾਰ ਕਰਨ ਲੱਗੇ।

---

# ਤੁਹਾਡੀ ਰਸੋਈ

## ਸ਼ਕਰਕੰਦੀ ਦੇ ਗੁਲਾਬ ਜਾਮੁਨ



### ਸਮੱਗਰੀ

- ਸ਼ਕਰਕੰਦੀ ਅੱਧਾ ਕਿੱਲੋ
- ਖੰਡ 500 ਗ੍ਰਾਮ
- ਮੈਦਾ ਅੱਧਾ ਕੱਪ
- ਸੋਡਾ ਬਾਈਕਾਰਬ ਅੱਧਾ ਛੋਟਾ ਚੱਮਚ
- ਦੇਸੀ ਘਿਓ 1 ਵੱਡਾ ਚੱਮਚ
- ਸੌਗੀ (ਕਿਸ਼ਮਿਸ਼) ਥੋੜ੍ਹੀ ਜਿਹੀ
- ਤੇਲ ਤਲਣ ਲਈ

### ਵਿਧੀ

ਸ਼ਕਰਕੰਦੀ ਨੂੰ ਘੱਟ ਪਾਣੀ ਪਾ ਕੇ ਪ੍ਰੈਸ਼ਰ ਕੁੱਕਰ 'ਚ ਉਬਾਲ ਕੇ ਛਿੱਲ ਲਓ। ਕਿਸੇ ਭਾਂਡੇ 'ਚ ਪਾਣੀ ਤੇ ਖੰਡ ਮਿਲਾ ਕੇ ਇਕ ਤਾਰ ਦੀ ਚਾਸ਼ਨੀ ਬਣਾਓ। ਸੋਡੇ ਤੇ ਮੈਦੇ ਨੂੰ ਇਕੱਠਿਆਂ ਛਾਣ ਲਓ ਤੇ ਥੋੜ੍ਹਾ ਜਿਹਾ ਘਿਓ ਪਾ ਕੇ ਉਸ ਨੂੰ ਉੱਬਲੀ ਸ਼ਕਰਕੰਦੀ ਨਾਲ ਗੁੰਨ੍ਹ ਲਓ। ਹੁਣ ਇਸ ਦੇ ਛੋਟੇ-ਛੋਟੇ ਪੇੜੇ ਬਣਾਓ ਤੇ ਹਰ ਪੇੜੇ 'ਚ ਇਕ-ਇਕ ਸੌਗੀ (ਕਿਸ਼ਮਿਸ਼) ਰੱਖ ਦਿਓ। ਕੜਾਹੀ 'ਚ ਤੇਲ ਗਰਮ ਕੇ ਇਨ੍ਹਾਂ ਨੂੰ ਸੁਨਹਿਰਾ ਭੂਰਾ ਹੋਣ ਤਕ ਤਲ ਲਓ ਤੇ ਇਕ ਤਾਰ ਦੀ ਚਾਸ਼ਨੀ 'ਚ ਪਾਉਂਦੇ ਜਾਓ। ਸ਼ਕਰਕੰਦੀ ਦੇ ਗੁਲਾਬ ਜਾਮੁਨ ਤਿਆਰ ਹਨ, ਤੁਸੀਂ ਇਨ੍ਹਾਂ ਨੂੰ ਗਰਮ ਤੇ ਠੰਡਾ ਦੋਵੇਂ ਤਰੀਕੇ ਨਾਲ ਪਰੋਸ ਸਕਦੇ ਹੋ।

## ਅਦਰਕ ਅਤੇ ਗਾਜਰ ਦਾ ਸੂਪ

### ਸਮੱਗਰੀ

- 5 ਗਾਜਰਾਂ
- 2 ਇੰਚ ਲੰਬਾ ਅਦਰਕ ਦਾ ਟੁਕੜਾ
- 2 ਪਿਆਜ਼
- 1 ਕੱਪ ਸਬਜ਼ੀਆਂ ਦਾ ਸ਼ੋਰਬਾ
- ਇਕ ਤਿਹਾਈ ਕੱਪ ਸੰਤਰੇ ਦਾ ਰਸ
- ਨਮਕ ਸਵਾਦ ਅਨੁਸਾਰ
- 2 ਚਮਚ ਪੀਸੀ ਕਾਲੀ ਮਿਰਚ
- 2 ਚਮਚ ਆਲਿਵ ਆਇਲ

### ਵਿਧੀ

ਪੈਨ ਲਓ ਅਤੇ ਉਸ 'ਚ ਤੇਲ ਗਰਮ ਕਰੋ। ਇਸ 'ਚ ਕੱਟੇ ਹੋਏ ਪਿਆਜ਼ ਅਤੇ ਪੀਸਿਆ ਅਦਰਕ ਪਾ ਕੇ ਦੋ ਮਿੰਟ ਦੇ ਲਈ ਮੱਧਮ ਅੱਗ 'ਤੇ ਪਕਾ ਲਓ। ਇਸ 'ਚ ਸਬਜ਼ੀਆਂ ਦਾ ਸ਼ੋਰਬਾ ਪਾਓ ਅਤੇ ਅੱਗ ਨੂੰ ਮੱਧਮ ਕਰ ਦਿਓ, ਇਸ ਨੂੰ 25-30 ਮਿੰਟ ਦੇ ਲਈ ਪੱਕਣ ਦਿਓ ਤਾਂ ਕਿ ਸੂਪ ਗਾੜ੍ਹਾ ਹੋ ਜਾਏ। ਇਸ ਦੇ ਬਾਅਦ ਇਸ 'ਚ ਸੰਤਰੇ ਦਾ ਰਸ ਪਾਓ ਅਤੇ 2-3 ਮਿੰਟ ਦੇ ਲਈ ਮੱਧਮ ਅੱਗ 'ਤੇ ਪਕਾਓ ਅਤੇ ਫਿਰ ਗੈਸ ਬੰਦ ਕਰ ਦਿਓ। ਹੁਣ ਪਾਓ ਅਤੇ ਉਸ 'ਚ ਨਮਕ ਅਤੇ ਇਸ ਤਿਆਰ ਸੂਪ ਨੂੰ ਇਕ ਬਾਊਲ 'ਚ ਕਾਲੀ ਮਿਰਚ ਛਿੜਕ ਕੇ ਪਰੋਸੋ।



### ਘਰੇਲੂ ਟਿਪਸ

ਮਾਹਵਾਰੀ ਤਕਲੀਫ ਤੇ ਦਰਦ ਨਾਲ ਆਉਣੀ : 2 ਚਮਚ ਅਜਵਾਇਣ 2 ਕੱਪ ਪਾਣੀ ਵਿਚ ਪਾ ਕੇ ਉਬਾਲੋ। ਇਕ ਕੱਪ ਬਾਕੀ ਰੱਖ ਲਵੋ। ਇਸ ਵਿਚ ਗੁੜ ਮਿਲਾ ਕੇ ਸਵੇਰੇ ਖਾਲੀ ਪੇਟ ਚਾਹ ਵਾਂਗ ਪੀਓ। ਇਹ ਨੁਸਖਾ ਰੋਜ਼ਾਨਾ ਸਵੇਰੇ-ਸ਼ਾਮ 3 ਦਿਨ ਕਰੋ। ਆਮ ਤੌਰ 'ਤੇ 3 ਮਾਹਵਾਰੀਆਂ ਤਕ ਇਹ ਤਜਰਬਾ ਕਰਨਾ ਠੀਕ ਰਹਿੰਦਾ ਹੈ। ਮਾਹਵਾਰੀ ਆਉਣ ਤੋਂ 3 ਦਿਨ ਪਹਿਲਾਂ ਇਹ ਤਜਰਬਾ ਕਰਨ ਨਾਲ ਮਾਹਵਾਰੀ ਸਮੇਂ 'ਤੇ ਖੁੱਲ੍ਹ ਕੇ ਆਉਂਦੀ ਹੈ।

ਪੇਟ 'ਚ ਗੈਸ : ਅਜਵਾਇਣ ਦੇ ਨਾਲ ਹਰੜ ਤੇ ਕਾਲਾ ਲੂਣ ਲੈਣ ਨਾਲ ਪੇਟ ਫੁੱਲਣ, ਪੇਟ ਦਰਦ, ਡਕਾਰਾਂ ਆਦਿ ਤੋਂ ਤੁਰੰਤ ਆਰਾਮ ਮਿਲਦਾ ਹੈ।

### ਘਰੇਲੂ ਟਿਪਸ

ਸਿਰ ਦੇ ਵਾਲ ਝੜਨੇ : ਬੋਹੜ ਦੇ ਪੱਤਿਆਂ ਨੂੰ ਪੀਸ ਲਵੋ ਅਤੇ ਅਲਸੀ ਦੇ ਤੇਲ ਵਿਚ ਪਕਾਓ। ਪੱਤਿਆਂ ਦੇ ਸੜ ਜਾਣ 'ਤੇ ਤੇਲ ਛਾਣ ਕੇ ਰੱਖ ਲਵੋ। ਇਸ ਤੇਲ ਦੀ ਮਾਲਿਸ਼ ਕਰਨ ਨਾਲ ਕੁਝ ਹੀ ਦਿਨਾਂ ਵਿਚ ਵਾਲ ਝੜਨੇ ਰੁਕ ਜਾਣਗੇ ਅਤੇ ਝੜੇ ਹੋਏ ਵਾਲਾਂ ਦੀ ਥਾਂ 'ਤੇ ਨਵੇਂ ਵਾਲ ਉੱਗਣ ਲੱਗਣਗੇ। ਦੇਸੀ ਘਿਓ ਵਿਚ ਬਾਦਾਮ ਦੀਆਂ 4-5 ਗਿਰੀਆਂ ਪੀਸ ਕੇ ਪਾਓ ਅਤੇ ਇੰਨੀਆਂ ਉਬਾਲੋ ਕਿ ਗਿਰੀਆਂ ਦੇ ਟੁਕੜੇ ਸੜ ਜਾਣ। ਹੁਣ ਘਿਓ ਨੂੰ ਛਾਣ ਕੇ ਸ਼ੀਸ਼ੀ ਵਿਚ ਭਰ ਲਵੋ। ਇਸ ਘਿਓ ਨੂੰ ਕੋਸਾ ਕਰਕੇ ਸਿਰ 'ਤੇ ਮਾਲਿਸ਼ ਕਰਨ ਨਾਲ ਵਾਲਾਂ ਦਾ ਝੜਨਾ ਰੁਕਦਾ ਹੈ ਅਤੇ ਦਿਮਾਗੀ ਕਮਜ਼ੋਰੀ ਵੀ ਦੂਰ ਹੁੰਦੀ ਹੈ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕਰਾਂਗੇ।*

## ਸੋਨ ਸੁਨਹਿਰੀ ਕਲਮਾਂ

# ਸੰਭਾਵਨਾਵਾਂ ਭਰਪੂਰ ਸ਼ਾਇਰ



ਅਕਾਸ਼ਦੀਪ
76964-70344

ਘਰਦਿਆਂ ਨੇ ਤਾਂ ਬਹੁਤ ਕੋਸ਼ਿਸ਼ ਕੀਤੀ ਕਿ ਅਕਾਸ਼ਦੀਪ ਦਾ ਕਵਿਤਾ ਵੱਲੋਂ ਧਿਆਨ ਹੱਟ ਜਾਵੇ ਪਰ ਪਿਤਾ ਜਗਦੀਸ਼ ਰਾਮ ਤੇ ਮਾਤਾ ਮੀਨਾ ਕੁਮਾਰੀ ਦੀਆਂ ਕੋਸ਼ਿਸ਼ਾਂ ਅਸਫਲ ਹੀ ਰਹੀਆਂ। ਉਸ ਦੀ ਸਾਹਿਤਕ ਰੁਚੀ 'ਤੇ ਕੋਈ ਅਸਰ ਨਾ ਪਿਆ। ਜ਼ਿਲ੍ਹਾ ਜਲੰਧਰ ਦੇ ਪਿੰਡ ਕਾਸਮਪੁਰ ਦਾ ਜੰਮ-ਪਲ ਅਕਾਸ਼ਦੀਪ ਆਪਣੇ ਚੁਗਿਰਦੇ ਵਿਚ ਜੋ ਦੇਖਦਾ ਹੈ ਉਸ ਨੂੰ ਆਪਣੀ ਕਵਿਤਾ ਦੇ ਸਾਂਚੇ ਵਿਚ ਢਾਲਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਉਹ ਲੋਕਾਈ ਦੇ ਦੁੱਖ-ਦਰਦ ਨੂੰ ਬੜੀ ਸ਼ਿੱਦਤ ਨਾਲ ਨਿਹਾਰਦਾ ਹੈ। ਉਸ ਦੀ ਪੀੜਾ ਨੂੰ ਮਹਿਸੂਸ ਕਰਦਾ ਹੈ ਤੇ ਫਿਰ ਇਸ ਵਰਤਾਰੇ ਨੂੰ ਅੱਖਰਾਂ ਦਾ ਜਾਮਾ ਪਹਿਨਾ ਕੇ ਪਾਠਕਾਂ ਨੂੰ ਪਰੋਸ ਦਿੰਦਾ ਹੈ। ਇਹੀ ਉਸ ਦੀ ਕਵਿਤਾ ਦਾ ਹਾਸਲ ਹੈ। ਅਕਾਸ਼ਦੀਪ ਨੂੰ ਕਵਿਤਾ ਲਿਖਣ ਦੀ ਲਤ ਸਕੂਲ ਸਮੇਂ ਹੀ ਲੱਗ ਗਈ ਸੀ। ਹੁਣ ਤਾਂ ਉਸ ਦੀ ਕਵਿਤਾ ਲਿਖਣ ਦੀ ਇਹ ਲਤ ਜਵਾਨੀ ਵਿਚ ਪੈਰ ਧਰ ਰਹੀ ਹੈ। ਉਸ ਦੀ ਕਵਿਤਾ ਨੂੰ ਪੜ੍ਹ ਕੇ ਆਸ ਬੱਝਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਸਾਹਿਤ ਜਗਤ ਵਿਚ ਇਕ ਹੋਰ ਚੰਗੀ ਕਵਿਤਾ ਦੀ ਸਿਰਜਣਾ ਕਰਨਾ ਵਾਲਾ ਸਿਤਾਰਾ ਚਮਕੇਗਾ। ਅਕਾਸ਼ਦੀਪ ਤੋਂ ਇਹੀ ਆਸ ਹੈ ਕਿ ਉਹ ਮਿਹਨਤ ਤੇ ਲਗਨ ਨਾਲ ਇਸੇ ਤਰ੍ਹਾਂ ਕਵਿਤਾ ਦੀ ਸਿਰਜਨਾ ਕਰਦਾ ਰਹੇਗਾ। ਆਓ ਉਸ ਦੀ ਕਵਿਤਾ ਨਾਲ ਸਾਂਝ ਪਾਈਏ।

• ਜਸਵਿੰਦਰ ਦੂਹੜਾ
98723-36944

## ਕਵਿਤਾ

### ਦੁਵੈਸ਼

ਤੂੰ ਆਖਦੀ, ਮੈਂ ਜਿਉਂਦਾ ਹਾਂ
ਪਰ ਮੈਂ ਮੁਰਦਾ ਹਾਂ
ਚਪਟੀ ਧਰਤੀ ਦੇ
ਸਮਤਲ ਧਰਾਧਲ ਨੂੰ
ਮੈਂ ਗਿੱਠਾਂ ਨਾਲ ਮਿਣਦਾ ਹਾਂ।

ਮੁਰਦਾ ਹੋਣਾ ਸਰਾਪ ਨਹੀਂ
ਜਿਉਂਦੇ ਹੋਣਾ ਹੈ
ਬੜਾ ਗੌਣ ਹੈ ਜਿਊਣਾ
ਆਪਣਾ ਆਪ ਗ਼ੈਰ ਕਰ
ਗ਼ੈਰ ਅਪਣਾਉਣਾ
ਲਕੀਰ ਤੇ ਲਕੀਰ ਹੋ
ਬੇਵਜੂਦ ਹੋਣਾ।

ਮੁਰਦਾ ਹੋਣਾ ਅਸੀਮ ਹੈ
ਬੇਮੁੱਖ ਹੋ ਲਕੀਰੋਂ
ਚਿੰਤਨ ਦੀਆਂ ਕਬਰਾਂ ਪੁੱਟਣੀਆਂ
ਕਲਮ ਦੇ ਬੇਲਚਿਆਂ ਨਾਲ
ਮੁਰਦਾ ਹੋਣ ਦੇ
ਨਵੇਂ ਅਰਥ ਲੱਭਣੇ
ਜਿਊਣ ਦੇ ਬੇਅਰਥ
ਘੜਿਆਲ ਖੜਕਾਉਣੇ ਸੋਚਾਂ ਦੇ
ਸੁੱਤੇ ਸਿਰ ਮਾਰ-ਮਾਰ
ਬੇਕੁੰਠ ਠੁੱਡ ਮਾਰ
ਨਰਕ ਬੇਕੁੰਠ ਕਰਨਾ
ਪੈਰਾਂ ਨੂੰ ਪੈਰ ਬਣਾਉਣਾ
ਹੱਥਾਂ ਨੂੰ ਹੱਥ
ਮੁਰਦਾ ਸਰੀਰ ਹੋ ਸਕਦਾ
ਘਟਨਾਵਾਂ ਨਾ ਹੀ ਦੇਖ।

ਮੁਰਦਾ ਹੋ ਸਕਦੀ
ਪਾਣੀ ਠੋਸ ਹੋ ਸਕਦਾ
ਅੱਗ ਕਦੇ ਨਹੀਂ
ਤੂੰ ਆਖਦੀ ਮੈਂ ਜਿਉਂਦਾ ਹਾਂ
ਪਰ ਮੈਂ ਮੁਰਦਾ ਹਾਂ
ਨਹੀਂ ਭਾਉਂਦੀ ਮੈਨੂੰ
ਦੌਲਤ ਦੀ ਅੱਖ
ਮੈਂ ਗਿਆਨ ਦੀ ਦੇਹ
ਨਾਲ ਘੁਲਦਾ ਹਾਂ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

# ਹਰਿਆਲੀ ਤੀਜ



ਜਾਨਵੀ ਬਿੱਠਲ
97819-29714

ਪੰਜਾਬ ਵਿਚ ਮਨਾਈ ਜਾ ਰਹੀ ਤੀਜ ਬਾਰੇ ਤਾਂ ਅਸੀਂ ਸਾਰਿਆਂ ਨੇ ਬਹੁਤ ਸੁਣਿਆ ਹੈ। ਇਸ ਵਿਚ ਪੈਣ ਵਾਲਾ ਗਿੱਧਾ, ਮੁਟਿਆਰਾਂ ਦੇ ਹਾਰ ਸ਼ਿੰਗਾਰ ਤੋਂ ਹਰ ਕੋਈ ਜਾਣੂ ਹੈ ਪਰ ਅਸੀਂ ਪੰਜਾਬ ਤੋਂ ਬਾਹਰ ਉੱਤਰ-ਪੱਛਮੀ ਪ੍ਰਾਂਤਾਂ ਵੱਲ ਵੇਖੀਏ ਤਾਂ ਤੀਜ ਦਾ ਤਿਉਹਾਰ ਰਾਜਸਥਾਨ, ਉੱਤਰ ਪ੍ਰਦੇਸ਼ ਦੇ ਕਈ ਹਿੱਸਿਆਂ ਵਿਚ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਨ੍ਹਾਂ ਖੇਤਰਾਂ ਵਿਚ ਮਨਾਈ ਜਾਣ ਵਾਲੀ ਤੀਜ ਨੂੰ ਹਰਤਾਲਿਕਾ ਤੀਜ ਜਾਂ ਤੀਜਾ ਕਹਿੰਦੇ ਹਨ ਜੋ ਕਿ ਭਾਦੋਂ ਦੇ ਮਹੀਨੇ ਮਨਾਈ ਜਾਂਦੀ ਹੈ।

ਇਸ ਸਾਲ ਇਹ ਤਿਉਹਾਰ ਸਤੰਬਰ ਵਿਚ ਮਨਾਇਆ ਜਾ ਰਿਹਾ ਹੈ। ਮੰਨਿਆ ਜਾਂਦਾ ਹੈ ਕਿ ਇਹ ਤੀਜ ਮਾਂ ਪਾਰਵਤੀ ਨਾਲ ਜੁੜੀ ਹੋਈ ਹੈ। ਇਸ ਦਿਨ ਜਿੱਥੇ ਮਾਤਾ ਪਾਰਵਤੀ ਨੇ ਸ਼ਿਵਜੀ ਲਈ ਵਰਤ ਰੱਖਿਆ ਸੀ ਉੱਥੇ ਹੀ ਇਸ ਦਿਨ ਮਾਂ ਪਾਰਵਤੀ ਦੀ ਕਿਸੇ ਸਖੀ ਨੇ ਉਨ੍ਹਾਂ ਦਾ ਹਰਣ ਕਰ ਕੇ, ਜੰਗਲ ਵਿਚ ਲੈ ਗਈ ਸੀ ਇਸੇ ਕਰਕੇ ਇਸ ਦਾ ਨਾਂ ਹਰਤਾਲਿਕਾ ਤੀਜ ਪੈ ਗਿਆ।

ਪੰਜਾਬ ਵਾਂਗ ਹੀ ਇੱਥੇ ਵੀ ਸੁਹਾਗਣਾ ਤੇ ਕੁਆਰੀਆਂ ਕੁੜੀਆ ਬਹੁਤੇ ਚਾਅ ਨਾਲ ਤਿਆਰ ਹੁੰਦਿਆ ਹਨ ਤੇ ਹਾਰ ਸ਼ਿੰਗਾਰ ਕਰ ਕੇ ਇਸ ਤਿਉਹਾਰ ਨੂੰ ਮਨਾਉਂਦੀਆਂ ਹਨ। ਇਸ ਤਿਉਹਾਰ ਵਿਚ ਮਾਲਪੂੜੇ, ਖੀਰ, ਰਬੜੀ ਆਦਿ ਮਿਸ਼ਠਾਨ ਬਣਾਏ ਜਾਂਦੇ ਹਨ ਤੇ ਕੁੜੀਆਂ ਮਿਲ ਕੇ ਹੱਸਦੀਆਂ-ਖੇਡਦੀਆ ਨੱਚਦੀਆਂ-ਟੱਪਦੀਆਂ ਤੇ ਗਿੱਧਾ ਪਾਉਂਦੀਆਂ ਹਨ। ਕਈ ਵਾਰੀ ਸਾਨੂੰ ਇਹ ਹੀ ਲੱਗਦਾ ਹੈ ਕਿ ਤੀਜ ਦਾ ਤਿਉਹਾਰ ਸਿਰਫ਼ ਪੰਜਾਬ ਵਿਚ ਹੀ ਮਨਾਈ ਜਾਂਦੀ ਹੈ। ਇਹ ਸੋਚ ਕੇ ਅਸੀਂ ਗ਼ਲਤ ਹੁੰਦੇ ਹਾਂ।

ਦਰਅਸਲ ਤੀਜ ਭਾਰਤ ਦੇ ਹੋਰ ਕਈ ਹਿੱਸਿਆਂ ਵਿਚ ਵੀ ਮਨਾਈ ਜਾਂਦੀ ਹੈ। ਇਸੇ ਹੀ ਕਾਰਨ ਸਾਡਾ ਦੇਸ਼ ਮਸ਼ਹੂਰ ਹੈ ਕਿਉਂਕਿ ਇੱਥੇ ਹਰ ਕੋਈ ਦੂਜੇ ਧਰਮ ਨਾਲ ਸਬੰਧਤ ਤਿਉਹਾਰ ਵੀ ਮਨਾਉਂਦਾ ਹੈ। ਹਰਤਾਲਿਕਾ ਤੀਜ ਦਾ ਤਿਉਹਾਰ ਕੁੜਿਆਂ ਬਹੁਤੇ ਚਾਅ ਨਾਲ ਮਨਾਉਂਦੀਆ ਹਨ ਤੇ ਮਾਂ ਪਾਰਵਤੀ ਨੂੰ ਯਾਦ ਕਰ ਇਸ ਦਿਨ ਵਰਤ ਰੱਖਦੀਆਂ ਹਨ। ਤੀਜ ਦਾ ਤਿਉਹਾਰ ਮਨਾਉਣ ਦੇ ਵੱਖਰੇ-ਵੱਖਰੇ ਢੰਗ ਹਨ।



### ਵਰਤ ਰੱਖਣਾ

ਇਹ ਮੰਨਿਆ ਜਾਂਦਾ ਹੈ ਕਿ ਇਹ ਵਰਤ ਮਾਂ ਪਾਰਵਤੀ ਨੇ ਆਪਣੇ ਸੁਹਾਗ ਸ਼ਿਵ ਲਈ ਰੱਖਿਆ ਸੀ।
ਹੁਣ ਇਹ ਵਰਤ ਸੁਹਾਗਣਾ ਆਪਣੇ ਸੁਹਾਗ ਲਈ ਤੇ ਕੁਆਰੀਆਂ ਮੰਨ-ਪਸੰਦ ਵਰ ਨਾਲ ਵਿਆਹ ਕਰਵਾਉਣ ਲਈ ਰੱਖਦੀਆਂ ਹਨ।

### ਹਾਰ-ਸ਼ਿੰਗਾਰ ਤੇ ਪਹਿਰਾਵਾ

ਪੰਜਾਬ ਵਿਚ ਤੀਜ ਵਾਲੇ ਦਿਨ ਕੁੜਿਆਂ ਗੂੜ੍ਹੇ ਅਤੇ ਸੁਨਹਿਰੇ ਰੰਗ ਦੇ ਪੰਜਾਬੀ ਸੂਟ, ਪੈਰਾਂ ਵਿਚ ਪੰਜਾਬੀ ਜੁੱਤੀ ਅਤੇ ਗੁੱਤਾਂ ਵਿਚ ਪਰਾਂਦੇ ਪਾਉਂਦੀਆਂ ਹਨ। ਉੱਤਰ-ਪਛੱਮੀ ਪ੍ਰਾਂਤਾ ਵਿਚ ਲਾਲ ਸਾੜੀ, ਲਾਲ ਵੰਗਾਂ, ਟਿੱਕਾ ਆਦਿ ਪਾਇਆ ਜਾਂਦਾ ਹੈ। ਲਾਲ ਰੰਗ ਇਸ ਤਿਉਹਾਰ ਲਈ ਸ਼ੁਭ ਮੰਨਿਆ ਜਾਂਦਾ ਹੈ।

### ਕਰਵਾ-ਚੌਥ ਨਾਲੋਂ ਮੁਸ਼ਕਿਲ ਵਰਤ

ਉਂਜ ਤਾਂ ਸਾਲ ਵਿਚ ਕਈ ਵਰਤ ਆਉਂਦੇ ਹਨ ਜੋ ਨਿਰਜਲੇ, ਭਾਵ ਬਿਨਾਂ ਪਾਣੀ ਤੋਂ ਰੱਖਣ ਵਾਲੇ, ਵਰਤ ਹੁੰਦੇ ਹਨ। ਪਰ ਕਰਵਾ-ਚੌਥ ਤੋਂ ਵੀ ਤੀਜ ਦਾ ਇਹ ਵਰਤ ਇਸ ਲਈ ਔਖਾ ਹੁੰਦਾ ਹੈ ਕਿਉਂਕਿ ਇਹ ਵਰਤ ਵਾਲੇ ਦਿਨ ਨਹੀ ਸਗੋਂ ਅਗਲੇ ਦਿਨ ਔਰਤਾਂ ਇਸ ਵਰਤ ਨੂੰ ਤੋੜਦੀਆਂ ਹਨ। ਜੇ ਕੋਈ ਕੁਆਰੀ ਕੁੜੀ ਜਾਂ ਸੁਹਾਗਣ ਇਕ ਵਾਰੀ ਇਸ ਵਰਤ ਨੂੰ ਸ਼ੁਰੂ ਕਰ ਲਵੇ ਤਾਂ ਉਸ ਨੂੰ ਸਾਰੀ ਉਮਰ ਇਹ ਵਰਤ ਰੱਖਣਾ ਹੀ ਪੈਂਦਾ ਹੈ। ਇਸ ਵਰਤ ਦੀ ਇਹੀ ਪ੍ਰਥਾ ਹੈ। ਇਸ ਵਰਤ ਨੂੰ ਕਰਵਾ-ਚੌਥ ਨਾਲੋਂ ਮੁਸ਼ਕਿਲ ਮੰਨਿਆ ਜਾਂਦਾ ਹੈ।



### ਹਰਤਾਲਿਕਾ ਤੀਜ ਦਾ ਵਰਤ

ਵਿਆਹੀਆਂ ਅਤੇ ਕਵਾਰੀ ਕੁੜੀਆਂ ਬੜੇ ਹੀ ਚਾਅ ਨਾਲ ਇਸ ਤੀਜ ਦਾ ਵਰਤ ਰੱਖਦੀਆ ਹਨ। ਇਸ ਵਰਤ ਵਿਚ ਰਾਤ ਤੇ ਸਵੇਰ ਦੇ ਮੱਧ ਵਿਚ ਉੱਠ, ਤਿਆਰ ਹੋ ਕੇ ਸਰਗੀ ਖਾਂਦੀਆਂ ਹਨ। ਇਸ ਤੋਂ ਬਾਅਦ ਵਰਤ ਦਾ ਪਾਠ ਸੁਣਕੇ ਵਰਤ ਸ਼ੁਰੂ ਕਰ ਦਿੰਦੀਆ ਹਨ।

### ਅਜੋਕੇ ਤਿਉਹਾਰਾਂ ਦਾ ਸਰੂਪ

ਤੀਜ ਤਾਂ ਕਈ ਸਾਲ ਪਹਿਲਾਂ ਵੀ ਇਹੀ ਸੀ ਤੇ ਅੱਜ ਵੀ ਹੈ। ਪਰ ਅਯੋਕੇ ਸਮੇਂ ਇਨ੍ਹਾਂ ਤਿਉਹਾਰ ਨੂੰ ਮਨਾਉਣ ਦੇ ਢੰਗਾਂ ਵਿਚ ਤਬਦੀਲੀ ਜ਼ਰੂਰ ਆਈ ਹੈ। ਅੱਜ ਕੱਲ੍ਹ ਸੁਹਾਗਣਾ ਤੇ ਕੁੜਿਆਂ ਕੋਲ ਪੰਜਾਬੀ ਸੂਟ ਜਾਂ ਲਾਲ ਸਾੜੀ ਬਨਵਾਉਣ ਦੇ ਵੱਖ-ਵੱਖ ਡਿਜ਼ਾਇਨ ਹਨ।

ਕਈ ਕੁੜਿਆਂ ਨੂੰ ਬਹੁਤਾਂ ਹਾਰ-ਸ਼ਿੰਗਾਰ ਪਸੰਦ ਨਹੀਂ ਹੁੰਦਾ। ਉਹ ਅਜੋਕੇ ਡਿਜ਼ਾਇਨ ਦੇ ਚਲ ਰਹੇ ਪਲਾਜ਼ੋ ਨਾਲ ਸਧਾਰਨ ਜਿਹੀ ਕੁੜਤੀ ਪਾ ਕੇ ਉਸ ਨਾਲ ਗਲੇ ਜਾਂ ਕੰਨਾਂ 'ਚ ਲੰਬੇ ਝੁੰਮਕੇ ਪਾ ਲੈਂਦੀਆਂ ਹਨ। ਜੇ ਕੋਈ ਕੁੜੀ ਸਾੜੀ ਨਹੀਂ ਸੰਭਾਲ ਸਕਦੀ ਤਾਂ ਉਹ ਲੰਬਾ ਕੁੜਤਾ ਤੇ ਲੰਬੀ ਜੈਕਿੱਟ ਪਾ ਲੈਂਦੀ ਹੈ।

ਪਹਿਲਾਂ ਲਾਲ ਸਾੜੀਆਂ ਦੇ ਰੰਗ ਵੀ ਸਾਰਿਆ ਦੇ ਇੱਕੋ-ਜਿਹੇ ਹੁੰਦੇ ਸਨ ਤੇ ਉਨ੍ਹਾਂ ਦਾ ਡਿਜ਼ਾਇਨ ਵੀ ਪਰ ਅੱਜ ਸਾੜੀਆਂ ਵਿਚ ਬਹੁਤ ਸਾਰੇ ਡਿਜ਼ਾਈਨ ਆ ਗਏ ਹਨ।

ਹੁਣ ਸਾੜੀ, ਸਾੜੀ ਨਹੀਂ ਸੂਟ ਵਾਂਗ ਹੀ ਲੱਗਦੀ ਹੈ। ਜਿੱਥੇ ਪੁਸ਼ਾਕਾਂ ਦੇ ਡਿਜ਼ਾਇਨਾਂ ਵਿਚ ਤਬਦੀਲੀ ਆਈ ਹੈ ਉੱਥੇ ਹੀ ਕੰਨਾਂ, ਪੈਰਾਂ 'ਚ ਪਾਉਣ ਵਾਲੀ ਅਸੈਸਰੀ ਵਿਚ ਵੀ ਵੱਖਰਾਪਨ ਆਇਆ ਹੈ। ਅੱਜ ਕੱਲ੍ਹ ਸਟੀਲ ਦੀ ਦਿੱਖ ਵਾਲੇ ਝੁਮਕਿਆ ਦਾ ਬਹੁਤ ਚਲਣ ਹੈ। •

## ਪੱਤਰ ਹਰੇ ਕਚੂਰ

# ਦਿਲਕਸ਼ ਅੰਦਾਜ਼ ਤੇ ਮਿੱਠੀ ਆਵਾਜ਼ ਦੀ ਮਾਲਿਕ



ਸੁਰਿੰਦਰ ਸਿਦਕ

ਸੁਰਿੰਦਰ ਸਿਦਕ ਦਾ ਪਿਛੋਕੜ ਅਬੋਹਰ ਦਾ ਹੈ। ਉਹ ਅੱਜ ਕੱਲ੍ਹ ਆਸਟਰੇਲੀਆ ਦੇ ਸ਼ਹਿਰ ਐਡੀਲੇਡ ਵਿਚ ਪਰਿਵਾਰ ਸਮੇਤ ਰਹਿ ਰਹੀ ਹੈ। ਸੁਰਿੰਦਰ ਨੂੰ ਗੁੜਤੀ ਹੀ ਸ਼ਬਦਾਂ ਦੀ ਮਿਲੀ ਹੈ। ਉਸ ਦਾ ਬਚਪਨ, ਨਾਨਾ ਪ੍ਰਤਾਪ ਸਿੰਘ ਕੰਵਲ, ਮਾਤਾ ਅੰਮ੍ਰਿਤ ਕੌਰ, ਪਿਤਾ ਕੁਲਵੰਤ ਸਿੰਘ ਬਜਾਜ ਦੀਆਂ ਸਾਹਿਤਕ ਲੋਰੀਆਂ ਵਿਚ ਗੁਜ਼ਰਿਆ, ਘਰ ਦੇ ਸਾਹਿਤਕ ਮਾਹੌਲ ਕਾਰਨ ਸਿਦਕ ਆਪਣੇ ਸਮੇਂ ਸਕੂਲ, ਕਾਲਜ ਅਤੇ ਸਾਹਿਤਕ ਪ੍ਰੋਗਰਾਮਾਂ ਦੀ ਹਮੇਸ਼ਾਂ ਜੇਤੂ ਕੁੜੀ ਬਣੀ ਰਹੀ। ਉਸ ਦੀ ਮਿੱਠੀ ਆਵਾਜ਼ ਅਤੇ ਦਿਲਕਸ਼ ਅੰਦਾਜ਼ ਸਟੇਜ ਤੇ ਵੇਖਣਾ ਬਣ ਦਾ ਹੈ। ਜਦੋਂ ਇਹ ਕਾਵਿਕ ਵੇਲ ਸਰਦਾਰ ਮਹਿੰਗਾ ਸਿੰਘ ਸੰਗਰ ਦੀ ਜੀਵਨ ਸਾਥਣ ਬਣ ਉਸ ਦੇ ਘਰ ਦੇ ਵਿਹੜੇ ਮਹਿਕਣ ਲੱਗੀ ਤਾਂ ਉਸ ਦੇ ਸ਼ਬਦਾਂ ਦੀ ਖ਼ੁਸ਼ਬੂ ਦੂਰ ਦੂਰ ਤਕ ਫੈਲ ਗਈ। ਉਸ ਦੇ ਪਤੀ ਦੀ ਰੁਚੀ ਸਾਹਿਤਕ ਹੋਣ ਕਰਕੇ ਸੰਗਰ ਪਰਿਵਾਰ ਨੇ ਸਿਦਕ ਨੂੰ ਸਾਹਿਤ ਦੇ ਖੇਤਰ ਵਿਚ ਭਰਪੂਰ ਸਹਿਯੋਗ ਦਿੱਤਾ। ਜਿਸ ਕਾਰਨ ਵਿਦੇਸ਼ੀ ਧਰਤੀ ਤੇ ਰਹਿੰਦੇ ਹੋਏ ਵੀ ਸਿਦਕ ਰੰਗਮੰਚ ਅਤੇ ਸਾਹਿਤਕ ਸਰਗਰਮੀਆਂ ਦੇ ਨਾਲ ਲਗਾਤਾਰ ਜੁੜੀ ਰਹੀ। ਸਿਦਕ ਸ਼ਬਦਾਂ ਦੀ ਸਿਰਜਣਾ ਤਾਂ ਬਚਪਨ ਤੋਂ ਕਰਦੀ ਆ ਰਹੀ ਹੈ ਪਰ ਹੌਲੀ-ਹੌਲੀ ਉਸ ਨੇ ਉਸਤਾਦ ਸ਼ਹਿਰਾਂ ਦੀ ਰਹਿਨੁਮਾਈ ਲੈ ਕੇ ਗ਼ਜ਼ਲ ਵਿਧਾ ਨੂੰ ਸਿਖਣਾ ਸ਼ੁਰੂ ਕੀਤਾ ਜਿਸ ਦੇ ਸਦਕਾ ਅੱਜ ਉਹ ਪਿੰਗਲ ਅਰੂਜ਼ ਅਤੇ ਗ਼ਜ਼ਲ ਦੀਆਂ ਬਾਰੀਕੀਆਂ ਤੋਂ ਬਾਖ਼ੂਬੀ ਜਾਣੂ ਹੈ। ਜਿਸ ਦੇ ਸਿੱਟੇ ਵਜੋਂ ਉਸ ਦਾ ਪਲੇਠਾ ਗ਼ਜ਼ਲ ਸੰਗ੍ਰਹਿ 'ਰੂਹ ਦੀ ਗਾਨੀ' ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੈ। ਪੇਸ਼ ਹੈ ਉਸ ਦੀ ਗ਼ਜ਼ਲ ਦੇ ਰੰਗ।

• ਕੁਲਦੀਪ ਸਿੰਘ
941974-07778

## ਗ਼ਜ਼ਲ

ਜਦੋਂ ਤੂੰ ਫੁੱਲ ਬਣ ਕੇ ਦਿਲ 'ਚ ਖਿੜਿਆ ਪਰਤ ਆਵਾਂਗੀ।
ਜਦੋਂ ਚੰਨ ਮੇਰੇ ਹੱਥ 'ਤੇ ਆਣ ਟਿਕਿਆ ਪਰਤ ਆਵਾਂਗੀ।

ਤੂੰ ਲਿਖ ਗ਼ਜ਼ਲਾਂ ਤੇ ਕਵਿਤਾਵਾਂ ਜਾਂ ਗਾ ਦਰਦਾਂ ਭਰੇ ਨਗਮੇਂ,
ਜਦੋਂ ਖ਼ਤ ਪ੍ਰੇਮ ਦੇ ਕਾਗ਼ਜ਼ 'ਤੇ ਲਿਖਿਆ ਪਰਤ ਆਵਾਂਗੀ।

ਅਜੇ ਇਹ ਰੌਸ਼ਨੀ ਮੱਧਮ ਜਿਹੀ ਹੈ ਛਾਏ ਨੇ ਬੱਦਲ,
ਜਦੋਂ ਸੋਨੇ ਦਾ ਸੂਰਜ ਫੇਰ ਚੜ੍ਹਿਆ ਪਰਤ ਆਵਾਂਗੀ।

ਨਹੀਂ ਨੈਣੀਂ ਤੇਰੀ ਨੀਂਦਰ, ਨਸ਼ਾ ਨਵਿਆਂ ਜਹਾਨਾਂ ਦਾ,
ਤੇਰੀ ਜਦ ਅੱਖ ਨੂੰ ਸਿੱਲਾ ਖ਼ਾਬ ਮਿਲਿਆ ਪਰਤ ਆਵਾਂਗੀ।

ਤੇਰੇ ਦਿਲ ਦੀ ਬਗ਼ੀਚੀ ਵਿਚ ਨਹੀਂ ਮਹਿਕਾਂ ਨਾ ਹਰਿਆਲੀ,
ਜਦੋਂ ਤੂੰ ਪਿਆਰ ਵਾਲਾ ਬੂਟਾ ਲਾਇਆ ਪਰਤ ਆਵਾਂਗੀ।

ਮੇਰਾ ਕੀ ਹੈ? ਮੈਂ ਤਾਂ ਇਕ ਰੁੱਤ ਹਾਂ, ਰੁੱਤਾਂ ਤਾਂ ਰੁੱਤਾਂ ਨੇ,
ਤੇਰੇ ਬਾਗ਼ੀਂ ਜਦੋਂ ਵੀ ਮੋਰ ਨੱਚਿਆ ਪਰਤ ਆਵਾਂਗੀ।

ਤੂੰ ਕੀਤੈ ਜਜ਼ਬ ਕਿੱਦਾਂ ਜਜ਼ਬਿਆਂ ਨੂੰ, ਬਣ ਗਿਐਂ ਪੱਥਰ,
ਤੂੰ ਪੱਥਰ ਤੋਂ ਜਦੋਂ ਫਿਰ ਮੋਮ ਬਣਿਆ, ਪਰਤ ਆਵਾਂਗੀ।

ਸਦਾ ਹੱਸਦਾ ਰਹੀਂ! ਵਸਦਾ ਰਹੀਂ! ਹੈ ਇਹ ਦੁਆ ਮੇਰੀ,
ਸਿਦਕ ਦੇ ਰਾਹ 'ਤੋਂ ਜਦ ਵੀ ਲੜਖੜ੍ਹਾਇਆ ਪਰਤ ਆਵਾਂਗੀ।

---

## ਕਹਾਣੀ

# ਰੌਸ਼ਨੀ ਦੀ ਕਿਰਨ

ਰਵਨੀਤ ਕੌਰ

ਬਹੁਤ ਹੀ ਹੋਣਹਾਰ ਕੁੜੀ ਸੀ ਸਪਨਾ। ਉਸ ਦੇ ਆਪਣੇ ਹੀ ਸੁਪਨਿਆਂ ਦੀ ਦੁਨੀਆਂ ਸੀ। ਉਹ ਵੱਡਿਆਂ ਦਾ ਸਤਿਕਾਰ ਬੱਚਿਆਂ ਨੂੰ ਪਿਆਰ ਕਰਦੀ। ਉਹ ਮਾਪਿਆਂ ਦੀ ਇਕਲੌਤੀ ਤੇ ਲਾਡਲੀ ਧੀ ਸੀ। ਸਪਨਾ ਦਾ ਪਾਲਣ-ਪੋਸ਼ਣ ਮੁੰਡਿਆਂ ਵਾਂਗ ਕੀਤਾ ਸੀ ਮਾਪਿਆਂ ਨੇ। ਉਹ ਪੜ੍ਹਾਈ 'ਚ ਬਹੁਤ ਹੁਸ਼ਿਆਰ ਅਤੇ ਮਿਹਨਤੀ ਸੀ। ਉਸ ਦੇ ਸੁਪਨੇ ਖੰਭ ਲਾ ਕੇ ਆਸਮਾਨ 'ਚ ਉੱਡਣ ਅਤੇ ਜ਼ਿੰਦਗੀ ਵਿਚ ਪੜ੍ਹ ਲਿਖ ਕੇ ਕੁਝ ਵੱਡਾ ਕਰਨ ਦੀ ਚਾਹਤ ਸੀ।

ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮਾਪਿਆਂ ਨੇ ਉਸ ਨੂੰ ਸ਼ਹਿਰ ਦੇ ਕਾਲਜ 'ਚ ਪੜ੍ਹਾਈ ਪੂਰੀ ਕਰਨ ਲਈ ਭੇਜ ਦਿੱਤਾ। ਜਿੱਥੇ ਉਸ ਨੇ ਬੀਏ 'ਚ ਦਾਖ਼ਲਾ ਲੈ ਕੇ ਪੂਰੀ ਮਿਹਨਤ ਤੇ ਲਗਨ ਨਾਲ ਪੜ੍ਹਨਾ ਸ਼ੁਰੂ ਕਰ ਦਿੱਤਾ। ਉਸ ਨੇ ਕਲਾਸ 'ਚ ਫ਼ਸਟ ਪੁਜ਼ੀਸ਼ਨ ਹਾਸਲ ਕੀਤੀ। ਉਹ ਸੁਪਨਿਆਂ ਨੂੰ ਪੂਰਾ ਕਰਨ ਲਈ ਬੁਲੰਦ ਹੌਸਲੇ ਨਾਲ ਦਿਨ ਰਾਤ ਮਿਹਨਤ ਕਰਦੀ।

ਆਪਣੀ ਪੜ੍ਹਾਈ ਪੂਰੀ ਕਰਨ ਤੋਂ ਉਸ ਨੇ ਨੌਕਰੀ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਉਸ ਦੇ ਘਰ ਰਿਸ਼ਤੇ ਦੀ ਗੱਲ ਚੱਲ ਪਈ। ਮੁੰਡੇ ਵਾਲੇ ਕਾਫ਼ੀ ਪੈਸੇ ਵਾਲੇ ਸਨ। ਪ੍ਰੰਤੂ ਮੁੰਡੇ ਦੀ ਪੜ੍ਹਾਈ ਬਾਰ੍ਹਵੀਂ ਅਤੇ ਕੰਮ ਤੋਂ ਬਿਲਕੁੱਲ ਵਿਹਲੜ ਸੀ। ਕਹਿ ਲਵੋ ਕਿ ਸਪਨਾ ਦੇ ਬਿਲਕੁਲ ਉਲਟ। ਜਾਇਦਾਦ ਜ਼ਿਆਦਾ ਹੋਣ ਕਾਰਨ ਉਸ ਦੇ ਘਰ ਦੇ ਸੋਚਦੇ, ਕਿਉਂ ਨਾ ਸਪਨਾ ਦਾ ਰਿਸ਼ਤਾ ਕਰ ਦਿੱਤਾ ਜਾਵੇ।

ਸਪਨਾ ਘਰਦਿਆਂ ਦੀ ਆਗਿਆਕਾਰੀ ਕੁੜੀ ਸੀ। ਇਸ ਕਰਕੇ ਨਾ ਚਾਹੁੰਦੇ ਹੋਏ ਵੀ ਆਪਣੇ ਮਾਪਿਆਂ ਦੀ ਗੱਲ ਟਾਲ ਨਾ ਸਕੀ। ਆਪਣੀਆਂ ਰੀਝਾਂ, ਉਮੰਗਾਂ, ਸਧਰਾਂ ਨੂੰ ਦਬਾਉਂਦੇ ਹੋਏ ਵਿਆਹ ਕਰਵਾਉਣ ਲਈ ਸਹਿਮਤ ਹੋ ਗਈ। ਮਾਪਿਆਂ ਨੇ ਆਪਣੀ ਧੀ ਬਹੁਤ ਚਾਵਾਂ ਨਾਲ ਵਿਆਹ ਕੇ ਵਿਦਾ ਕੀਤੀ। ਵਿਆਹ ਤੋਂ ਕੁਝ ਸਮਾਂ ਬੀਤ ਜਾਣ ਬਾਅਦ ਉਸ ਦੀਆਂ ਰੀਝਾਂ ,ਉਮੰਗਾਂ ਵਾਰ-ਵਾਰ ਉਸ ਨੂੰ ਹਲੂਣਾ ਦੇਣ ਲੱਗੀਆਂ। ਸਪਨਾ ਸੋਚਦੀ ਕਿਉਂ ਨਾ ਉਹ ਆਈਲੈਟਸ ਕਰ ਕੇ ਆਪਣੇ ਪਤੀ ਨਾਲ ਵਿਦੇਸ਼ ਚਲੀ ਜਾਵੇ ਕਿਉਂ ਕਿ ਮੁੰਡੇ ਵਾਲਿਆਂ ਕੋਲ ਪੈਸਾ ਸੀ। ਪ੍ਰੰਤੂ ਸਹੁਰਾ ਪਰਿਵਾਰ ਉਸ ਦੀ ਗੱਲ ਨਾਲ ਸਹਿਮਤ ਨਹੀਂ ਕਿਉਂ ਕਿ ਉਨ੍ਹਾਂ ਨੂੰ ਇਕ ਘਰੇਲੂ ਕੁੜੀ ਚਾਹੀਦੀ ਸੀ। ਇਸ ਤਰ੍ਹਾਂ ਸਪਨਾ ਇਕ ਵਾਰ ਫਿਰ ਆਪਣੇ ਸੁਪਨਿਆਂ ਨੂੰ ਖੇਰੂੰ-ਖੇਰੂੰ ਹੁੰਦਾ ਦੇਖ ਰਹੀ ਸੀ। ਇਸ ਤਰ੍ਹਾਂ ਇਕ ਸਾਲ ਬੀਤ ਜਾਂਦਾ ਹੈ।

ਵਿਆਹ ਤੋਂ ਗਿਆਰਾਂ ਮਹੀਨੇ ਬਾਅਦ ਉਸ ਦੇ ਘਰ ਇਕ ਬੇਟੀ ਨੇ ਜਨਮ ਲਿਆ। ਉਹ ਬਹੁਤ ਖ਼ੁਸ਼ ਹੋਈ। ਉਸ ਦੇ ਮਨ 'ਚ ਬੇਟੀ ਨੂੰ ਲੈ ਕੇ ਅਨੇਕਾਂ ਰਹੇ ਸਨ ਪਰ ਉਸ ਦਾ ਸਹੁਰਾ ਪਰਿਵਾਰ ਬੇਟੀ ਦੇ ਜਨਮ ਤੋਂ ਬਿਲਕੁਲ ਖ਼ੁਸ਼ ਨਹੀਂ ਹੁੰਦਾ। ਉਹ ਚਾਹੁੰਦੇ ਸਨ ਕਿ ਸਾਨੂੰ ਸਪਨਾ ਘਰ ਦਾ ਵਾਰਿਸ ਦੇਵੇਗੀ ਜੋ ਕਿ ਇਸ ਪੀੜ੍ਹੀ ਨੂੰ ਅੱਗੇ ਵਧਾਵੇਗਾ। ਬੇਟੀ ਦੇ ਜਨਮ ਉੱਤੇ ਸਹੁਰੇ ਪਰਿਵਾਰ ਨੂੰ ਇੰਜ ਲੱਗ ਰਿਹਾ ਸੀ। ਜਿਵੇਂ ਉਨ੍ਹਾਂ ਦੇ ਸਿਰ ਵਿਚ ਪੱਥਰ ਵੱਜ ਗਿਆ ਹੋਵੇ। ਸਪਨਾ ਦੇ ਸਹੁਰੇ ਪਰਿਵਾਰ ਉਸ ਤੋਂ ਮੁੰਡੇ ਦੀ ਮੰਗ ਕਰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਦੂਸਰਾ ਬੱਚਾ ਸਾਨੂੰ ਮੁੰਡਾ ਹੀ ਚਾਹੀਦਾ।



ਸਹੁਰੇ ਪਰਿਵਾਰ ਦੇ ਮਨ ਵਿਚ ਲੜਕੇ ਪ੍ਰਤੀ ਲਾਲਸਾ ਦਿਨੋ-ਦਿਨ ਵਧਦੀ ਜਾ ਰਹੀ ਸੀ। ਪ੍ਰੰਤੂ ਅਗਲਾ ਬੱਚਾ ਵੀ ਬੇਟੀ ਦੇ ਰੂਪ 'ਚ ਜਨਮ ਲੈਂਦਾ ਹੈ। ਇਸ ਤੋਂ ਨਾਖੁਸ਼ ਸਹੁਰੇ ਪਰਿਵਾਰ ਦੇ ਤਾਹਨੇ-ਮਿਹਣੇ ਸ਼ੁਰੂ ਹੋ ਜਾਂਦੇ ਸਨ। ਸੱਸ ਅਤੇ ਨਨਾਣ ਦਾ ਅੱਤਿਆਚਾਰ ਦਿਨੋ-ਦਿਨ ਵਧਦਾ ਜਾ ਰਿਹਾ ਸੀ। ਉਨ੍ਹਾਂ ਦੀਆਂ ਗੱਲਾਂ ਸੁਣ ਸਪਨਾ ਦੁਖੀ ਅਤੇ ਬੇਚੈਨ ਰਹਿਣ ਲੱਗ ਪਈ। ਉਸ ਦੇ ਅੰਦਰ ਦੀਆਂ ਰੀਝਾਂ ਹੌਲੀ-ਹੌਲੀ ਮਰਨੀਆਂ ਸ਼ੁਰੂ ਹੋ ਗਈਆਂ। ਉਸ ਦਾ ਪਤੀ ਹਮੇਸ਼ਾ ਆਪਣੇ ਪਰਿਵਾਰ ਦੀ ਗੱਲ ਮੰਨਦਾ। ਹਰ ਵਕਤ ਮਿਹਣੇ ਮਾਰਦਾ ਅਤੇ ਲੜਾਈ ਝਗੜਾ ਕਰਦਾ ਰਹਿੰਦਾ। ਇਹ ਸਭ ਘਟਣ ਦੀ ਬਜਾਏ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਸੀ। ਸਪਨਾ ਇਹ ਸਭ ਚੁੱਪ-ਚਾਪ ਬਰਦਾਸ਼ਤ ਕਰਦੀ ਰਹੀ। ਜਦੋਂ ਉਸ ਦੇ ਘਰ ਪਤਾ ਚੱਲਿਆ ਕਿ ਉਸ ਦਾ ਸਹੁਰਾ ਪਰਿਵਾਰ ਉਸ ਨਾਲ ਬਦਸਲੂਕੀ ਅਤੇ ਲੜਾਈ ਝਗੜਾ ਕਰਦਾ ਹੈ ਤਾਂ ਸਾਰਾ ਪਰਿਵਾਰ ਚਿੰਤਤ ਰਹਿਣ ਲੱਗਾ ਕਿਉਂ ਕਿ ਸਪਨਾ ਸਭ ਦੀ ਲਾਡਲੀ ਸੀ। ਉਸ ਦਾ ਹਰ ਇਕ ਸ਼ੌਕ ਉਸ ਦੇ ਮੂੰਹੋਂ ਨਿਕਲ ਤੋਂ ਪਹਿਲਾਂ ਪੂਰਾ ਹੋ ਜਾਂਦਾ ਸੀ।

ਉਸ ਦੇ ਮਾਂ-ਪਿਉ ਨੂੰ ਪਛਤਾਵਾ ਹੋਣ ਲੱਗਾ। ਉਨ੍ਹਾਂ ਜਲਦ ਬਾਜ਼ੀ 'ਚ ਪੈਸੇ ਵਾਲਾ ਮੁੰਡਾ ਦੇਖ ਧੀ ਦੀ ਜ਼ਿੰਦਗੀ ਖ਼ਰਾਬ ਕਰ ਦਿੱਤੀ।ਲੜਾਈ ਝਗੜੇ ਅੰਤ ਤਲਾਕ ਤਕ ਪਹੁੰਚ ਗਏ। ਤਲਾਕ ਹੋਣ ਤੋਂ ਬਾਅਦ ਸਪਨਾ ਆਪਣੇ ਆਪ ਨੂੰ ਬਦਕਿਸਮਤ ਸਮਝਣ ਲੱਗ ਪਈ। ਉਹ ਕਿਸ ਤਰ੍ਹਾਂ ਦੀ ਕੁੜੀ ਹੈ। ਜੋ ਆਪਣੇ ਸਹੁਰਿਆਂ ਦਾ ਪਿਆਰ ਨਾ ਪਾ ਸਕੀ। ਉਸ ਦੀਆਂ ਬੇਟੀਆਂ ਹੌਲੀ-ਹੌਲੀ ਵੱਡੀਆਂ ਹੋ ਰਹੀਆਂ। ਇਕ ਦਿਨ ਰਾਤ ਦਾ ਸਮਾਂ ਸੀ। ਉਹ ਪਲੰਘ 'ਤੇ ਆਪਣੀਆਂ ਬੱਚੀਆਂ ਨਾਲ ਲੇਟੀ ਹੋਈ ਬੱਚੀਆਂ ਵੱਲ ਇਕਸਾਰ ਦੇਖੀ ਜਾ ਰਹੀ ਸੀ। ਦੇਖਦੇ-ਦੇਖਦੇ ਉਹ ਕਿਤੇ ਦੂਰ ਸੋਚਾਂ 'ਚ ਡੁੱਬ ਗਈ। ਇਸੇ ਦੌਰਾਨ ਸਪਨਾ ਨੂੰ ਕਦੋਂ ਨੀਂਦ ਆ ਗਈ। ਉਸ ਨੂੰ ਪਤਾ ਹੀ ਨਾ ਲੱਗਾ। ਉਹ ਆਪਣਿਆਂ ਸੁਪਨਿਆਂ 'ਚ ਗੁੰਮ ਹੋ ਗਈ। ਸੁਪਨੇ 'ਚ ਉਹ ਦੇਖਦੀ ਹੈ ਜੋ ਉਸ ਨਾਲ ਵਾਪਰਿਆ ਸੀ ਉਹੀਂ ਵਰਤਾਰਾ ਉਸ ਦੀਆਂ ਬੇਟੀਆਂ ਨਾਲ ਵੀ ਵਾਪਰ ਰਿਹਾ ਹੈ।

ਉਹ ਬੇਚੈਨ ਹੋ ਕਿ ਇਕ ਦਮ ਡਰ ਕੇ ਉੱਠ ਕੇ ਬੈਠ ਗਈ। ਉਹ ਸੋਚ ਦੀ ਹੈ ਕਿ ਕਿਸੇ ਵੀ ਹਾਲਾਤ 'ਚ ਅਜਿਹਾ ਆਪਣੀਆਂ ਬੇਟੀਆਂ ਨਾਲ ਨਹੀਂ ਹੋਣ ਦੇਵੇਗੀ। ਸਪਨਾ ਆਪਣੀਆਂ ਬੱਚੀਆਂ ਲਈ ਨਵੀਂ ਰੋਸ਼ਨੀ ਦੀ ਕਿਰਨ ਬਣ ਕੇ ਨਿਕਲਦੀ ਹੈ। •

82890-23623

---

# ਹੁਣ ਨਹੀਂ ਪੈਂਦੀਆਂ ਬਾਜ਼ੀਆਂ

ਗੁਰਮੀਤ ਸਿੰਘ ਵੇਰਕਾ

ਅੱਜ ਤੋਂ ਕਰੀਬ ਚਾਲੀ ਪੰਜਾਹ ਸਾਲ ਪਹਿਲਾਂ ਮਨੋਰੰਜਨ ਦੇ ਸਾਧਨ ਇੰਨੇ ਨਹੀਂ ਸਨ। ਰੇਡੀਉ ਦੇ ਮਧਿਅਮ ਰਾਹੀਂ ਖ਼ਬਰਾਂ ਜਾਂ ਦਿਹਾਤੀ ਪ੍ਰੋਗਰਾਮ ਸੁਣਦੇ ਹੁੰਦੇ ਸੀ। ਉਦੋਂ ਪਿੰਡਾਂ ਵਿਚ ਬਾਜ਼ੀ ਪੈਂਦੀ ਸੀ। ਜਿਸ ਦਿਨ ਬਾਜ਼ੀ ਪੈਣੀ ਹੁੰਦੀ ਸੀ ਅਸੀਂ ਸਵੇਰੇ ਹੀ ਬੋਰੀਆ ਵਿਛਾ ਕੇ ਸਭ ਤੋਂ ਮੋਹਰੇ ਹੋ ਕੇ ਅਗਲੀ ਕਤਾਰ ਵਿਚ ਬੈਠ ਜਾਂਦੇ। ਬੱਚੇ ਉਸ ਦਿਨ ਸਕੂਲ ਦਾ ਅਤੇ ਵੱਡੇ ਘਰੇਲੂ ਕੰਮ ਭੁੱਲ ਜਾਂਦਾ ਸਨ। ਨਵੇਂ ਵਿਆਹ ਜਿੰਨਾ ਚਾਅ ਹੁੰਦਾ ਸੀ ਉਜੋਂ ਬਾਜ਼ੀ ਦੇਖਣ ਦਾ।

ਜਿਹੜਾ ਵਿਅਕਤੀ ਬਾਜ਼ੀ ਪਾਉਂਦਾ ਸੀ ਉਸ ਨੂੰ ਬਾਜ਼ੀਗਰ ਕਹਿੰਦੇ ਸਨ। ਬਾਜ਼ੀਗਰ ਸ਼ਬਦ, ਫ਼ਾਰਸੀ ਦਾ ਸ਼ਬਦ ਹੈ। ਇਸ ਦਾ ਮੂਲ ਬਾਜ਼ੀ ਹੈ।

ਬਾਜ਼ੀ ਸ਼ਬਦ ਦਾ ਅਰਥ ਪੰਜਾਬੀ ਭਾਸ਼ਾ ਵਿੱਚ ਖੇਡ, ਤਮਾਸ਼ਾ ਹੈ। ਮੈਨੂੰ ਅਜੇ ਵੀ ਚੇਤੇ ਹੈ ਸਾਡੇ ਸਕੂਲ ਦਾ ਮਾਸਟਰ ਸਾਨੂੰ ਕਹਿੰਦਾ ਹੁੰਦੇ ਸੀ ਕਿ ਮੈਂ ਪੜ੍ਹਾਉਂਦਾ ਨਹੀਂ, ਮੈਂ ਤਾਂ ਬਾਜ਼ੀਗਰ ਦਾ ਤਮਾਸ਼ਾ ਕਰਦਾ ਹਾਂ। ਬਾਜ਼ੀਗਰ ਸੰਸਾਰ ਦਾ ਤਮਾਸ਼ਾ ਰਚਨ ਵਾਲਾ ਬਾਜ਼ੀ ਪਾਉਣ ਵਾਲਾ ਖਿਡਾਰੀ ਹੁੰਦਾ ਸੀ।

ਉਹ ਛਾਲਾ ਮਾਰ-ਮਾਰ ਕੇ ਲੋਕਾਂ ਦਾ ਮਨੋਰੰਜਨ ਕਰਦੇ ਸਨ। ਕੜਿਆ ਵਿੱਚੋਂ ਲੰਘਣ ਜਿਹੀਆਂ ਕਲਾਬਾਜ਼ੀਆਂ ਢੋਲ ਦੇ ਤਾਲ ਨਾਲ ਕਰਦੇ ਸਨ। ਬਾਂਸ, ਰੱਸਿਆ 'ਤੇ ਚੜ੍ਹ ਕੇ ਤਮਾਸ਼ਾ ਕਰਦੇ। ਮੰਜੇ ਦੇ ਉੱਪਰ ਛੱਜ ਬੰਨ੍ਹ ਕੇ ਕਲਾਬਾਜ਼ੀਆਂ ਮਾਰਦੇ ਸਨ। ਲੋਕ ਇਨ੍ਹਾਂ ਦੀ ਹੌਸਲਾ ਅਫ਼ਜਾਈ ਲਈ ਤਾੜੀਆਂ ਮਾਰਦੇ ਤੇ ਇਨਾਮ ਵਜੋਂ ਪੈਸੇ ਦਿੰਦੇ ਸਨ। ਬੱਚੇ ਖ਼ੂਬ ਤਾੜੀਆਂ ਮਾਰ-ਮਾਰ ਮਹਿਫ਼ਲ ਦਾ ਰੰਗ ਬੰਨ੍ਹ ਦਿੰਦੇ ਸਨ।



ਸਮੇਂ ਨੇ ਵੇਖਦੇ-ਵੇਖਦੇ ਕਰਵਟ ਬਦਲ ਲਈ। ਨਵੀਂ ਕਾਂਤੀ ਆਈ ਬਾਜ਼ੀਗਰ ਬਾਜ਼ੀ ਪਾਉਣ ਵਾਲੇ ਲੋਪ ਹੋ ਗਏ। ਸਾਡੀ ਉਮਰ ਦੇ ਲੋਕ ਇਨ੍ਹਾਂ ਖੇਡਾਂ ਨੂੰ ਦੇਖਣ ਲਈ ਤਰਸ ਰਹੇ ਹਨ। ਇਨ੍ਹਾਂ ਦੀ ਜਗ੍ਹਾ ਮੋਬਾਈਲ ਕੰਪਿਊਟਰ, ਇੰਟਰਨੈੱਟ ਆਦਿ ਨੇ ਲੈ ਲਈ ਹੈ।

ਜੀਅ ਕਰਦਾ ਹੈ ਫਿਰ ਤੋਂ ਉਨ੍ਹਾਂ ਦਿਨਾਂ ਵਿਚ ਵੱਲ ਮੁੜ ਚੱਲੀਏ। ਜਿਨ੍ਹਾਂ ਖੇਡਾਂ ਤੋਂ ਅੱਜ ਕੱਲ੍ਹ ਦੇ ਬੱਚੇ ਅਨਜਾਨ ਹਨ ਉਹ ਖੇਡਾਂ ਕੇਡੀਏ ਤੇ ਬੱਚਿਆਂ ਨੂੰ ਦਿਖਾਈਏ। •

98786-00221

---

# ਲੋਪ ਹੋ ਚੁੱਕੇ ਮਨੋਰੰਜਨ ਦੇ ਸਾਧਨ

ਲੱਕੀ ਘੁਮੈਤ

ਜਿਵੇਂ-ਜਿਵੇਂ ਵਿੱਦਿਆ ਦਾ ਪਸਾਰ ਵਧਦਾ ਜਾ ਰਿਹਾ ਹੈ ਉਸੇ ਤਰ੍ਹਾਂ ਹੀ ਸਮੇਂ ਦੇ ਨਾਲ-ਨਾਲ ਮਨੁੱਖ ਨੇ ਜ਼ਿੰਦਗੀ ਵਿਚ ਮਨੋਰੰਜਨ ਲਈ ਵਰਤੀਆਂ ਜਾਣ ਵਾਲੀ ਵਸਤੂਆਂ ਵਿਚ ਵੀ ਵੱਡੀ ਤਬਦੀਲੀ ਲਿਆਂਦੀ ਹੈ ਪਰ ਆਪਣਾ ਪੁਰਾਣਾ ਸੱਭਿਆਚਰ ਤੇ ਉਸ ਸਮੇਂ ਮਨੋਰੰਜਨ ਲਈ ਵਰਤੇ ਜਾਣ ਵਾਲੇ ਰੇਡੀਓ, ਬਲੈਕ ਐਂਡ ਵਾਈਟ ਟੀਵੀ, ਵਾਕਮੈਨ, ਟੇਪ ਰਿਕਾਰਡ 'ਤੇ ਵੀਸੀ ਆਰ, ਸਮੇਤ ਹੋਰ ਕਈ ਚੀਜ਼ਾਂ ਤੋਂ ਵਾਂਝੇ ਵੀ ਹੋਣਾ ਪਿਆ ਹੈ।

ਅਜੋਕੀ ਨੌਜਵਾਨ ਪੀੜ੍ਹੀ ਤਾਂ ਇਨ੍ਹਾਂ ਪੁਰਾਤਨ ਮਨੋਰੰਜਨ ਦੇ ਸਾਧਨ ਤੋਂ ਅਨਜਾਣ ਹੈ। ਤਬਦੀਲੀ ਨੇ ਨੌਜਵਾਨ ਪੀੜ੍ਹੀ ਲਈ ਦੁਨੀਆ ਮੋਬਾਈਲ ਤੇ ਇੰਟਰਨੈੱਟ ਰਾਹੀਂ ਮੁੱਠੀ ਵਿਚ ਬੰਦ ਕਰ ਰੱਖੀ ਹੈ। ਜਦ ਚਾਹੋਂ ਮੋਬਾਈਲ ਨੂੰ ਚਲਾਓ ਤੇ ਦੁਨੀਆ ਬਾਰੇ ਕੁਝ ਵੀ ਜਾਣਕਾਰੀ ਪ੍ਰਾਪਤ ਕਰ ਲਓ।

ਅੱਜ ਕੱਲ੍ਹ ਵਰਤਾਰਾ ਇਹ ਹੋ ਗਿਆ ਹੈ ਕਿ ਕਿਸੇ ਵੀ ਮੁੰਡੇ ਜਾਂ ਕੁੜੀ ਕੋਲ ਮੋਬਾਈਲ ਤੋਂ ਸਿਵਾਏ ਕਿਸੇ ਨਾਲ ਗੱਲਬਾਤ ਕਰਨਾ ਤਾਂ ਦੂਰ ਦੀ ਗੱਲ ਹੈ ਉਹ ਆਪਣੇ ਘਰ ਆਏ ਮਹਿਮਾਨਾਂ ਨੂੰ ਵੀ ਮੋਬਾਈਲ ਵਿਚ ਰੁੱਝੇ ਹੋਏ ਹੀ ਇਕ ਵਾਰ ਬਲਾਉਣ ਦੀ ਮਸਾਂ ਖੇਚਲ ਕਰਦੇ ਹਨ। ਜਦੋਂ ਫੋਨ ਘਰਾਂ ਤਕ ਸੀਮਿਤ ਸੀ ਤਾਂ ਅਸੀਂ ਬਹੁਤ ਸੌਖੇ ਸੀ।

ਆਪਸੀ ਭਾਈਵਾਲਤਾ ਅਤੇ ਪਿਆਰ ਦੀਆਂ ਸਾਂਝਾਂ ਨਾਲ ਜੁੜੇ ਹੋਏ ਸਾਂ ਪਰ ਜਦੋਂ ਤੋਂ ਮੋਬਾਈਲ ਰਾਹੀਂ ਦੁਨੀਆ ਮੁੱਠੀ ਵਿਚ ਕੀਤੀ ਹੈ ਉਸ ਸਮੇਂ ਤੋਂ ਅਸੀਂ ਆਪਣੇ ਫ਼ਰਜ਼, ਰਿਸ਼ਤੇ ਅਤੇ ਆਪਣੇ ਫ਼ੁਰਸਤ ਦੇ ਪਲਾਂ ਤੋਂ ਵੀ ਦੂਰ ਹੋ ਗਏ ਹਾਂ। ਆਓ ਹੁਣ ਦੇ ਨੌਜਵਾਨ ਵਰਗ ਨੂੰ ਦੱਸ ਦਈਏ ਕਿ ਕੁਝ ਦਹਾਕੇ ਪਹਿਲਾ ਮਨੋਰੰਜਨ ਦੇ ਸਾਧਨ ਕਿਹੜੇ-ਕਿਹੜੇ ਹੁੰਦੇ ਸਨ। ਆਉ ਉਨ੍ਹਾਂ ਸਾਧਨਾ ਬਾਰੇ ਤੁਹਾਡੇ ਨਾਲ ਕੁਝ ਗੱਲਾਂ ਕਰਦੇ ਹਾਂ।

### ਬਲੈਕ ਐਂਡ ਵ੍ਹਾਈਟ ਟੀਵੀ



ਪੁਰਾਣੇ ਜ਼ਮਾਨੇ 'ਚ ਸਾਰੇ ਲੋਕਾਂ ਦੇ ਕੋਲ ਟੈਲੀਵਿਜ਼ਨ ਨਹੀਂ ਹੁੰਦੇ ਸਨ। ਪਿੰਡ 'ਚ ਰਹਿਣ ਵਾਲੇ ਸੈਂਕੜੇ ਘਰਾਂ 'ਚੋਂ ਕਿਸੇ-ਕਿਸੇ ਘਰ 'ਚ ਟੀਵੀ ਹੁੰਦਾ ਸੀ ਤੇ ਉਹ ਵੀ ਬਲੈਕ ਐਂਡ ਵਾਈਟ ਟੀਵੀ। ਟੀਵੀ ਵੇਖਣ ਵਾਲੇ ਲੋਕਾਂ ਦਾ ਉਸ ਘਰ 'ਚ ਹਮੇਸ਼ਾਂ ਇੱਕਠ ਲੱਗਾ ਰਹਿੰਦਾ ਸੀ ਪਰ ਸਮਾਂ ਬਦਲਿਆ ਅੱਜ ਬਲੈਕ ਐਂਡ ਵ੍ਹਾਈਟ ਟੀਵੀ ਕਿਤੇ ਵੀ ਵਿਖਾਈ ਨਹੀਂ ਦਿੰਦਾ। ਅੱਜ ਦਾ ਜ਼ਮਾਨਾ ਐੱਲਈਡੀ ਤੇ ਐੱਚਡੀ ਦਾ ਹੈ।

### ਰੇਡੀਓ

ਮਨੋਰੰਜਨ ਦਾ ਸਭ ਤੋਂ ਸਸਤਾ ਤੇ ਹਰਮਨ ਪਿਆਰਾ ਸਾਧਨ ਰੇਡੀਓ ਸੀ ਭਾਵੇਂ ਇਸ ਵਿਚ ਮੂਰਤ ਸਾਹਮਣੇ ਵਿਖਾਈ ਨਹੀਂ ਸੀ ਦਿੰਦੀ ਪਰ ਫਿਰ ਵੀ ਇੰਜ ਹੀ ਜਾਪਦਾ ਸੀ ਕਿ ਸਭ ਅੱਖਾਂ ਦੇ ਸਾਹਮਣੇ ਹੋ ਰਿਹਾ ਹੈ। ਦੂਰ-ਦੁਰਾਡੇ ਦੀਆਂ ਖ਼ਬਰਾਂ ਸੁਣਨ ਲਈ ਜਦ ਖ਼ਬਰਾਂ ਦਾ ਸਮਾਂ ਹੋ ਜਾਂਦਾ ਤਾਂ ਆਸੇ-ਪਾਸੇ ਘਰਾਂ ਦੇ ਸਿਆਣੇ ਬੰਦੇ ਰੇਡੀਓ ਦੇ ਆਲੇ-ਦੁਆਲੇ ਬੈਠ ਜਾਂਦੇ ਸਨ। ਗੀਤ-ਸੰਗੀਤ, ਕਹਾਣੀਆਂ ਆਦਿ ਵੀ ਰੇਡੀਓ ਤੇ ਸੁਣੇ ਜਾਂਦੇ ਸਨ ਪਰ ਨਾਲੋਂ-ਨਾਲ ਲੋਕ ਕੰਮ ਵੀ ਕਰਦੇ ਸਨ ਤੇ ਰੇਡੀਓ ਦੀ ਆਵਾਜ਼ ਵੀ ਸੁਣਦੇ। ਜਿਵੇਂ ਕਿ ਹੁਣ ਕੇਨੈਡਾ, ਅਮਰੀਕਾ, ਇੰਗਲੈਂਡ ਆਦਿ ਮੁਲਕਾਂ ਵਿਚ ਲੋਕ ਰੇਡੀਓ ਹੀ ਸੁਣਦੇ ਹਨ ਨਾਲੋਂ-ਨਾਲ ਆਪਣਾ ਕੰਮ ਵੀ ਕਰਦੇ ਹਨ। ਹਾਂ ਹੁਣ ਕੁਝ ਲੋਕਾਂ ਦਾ ਰੁਝਾਨ ਰੇਡੀਓ ਵੱਲ ਦੁਬਾਰਾ ਆ ਰਿਹਾ ਹੈ ਜਿਵੇਂ ਲੋਕਾਂ ਨੇ ਗੱਡੀਆਂ ਵਿਚ ਅਤੇ ਦੁਕਾਨਾਦਾਰਾਂ ਨੇ ਦੁਕਾਨਾਂ 'ਛ ਰੇਡੀਓ ਲਗਵਾ ਲਏ ਹਨ।

### ਟੇਪ ਰਿਕਾਰਡਰ

ਇਕ ਜ਼ਮਾਨੇ 'ਚ ਲੋਕ ਆਪਣੇ ਮਨ-ਪਸੰਦੀਦਾ ਗੀਤਾਂ ਨੂੰ ਸੁਣਨ ਲਈ ਆਡੀਓ ਕੈਸਟ 'ਚ ਚੋਣਵੇਂ ਗਾਣਿਆਂ ਨੂੰ ਰਿਕਾਰਡ ਕਰਵਾਉਂਦੇ ਸਨ। ਇਸ ਕੰਮ ਲਈ ਕਾਫ਼ੀ ਸਮਾਂ ਲੱਗਦਾ ਸੀ ਪਰ ਅੱਜ ਦੇ ਇੰਟਰਨੈੱਟ ਦੇ ਯੁੱਗ 'ਚ ਟੇਪ ਰਿਕਾਰਡਰ ਗਾਇਬ ਹੋ ਗਿਆ ਹੈ। ਇਸ ਦੀ ਥਾਂ ਪਿੰਨ-ਡਰਾਇਵ ਤੇ ਮੈਂਬਰੀ ਕਾਰਡ ਨੇ ਲੈ ਲਈ ਹੈ।



ਬਜ਼ੁਰਗਾਂ ਵੱਲੋਂ ਆਪਣੇ ਮਨਪਸੰਦੀਦਾ ਗਾਣੇ ਸੁਣਨ ਲਈ ਕਿਸੇ ਦੁਕਾਨਦਾਰ ਕੋਲ ਜਾ ਕੇ ਉਸ ਕੋਲੋਂ ਆਡੀਓ ਕੈਸੇਟ 'ਚ ਗਾਣੇ ਰਿਕਾਰਡ ਕਰਵਾਏ ਜਾਂਦੇ ਸਨ। ਇਹ ਕਰੀਬ ਵੀਹ ਸਾਲ ਪੁਰਾਣੀ ਗੱਲ ਹੈ ਪਰ ਅੱਜ ਦੇ ਟਾਈਮ 'ਚ ਲੋਕ ਮਿੰਟਾਂ-ਸਕਿੰਟਾਂ 'ਚ ਗਾਣਾ ਡਾਊਨਲੋਡ ਕਰ ਕੇ ਸੁਣ ਲੈਂਦੇ ਹਨ।

### ਵਾਕਮੈਨ

ਅੱਜ ਜਿਵੇਂ ਨੌਜਵਾਨ ਕੁੜੀਆਂ-ਮੁੰਡਿਆਂ ਨੂੰ ਮੋਬਾਈਲ ਤੇ ਹੈਡਫੋਨ ਲਾ ਕੇ ਘੁੰਮ ਦੇ ਹੋਏ ਵੇਖਦੇ ਹਾਂ, ਅਜਿਹੀ ਹਾਲਾਤ ਅੱਜ ਤੋਂ ਕਰੀਬ ਵੀਹ ਸਾਲ ਪਹਿਲਾਂ ਵੀ ਸੀ ਪਰ ਉਸ ਸਮੇਂ ਲੋਕ ਮੋਬਾਈਲ ਦੀ ਜਗ੍ਹਾ ਵਾਕਮੈਨ ਦੇ ਜ਼ਰੀਏਂ ਹੈਡਫੋਨ ਨਾਲ ਗਾਣੇ ਸੁਣਦੇ ਸੀ ਪਰ ਅੱਜ ਆਧੁਨਿਕਤਾ ਦੇ ਸਮੇਂ ਨੇ ਵਾਕਮੈਨ ਨੂੰ ਪੂਰੀ ਤਰ੍ਹਾਂ ਨਾਲ ਗਾਇਬ ਕਰ ਦਿੱਤਾ ਹੈ।

### ਬਾਇਓਸਕੋਪ

ਬਾਇਓਸਕੋਪ ਦੀ ਆਪਣੇ ਜ਼ਮਾਨੇ 'ਚ ਪੂਰੀ ਧੂਮ ਸੀ ਤੇ ਬੱਚਿਆਂ 'ਚ ਹਮੇਸ਼ਾਂ ਹੀ ਬਾਇਓਸਕੋਪ ਪ੍ਰਤੀ ਉਤਸ਼ਾਹ ਰਹਿੰਦਾ ਸੀ। ਜਦ ਵੀ ਕੋਈ ਵਿਅਕਤੀ ਪਿੰਡ 'ਚ ਬਾਇਓਸਕੋਪ ਲੈ ਕੇ ਆਉਂਦਾ ਤਾਂ ਉਸ ਦੇ ਕੋਲ ਬੱਚਿਆਂ ਦਾ ਭਾਰੀ ਇਕੱਠ ਹੋ ਜਾਂਦਾ ਸੀ।

ਬੱਚੇ ਆਪਣੇ ਮਾਪਿਆਂ ਨੂੰ ਚਵਾਨੀ ਤੇ ਅਠਿਆਣੀ ਲਿਆ ਕੇ ਉਸ ਵਿਅਕਤੀ ਤੋਂ ਬਾਇਓਸਕੋਪ 'ਚ ਅੱਖਾਂ ਪਾ ਕੇ ਆਪਣਾ ਮਨੋਰੰਜਨ ਕਰਦੇ ਪਰ ਅੱਜ-ਕੱਲ੍ਹ ਕੋਈ ਵੀ ਬਾਇਓਸਕੋਪ ਵਾਲਾ ਗਲ਼ੀਆਂ ਅਤੇ ਮੁਹੱਲਿਆਂ 'ਚ ਵਿਖਾਈ ਵਿਖਾਈ ਨਹੀਂ ਦਿੰਦਾ।

### ਰੀਲ ਵਾਲਾ ਕੈਮਰਾ

ਪੁਰਾਣੇ ਜ਼ਮਾਨੇ 'ਚ ਕਿਸੇ ਦੇ ਘਰ ਕੈਮਰੇ ਹੋਣ ਨੂੰ ਬਹੁਤ ਵੱਡੀ ਗੱਲ ਮੰਨਿਆ ਜਾਂਦਾ ਸੀ। ਤਦ ਕੈਮਰੇ ਤੋਂ ਫੋਟੋ ਖਿੱਚਣ ਲਈ ਕਿਸੇ ਦੂਜੇ ਵਿਅਕਤੀ ਦੀ ਉਡੀਕ ਕੀਤੀ ਜਾਂਦੀ ਸੀ। ਅੱਜ ਦੇ ਮੋਬਾਈਲ ਯੁੱਗ 'ਚ ਲੋਕਾਂ 'ਚ ਸੈਲਫ਼ੀ ਦਾ ਕਰੇਜ਼ ਵਧਿਆ ਹੈ। ਹੁਣ ਕੈਮਰੇ ਦੀ ਬਜਾਏ ਮੋਬਾਈਲ ਤੋਂ ਹੀ ਕੈਮਰੇ ਦਾ ਕੰਮ ਲਿਆ ਜਾਂਦਾ ਹਨ। ਇਸ ਨਾਲ ਖ਼ੁਦ ਦੀ ਫੋਟੋ ਖ਼ੁਦ ਹੀ ਖਿੱਟੀ ਜਾ ਸਕਦੀ ਹੈ। •

99157-07070

# ਪੰਜਾਬ ਦੇ 1,746 ਹੋਰ ਨੌਜਵਾਨਾਂ ਨੂੰ ਪੁਲਿਸ 'ਚ ਮਿਲੀ ਸਰਕਾਰੀ ਨੌਕਰੀ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੌਂਪੇ ਨਿਯੁਕਤੀ ਪੱਤਰ

➢ ਮਹਿਜ਼ ਸਾਢੇ ਚਾਰ ਸਾਲਾਂ 'ਚ ਪੁਲਿਸ ਫੋਰਸ ਵਿੱਚ 13,092 ਕਰਮਚਾਰੀ ਸ਼ਾਮਲ, 3,298 ਕਾਂਸਟੇਬਲਾਂ ਦੀ ਭਰਤੀ ਪ੍ਰਕਿਰਿਆ ਜਾਰੀ

➢ ਬਿਨਾਂ ਰਿਸ਼ਵਤ, ਬਿਨਾਂ ਸਿਫ਼ਾਰਸ਼' ਦੇ ਆਧਾਰ 'ਤੇ ਯੋਗਤਾ ਮੁਤਾਬਕ ਹੁਣ ਤੱਕ 70,840 ਨੌਜਵਾਨਾਂ ਨੂੰ ਦਿੱਤੀਆਂ ਸਰਕਾਰੀ ਨੌਕਰੀਆਂ

ਜਲੰਧਰ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਪੁਲਿਸ ਵਿੱਚ ਭਰਤੀ ਹੋਏ 1,746 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ, ਜੋ ਕਿ ਸੂਬਾ ਸਰਕਾਰ ਦੀ ਮੈਰਿਟ ਦੇ ਆਧਾਰ 'ਤੇ ਰੋਜ਼ਗਾਰ ਦੇਣ ਅਤੇ ਪੁਲਿਸ ਫੋਰਸ ਨੂੰ ਮਜ਼ਬੂਤ ਕਰਨ ਦੀ ਮੁਹਿੰਮ ਵਿੱਚ ਇੱਕ ਹੋਰ ਇਤਿਹਾਸਕ ਕਦਮ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਪੁਲਿਸ ਫੋਰਸ ਵਿੱਚ 13,092 ਜਵਾਨ ਸ਼ਾਮਲ ਕੀਤੇ ਗਏ ਹਨ, ਜਦੋਂ ਕਿ 3,298 ਹੋਰ ਕਾਂਸਟੇਬਲਾਂ ਦੀ ਭਰਤੀ ਪ੍ਰਕਿਰਿਆ ਚੱਲ ਰਹੀ ਹੈ। ਇਸ ਦੇ ਨਾਲ ਹੀ 'ਬਿਨਾਂ ਰਿਸ਼ਵਤ, ਬਿਨਾਂ ਸਿਫ਼ਾਰਸ਼' ਦੇ ਆਧਾਰ ਉੱਤੇ ਹੁਣ ਤੱਕ 70,840 ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਪੁਲਿਸ ਫੋਰਸ ਦੇ ਵਿਸਥਾਰ ਦੇ ਨਾਲ-ਨਾਲ ਪੰਜਾਬ ਸਰਕਾਰ ਨੇ ਇੰਸਪੈਕਟਰਾਂ, ਐਸ.ਆਈ. ਅਤੇ ਏ.ਐਸ.ਆਈ. ਦੀਆਂ 1,600 ਨਵੀਆਂ ਜ਼ਿਲ੍ਹਾ-ਕਾਡਰ ਦੀਆਂ ਪੋਸਟਾਂ ਨੂੰ ਵਿਭਾਗੀ ਤਰੱਕੀ ਰਾਹੀਂ ਭਰਨ ਦੀ ਮਨਜ਼ੂਰੀ ਵੀ ਦਿੱਤੀ ਹੈ। ਇਹ ਕਦਮ ਪੰਜਾਬ ਦੀ ਸਖ਼ਤ ਮਿਹਨਤ ਨਾਲ ਹਾਸਲ ਕੀਤੀ ਅਮਨ-ਸ਼ਾਂਤੀ ਦੀ ਰਾਖੀ ਕਰਨ ਅਤੇ ਅਸ਼ਾਂਤੀ, ਅੱਤਵਾਦ ਦੇ ਖ਼ਤਰੇ ਅਤੇ ਸੜਕ ਸੁਰੱਖਿਆ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਨਾਲ-ਨਾਲ ਫੋਰਸ ਨੂੰ ਮਜ਼ਬੂਤ ਕਰਨ ਲਈ ਸਰਕਾਰ ਦੇ ਇਰਾਦੇ ਸਪੱਸ਼ਟ ਕਰਦਾ ਹੈ। ਇਸ ਮੌਕੇ ਦੀਆਂ ਝਲਕੀਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਕਸ 'ਤੇ ਲਿਖਿਆ: ਅੱਜ ਜਲੰਧਰ ਦੇ ਪੀ.ਏ.ਪੀ. ਗਰਾਊਂਡ ਵਿਖੇ ਪੰਜਾਬ ਪੁਲਿਸ 'ਚ ਸ਼ਾਮਲ ਹੋਣ ਵਾਲੇ 1,746 ਨੌਜਵਾਨ ਮੁੰਡੇ-ਕੁੜੀਆਂ ਨੂੰ ਨਿਯੁਕਤੀ ਪੱਤਰ ਸੌਂਪੇ। ਇਹ ਨੌਜਵਾਨ 'ਬਿਨਾਂ ਰਿਸ਼ਵਤ, ਬਿਨਾਂ ਸਿਫ਼ਾਰਸ਼', ਨਿਰੋਲ ਮੈਰਿਟ ਦੇ ਆਧਾਰ 'ਤੇ ਭਰਤੀ ਹੋਏ ਹਨ... ਪਿਛਲੇ ਲਗਭਗ ਢਾਈ ਸਾਲਾਂ ਵਿੱਚ ਸਾਡੀ ਸਰਕਾਰ 70,840 ਤੋਂ ਵੱਧ ਨੌਕਰੀਆਂ ਦੇ ਚੁੱਕੀ ਹੈ, ਜੋ ਕਿ ਇੱਕ ਇਤਿਹਾਸਕ ਪ੍ਰਾਪਤੀ ਹੈ। ਮੈਨੂੰ ਪੂਰਾ ਭਰੋਸਾ ਹੈ ਕਿ ਇਹ ਨਵੇਂ ਭਰਤੀ ਹੋਏ ਬਹਾਦਰ ਜਵਾਨ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਪੰਜਾਬ ਅਤੇ ਦੇਸ਼ ਦੀ ਰਾਖੀ ਕਰਨਗੇ... ਸਾਰੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਨਵੀਂ ਸ਼ੁਰੂਆਤ ਲਈ ਬਹੁਤ-ਬਹੁਤ ਮੁਬਾਰਕਾਂ। ਪੰਜਾਬ ਪੁਲਿਸ ਪਰਿਵਾਰ ਵਿੱਚ ਜੀ ਆਇਆਂ ਨੂੰ! ਇਨਕਲਾਬ ਜ਼ਿੰਦਾਬਾਦ!

ਪੀ.ਏ.ਪੀ. ਗਰਾਊਂਡ ਵਿਖੇ 1,746 ਨਵੇਂ ਭਰਤੀ ਹੋਏ ਕਾਂਸਟੇਬਲਾਂ ਦੀ ਪਾਸਿੰਗ ਆਊਟ ਪਰੇਡ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਵੇਂ ਰੰਗਰੂਟਾਂ ਨੂੰ ਪੰਜਾਬ ਪੁਲਿਸ ਦੇ ਪਰਿਵਾਰ ਦਾ ਅਨਿੱਖੜਵਾਂ ਅੰਗ ਬਣਨ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਸਮਰਪਣ, ਪੇਸ਼ੇਵਰਤਾ ਅਤੇ ਮਿਸ਼ਨਰੀ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਆਪਣੇ ਮੁਲਾਜ਼ਮਾਂ ਨੂੰ ਸਭ ਤੋਂ ਵੱਧ ਤਨਖਾਹਾਂ ਦੇਣ 'ਤੇ ਮਾਣ ਹੈ, ਜੋ ਸੂਬੇ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਕਿਹਾ, ਜੇਕਰ ਕੇਂਦਰ ਸਰਕਾਰ ਜਾਂ ਕੋਈ ਹੋਰ ਸੂਬਾ ਸਰਕਾਰ ਆਪਣੇ ਕਿਸੇ ਵੀ ਮੁਲਾਜ਼ਮ ਨੂੰ 36,000 ਰੁਪਏ ਤਨਖਾਹ ਦਿੰਦੀ ਹੈ ਤਾਂ ਪੰਜਾਬ ਸਰਕਾਰ ਆਪਣੇ ਮੁਲਾਜ਼ਮ ਨੂੰ 50,000 ਰੁਪਏ ਤਨਖਾਹ ਦਿੰਦੀ ਹੈ। ਇਹ ਬਹੁਤ ਮਾਣ ਤੇ ਸੰਤੁਸ਼ਟੀ ਦੀ ਗੱਲ ਹੈ ਕਿ ਸੂਬਾ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਸਭ ਤੋਂ ਵੱਧ ਤਨਖਾਹ ਦਿੰਦੀ ਹੈ, ਜੋ ਸੂਬਾ ਸਰਕਾਰ ਦੀ ਰੀੜ੍ਹ ਦੀ ਹੱਡੀ ਹਨ। ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਭਰਤੀ ਹੋਏ ਨੌਜਵਾਨ ਅਜਿਹੇ ਸਮੇਂ ਵਿੱਚ ਸਰਕਾਰੀ ਰੁਜ਼ਗਾਰ ਦੇ ਪਰਿਵਾਰ ਵਿੱਚ ਸ਼ਾਮਲ ਹੋ ਰਹੇ ਹਨ ਜਦੋਂ ਸੂਬਾ ਸਰਕਾਰ ਪੂਰੇ ਪੰਜਾਬ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹੁਣ ਤੱਕ 70,840 ਨੌਜਵਾਨਾਂ ਨੂੰ ਨਿਰੋਲ ਮੈਰਿਟ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਹਨ, ਜਿਸ ਵਿੱਚ ਪੂਰੀ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ, ਭ੍ਰਿਸ਼ਟਾਚਾਰ ਅਤੇ ਸਿਫ਼ਾਰਸ਼ ਤੋਂ ਮੁਕਤ ਹੈ। ਉਨ੍ਹਾਂ ਕਿਹਾ, ਕਈ ਨੌਜਵਾਨਾਂ ਨੇ ਆਪਣੀ ਕਾਬਲੀਅਤ ਸਦਕਾ ਵੱਖ-ਵੱਖ ਵਿਭਾਗਾਂ ਵਿੱਚ ਅਨੇਕਾਂ ਵਾਰ ਸਫ਼ਲਤਾਪੂਰਵਕ ਸਰਕਾਰੀ ਨੌਕਰੀਆਂ ਹਾਸਲ ਕੀਤੀਆਂ ਹਨ, ਜੋ ਸਾਡੀ ਭਰਤੀ ਪ੍ਰਕਿਰਿਆ ਦੀ ਭਰੋਸੇਯੋਗਤਾ ਨੂੰ ਦਰਸਾਉਂਦਾ ਹੈ। ਸਾਡੀ ਸਰਕਾਰ ਪੰਜਾਬ ਦੇ ਹਰ ਪਿੰਡ, ਕਸਬੇ ਅਤੇ ਸ਼ਹਿਰ ਵਿੱਚ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਸਫ਼ਲ ਰਹੀ ਹੈ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਤਾਜ਼ਾ ਭਰਤੀ ਨਾਲ ਪੰਜਾਬ ਪੁਲਿਸ ਹੋਰ ਮਜ਼ਬੂਤ ਹੋਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਫੋਰਸ ਦੇ ਵੱਖ-ਵੱਖ ਰੈਂਕਾਂ ਵਿੱਚ 13,092 ਨੌਜਵਾਨਾਂ ਦੀ ਭਰਤੀ ਕੀਤੀ ਜਾ ਚੁੱਕੀ ਹੈ, ਜਦੋਂ ਕਿ 3,298 ਹੋਰ ਕਾਂਸਟੇਬਲਾਂ ਦੀ ਭਰਤੀ ਪ੍ਰਕਿਰਿਆ ਜਾਰੀ ਹੈ। ਉਨ੍ਹਾਂ ਕਿਹਾ, ਹੁਣ ਤੋਂ ਤੁਸੀਂ ਸਰਕਾਰੀ ਪਰਿਵਾਰ ਦਾ ਅਨਿੱਖੜਵਾਂ ਅੰਗ ਬਣ ਗਏ ਹੋ। ਅਸੀਂ ਮਿਲ ਕੇ ਰੰਗਲੇ ਅਤੇ ਖੁਸ਼ਹਾਲ ਪੰਜਾਬ ਦੀ ਸ਼ਾਨ ਨੂੰ ਬਹਾਲ ਕਰਨ ਦੇ ਆਪਣੇ ਸਾਂਝੇ ਮਿਸ਼ਨ ਵਿੱਚ ਕੋਈ ਕਸਰ ਨਹੀਂ ਛੱਡਾਂਗੇ। ਇਹ ਨਾ ਤਾਂ ਅਜਿਹੀ ਪਹਿਲੀ ਪ੍ਰਾਪਤੀ ਹੈ ਅਤੇ ਨਾ ਹੀ ਆਖਰੀ ਹੋਵੇਗੀ।

ਮੁੱਖ ਮੰਤਰੀ ਨੇ ਜ਼ਿਕਰ ਕੀਤਾ ਕਿ ਸਧਾਰਨ ਪਰਿਵਾਰਾਂ ਦੇ ਬੱਚੇ ਇਹ ਸਾਬਤ ਕਰ ਰਹੇ ਹਨ ਕਿ ਸਮਰਪਣ, ਦ੍ਰਿੜਤਾ ਅਤੇ ਯੋਗ ਮਾਰਗਦਰਸ਼ਨ ਨਾਲ ਉਹ ਸਭ ਤੋਂ ਚੁਣੌਤੀਪੂਰਨ ਟੀਚਿਆਂ ਨੂੰ ਵੀ ਹਾਸਲ ਕਰ ਸਕਦੇ ਹਨ। ਉਨ੍ਹਾਂ ਕਿਹਾ, ਤੁਸੀਂ ਦਿਖਾ ਦਿੱਤਾ ਹੈ ਕਿ ਸਧਾਰਨ ਪਰਿਵਾਰਾਂ ਦੇ ਬੱਚੇ ਲਗਨ, ਸਮਰਪਣ ਅਤੇ ਦ੍ਰਿੜਤਾ ਨਾਲ ਹਰ ਟੀਚਾ ਪ੍ਰਾਪਤ ਕਰ ਸਕਦੇ ਹਨ। ਮੈਨੂੰ ਉਮੀਦ ਹੈ ਕਿ ਤੁਸੀਂ ਆਉਣ ਵਾਲੇ ਸਾਲਾਂ ਵਿੱਚ ਨਵੇਂ ਮੀਲ ਪੱਥਰ ਕਾਇਮ ਕਰਦੇ ਰਹੋਗੇ ਅਤੇ ਪੰਜਾਬ ਦਾ ਨਾਂ ਰੌਸ਼ਨ ਕਰੋਗੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲਿਸ ਦੀ ਵੱਖਰੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ, ਹਰ ਕੋਈ ਜਾਣਦਾ ਹੈ ਕਿ ਪੰਜਾਬ ਪੁਲਿਸ ਸਿਰਫ਼ ਇੱਕ ਸੂਬੇ ਦੀ ਪੁਲਿਸ ਨਹੀਂ ਹੈ, ਸਗੋਂ ਇਹ ਦੇਸ਼ ਦੀ ਪੁਲਿਸ ਹੈ, ਜੋ ਦੁਸ਼ਮਣ ਗੁਆਂਢੀ ਨਾਲ ਲਗਦੀ 532 ਕਿਲੋਮੀਟਰ ਲੰਬੀ ਸਰਹੱਦ ਦੀ ਰਾਖੀ ਕਰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਨ ਅਤੇ ਪੰਜਾਬ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਦੀ ਆਪਣੀ ਜ਼ਿੰਮੇਵਾਰੀ ਨੂੰ ਹਮੇਸ਼ਾ ਸਮਰਪਣ ਭਾਵਨਾ ਨਾਲ ਨਿਭਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਨਸ਼ਿਆਂ ਦੇ ਰੂਪ ਵਿੱਚ ਸੰਤਾਪ ਹੰਢਾਇਆ ਹੈ, ਪਰ ਸੂਬਾ ਸਰਕਾਰ ਨੇ ਇਸ ਅਲਾਮਤ ਨਾਲ ਫੈਸਲਾਕੁੰਨ ਢੰਗ ਨਾਲ ਨਜਿੱਠਣ ਲਈ 'ਯੁੱਧ ਨਸ਼ਿਆਂ ਵਿਰੁੱਧ' ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ, ਪੰਜਾਬ ਨੂੰ ਨਸ਼ਿਆਂ ਦੀ ਲਾਹਨਤ ਦੇ ਕਲੰਕ ਦੇ ਸੰਕਟ ਅਤੇ ਪੀੜਾ ਵਿੱਚੋਂ ਗੁਜ਼ਰਨਾ ਪਿਆ, ਪਰ ਹੁਣ ਅਸੀਂ ਨਸ਼ਾ ਅੱਤਵਾਦ (ਡਰੱਗ ਟੈਰੋਰਿਜ਼ਮ) ਵਿਰੁੱਧ ਲੜ ਰਹੇ ਹਾਂ। ਪਿਛਲੇ ਤਕਰੀਬਨ 500 ਦਿਨਾਂ ਵਿੱਚ 70,000 ਤੋਂ ਵੱਧ ਨਸ਼ਾ ਤਸਕਰਾਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਭੇਜਿਆ ਗਿਆ ਹੈ। ਮਾਨਵਤਾ ਵਿਰੁੱਧ ਇਸ ਜੁਰਮ ਵਿੱਚ ਸ਼ਾਮਲ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਰਹੀਆਂ ਹਨ ਅਤੇ ਢਾਹੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਨਸ਼ਿਆਂ ਦਾ ਲੱਕ ਤੋੜ ਦਿੱਤਾ ਹੈ ਅਤੇ ਪੰਜਾਬ ਨੂੰ ਇਸ ਕੋਹੜ ਤੋਂ ਮੁਕਤ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

ਨਵੇਂ ਭਰਤੀ ਹੋਏ ਪੁਲਿਸ ਮੁਲਾਜ਼ਮਾਂ ਨੂੰ ਨਸ਼ਿਆਂ ਦੇ ਖਾਤਮੇ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, ਪੰਜਾਬ ਨਸ਼ਿਆਂ ਵਿਰੁੱਧ ਦੇਸ਼ ਦੀ ਲੜਾਈ ਲੜ ਰਿਹਾ ਹੈ ਅਤੇ ਪੰਜਾਬ ਪੁਲਿਸ ਨੇ ਹਮੇਸ਼ਾ ਨਸ਼ਿਆਂ ਦੀ ਸਪਲਾਈ ਨੂੰ ਰੋਕਣ ਲਈ ਢਾਲ ਵਜੋਂ ਕੰਮ ਕੀਤਾ ਹੈ। ਹੁਣ ਉਹ ਸਮਾਂ ਆ ਗਿਆ ਹੈ, ਜਦੋਂ ਤੁਹਾਨੂੰ ਪੰਜਾਬ ਪੁਲਿਸ ਦੀ ਸ਼ਾਨਦਾਰ ਰਵਾਇਤ ਨੂੰ ਕਾਇਮ ਰੱਖਣਾ ਚਾਹੀਦਾ ਹੈ ਅਤੇ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰਨਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਕ ਸਰਹੱਦੀ ਸੂਬਾ ਹੋਣ ਦੇ ਨਾਤੇ ਪੰਜਾਬ ਨੂੰ ਸਖ਼ਤ ਘਾਲਣਾ ਘਾਲ ਕੇ ਹਾਸਲ ਕੀਤੀ ਸ਼ਾਂਤੀ ਨੂੰ ਭੰਗ ਕਰਨ ਦੇ ਦੁਸ਼ਮਣ ਤਾਕਤਾਂ ਦੇ ਮਨਸੂਬਿਆ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ, ਸੂਬੇ ਦੇ ਕਈ ਦੁਸ਼ਮਣ ਅਨਸਰ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਨਾਪਾਕ ਮਨਸੂਬੇ ਘੜਦੇ ਰਹੇ ਹਨ, ਪਰ ਪੰਜਾਬ ਪੁਲਿਸ ਨੇ ਹਮੇਸ਼ਾ ਅਜਿਹੀਆਂ ਕੋਸ਼ਿਸ਼ਾਂ ਨੂੰ ਨਾਕਾਮ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਫੋਰਸ ਨੂੰ ਜਾਂਚ, ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਆਧੁਨਿਕ ਲੋੜਾਂ ਅਨੁਸਾਰ ਲਗਾਤਾਰ ਆਪਣੇ ਆਪ ਨੂੰ ਅੱਪਗ੍ਰੇਡ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਸ ਪ੍ਰਗਟਾਈ ਕਿ ਪੰਜਾਬ ਪੁਲਿਸ ਪੂਰੀ ਪੇਸ਼ੇਵਰ ਵਚਨਬੱਧਤਾ ਨਾਲ ਲੋਕਾਂ ਦੀ ਸੇਵਾ ਕਰਨ ਦੀ ਆਪਣੀ ਸ਼ਾਨਦਾਰ ਵਿਰਾਸਤ ਨੂੰ ਬਰਕਰਾਰ ਰੱਖੇਗੀ ਅਤੇ ਨਵੇਂ ਭਰਤੀ ਹੋਏ ਜਵਾਨ ਆਪਣੇ ਪੂਰਵਜਾਂ ਦੁਆਰਾ ਕਾਇਮ ਕੀਤੇ ਉੱਚ ਆਦਰਸ਼ਾਂ 'ਤੇ ਚੱਲਣਗੇ।

ਨਵੇਂ ਭਰਤੀ ਹੋਏ ਪੁਲਿਸ ਮੁਲਾਜ਼ਮਾਂ ਨੂੰ ਮੁਬਾਰਕਬਾਦ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲਿਸ ਵਿੱਚ ਸ਼ਾਮਲ ਹੋਣਾ ਇੱਕ ਅਹਿਮ ਮੌਕਾ ਹੈ ਅਤੇ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਲਗਨ, ਮਿਹਨਤ ਅਤੇ ਵਚਨਬੱਧਤਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ, ਤੁਹਾਨੂੰ ਆਮ ਜਨਤਾ ਦੇ ਦੁੱਖ-ਦਰਦ ਘਟਾਉਣ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਤੁਹਾਡਾ ਸਭ ਤੋਂ ਪਹਿਲਾ ਫਰਜ਼ ਲੋਕਾਂ ਦੀ ਭਲਾਈ ਹੋਣੀ ਚਾਹੀਦਾ ਹੈ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਤੁਹਾਡੀ ਸੇਵਾ ਦਾ ਲਾਭ ਮਿਲ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਅਪਰਾਧੀਆਂ ਦਾ ਮੁਕਾਬਲਾ ਕਰਨ ਲਈ ਪੁਲਿਸ ਫੋਰਸ ਨੂੰ ਵਿਗਿਆਨਕ ਲੀਹਾਂ 'ਤੇ ਅੱਪਗ੍ਰੇਡ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਾਲ 2022 ਤੋਂ ਹੁਣ ਤੱਕ ਪੁਲਿਸ ਫੋਰਸ ਨੂੰ ਮਜ਼ਬੂਤ ਅਤੇ ਆਧੁਨਿਕ ਬਣਾਉਣ ਲਈ 15,000 ਤੋਂ ਵੱਧ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ, ਜਦਕਿ ਜਵਾਨਾਂ ਨੂੰ ਆਪਣੀ ਡਿਊਟੀ ਸੁਚੱਜੇ ਢੰਗ ਨਾਲ ਨਿਭਾਉਣ ਲਈ ਨਵੇਂ ਅਤੇ ਆਧੁਨਿਕ ਵਾਹਨ ਵੀ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਨੇ ਪੰਜਾਬ ਪੁਲਿਸ ਵਿੱਚ ਜ਼ਿਲ੍ਹਾ ਕਾਡਰ ਦੀਆਂ 1,600 ਨਵੀਂਆਂ ਆਸਾਮੀਆਂ ਨੂੰ ਮਨਜ਼ੂਰੀ ਦਿੱਤੀ ਹੈ, ਜਿਨ੍ਹਾਂ ਵਿੱਚ 150 ਇੰਸਪੈਕਟਰ, 450 ਸਬ-ਇੰਸਪੈਕਟਰ ਅਤੇ 1,000 ਸਹਾਇਕ ਸਬ-ਇੰਸਪੈਕਟਰ ਸ਼ਾਮਲ ਹਨ। ਇਹ ਆਸਾਮੀਆਂ ਵਿਭਾਗੀ ਤਰੱਕੀਆਂ ਰਾਹੀਂ ਭਰੀਆਂ ਜਾਣਗੀਆਂ ਤਾਂ ਜੋ ਸੇਵਾ ਨਿਭਾ ਰਹੇ ਪੁਲਿਸ ਮੁਲਾਜ਼ਮਾਂ ਨੂੰ ਕਰੀਅਰ ਵਿੱਚ ਅੱਗੇ ਵਧਣ ਦੇ ਮੌਕੇ ਮਿਲ ਸਕਣ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪਹਿਲੀ ਵਾਰ ਪੁਲਿਸ ਅਧਿਕਾਰੀਆਂ ਨੂੰ ਉਨ੍ਹਾਂ ਦੀ ਮੈਰਿਟ ਅਤੇ ਵਾਰੀ ਅਨੁਸਾਰ ਤਰੱਕੀਆਂ ਦਿੱਤੀਆਂ ਜਾ ਰਹੀਆਂ ਹਨ। ਅਸੀਂ ਫੋਰਸ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹਾਂ ਤਾਂ ਜੋ ਸਾਡੇ ਪੁਲਿਸ ਮੁਲਾਜ਼ਮ ਆਪਣੀ ਡਿਊਟੀ ਹੋਰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾ ਸਕਣ। ਸਰਕਾਰ ਦੇ ਸੜਕ-ਸੁਰੱਖਿਆ ਉਪਰਾਲੇ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਸੂਬਾਈ ਅਤੇ ਰਾਸ਼ਟਰੀ ਰਾਜਮਾਰਗਾਂ 'ਤੇ ਸੁਰੱਖਿਆ ਵਧਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਦੇਸ਼ ਦੀ ਪਹਿਲੀ ਸਮਰਪਿਤ 'ਸੜਕ ਸੁਰੱਖਿਆ ਫੋਰਸ' ਦੀ ਸ਼ੁਰੂਆਤ ਕੀਤੀ ਹੈ।

## ਪੰਜਾਬ ਦੇ ਮੁੱਖ ਡੈਮਾਂ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਘਟਿਆ



ਚੰਡੀਗੜ੍ਹ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੌਨਸੂਨ ਸੀਜ਼ਨ ਖਤਮ ਹੋਣ ਵਾਲਾ ਹੈ ਪਰ ਪੰਜਾਬ ਦੇ ਮੁੱਖ ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਡੈਮਾਂ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਕਾਫ਼ੀ ਘੱਟ ਦਰਜ ਕੀਤਾ ਗਿਆ ਹੈ। 27 ਅਗਸਤ ਤੱਕ ਦੇ ਅੰਕੜਿਆਂ ਮੁਤਾਬਕ ਚਾਲੂ ਸਾਲ ਦੇ ਮੌਨਸੂਨ ਦੌਰਾਨ ਪਾਣੀ ਦੀ ਆਮਦ ਪਿਛਲੇ ਸਾਲ ਜਿੰਨੀ ਨਹੀਂ ਰਹੀ ਜਿਸ ਕਾਰਨ ਡੈਮਾਂ ਵਿੱਚ ਅਜੇ ਵੀ ਕਾਫ਼ੀ ਥਾਂ ਖਾਲੀ ਪਈ ਹੈ। ਭਾਖੜਾ ਰਿਜ਼ਰਵਾਇਰ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ 37.27 ਫੁੱਟ ਹੇਠਾਂ 1,634.22 ਫੁੱਟ ਉੱਤੇ ਹੈ ਅਤੇ ਇਹ 64 ਫ਼ੀਸਦੀ ਭਰਿਆ ਹੋਇਆ ਹੈ। ਇਸੇ ਤਰ੍ਹਾਂ ਪੌਂਗ ਡੈਮ ਦਾ ਪੱਧਰ ਵੀ ਪਿਛਲੇ ਸਾਲ ਨਾਲੋਂ 27.33 ਫੁੱਟ ਘੱਟ ਕੇ 1,365.67 ਫੁੱਟ ਰਹਿ ਗਿਆ ਹੈ, ਜਦਕਿ ਰਣਜੀਤ ਸਾਗਰ ਡੈਮ ਵਿੱਚ ਵੀ ਪਾਣੀ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ 12.27 ਮੀਟਰ ਘੱਟ ਦਰਜ ਕੀਤਾ ਗਿਆ ਹੈ।

ਡੈਮਾਂ ਵਿੱਚ ਪਾਣੀ ਦੀ ਆਮਦ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਹੈ ਕਿਉਂਕਿ ਭਾਖੜਾ ਵਿੱਚ ਅੱਜ ਪਾਣੀ ਦੀ ਆਮਦ 30,452 ਕਿਊਸਿਕ ਰਹੀ, ਜੋ ਕਿ ਪਿਛਲੇ ਸਾਲ ਇਸ ਦਿਨ 58,997 ਕਿਊਸਕ ਸੀ। ਪੌਂਗ ਡੈਮ ਵਿੱਚ ਤਾਂ ਪਾਣੀ ਦੀ ਆਮਦ ਸਿਰਫ਼ 22,202 ਕਿਊਸਿਕ ਰਹੀ। ਇਸ ਤੋਂ ਇਲਾਵਾ ਰਾਵੀ ਦਰਿਆ 'ਤੇ ਬਣੇ ਰਣਜੀਤ ਸਾਗਰ ਡੈਮ ਵਿੱਚ ਵੀ ਪਾਣੀ ਦੀ ਆਮਦ ਸਿਰਫ਼ 7,073 ਕਿਊਸਿਕ ਹੀ ਦਰਜ ਕੀਤੀ ਗਈ ਹੈ।

ਹਾਲਾਂਕਿ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (22$2) ਦੇ ਸੂਤਰਾਂ ਦਾ ਕਹਿਣਾ ਹੈ ਕਿ ਭਾਈਵਾਲ ਰਾਜਾਂ ਦੀਆਂ ਮੰਗਾਂ ਲਈ ਪਾਣੀ ਦਾ ਮੌਜੂਦਾ ਪੱਧਰ ਤਸੱਲੀਬਖ਼ਸ਼ ਹੈ। ਪਿਛਲੇ ਇੱਕ ਦਹਾਕੇ ਤੋਂ ਭਾਖੜਾ ਡੈਮ ਦਾ ਪੱਧਰ ਕਦੇ ਵੀ 1550 ਫੁੱਟ ਤੋਂ ਹੇਠਾਂ ਨਹੀਂ ਗਿਆ। ਅਧਿਕਾਰੀਆਂ ਦਾ ਮੰਨਣਾ ਹੈ ਕਿ ਜੇਕਰ ਇਸ ਸਾਲ ਪਾਣੀ ਦਾ ਪੱਧਰ 1550 ਫੁੱਟ ਤੋਂ ਹੇਠਾਂ ਆਉਂਦਾ ਹੈ ਤਾਂ ਇਹ ਡੈਮ ਦੇ ਢਾਂਚੇ ਲਈ ਰਾਹਤ ਦੀ ਗੱਲ ਹੋਵੇਗੀ। ਪਾਣੀ ਭਰਨ ਦਾ ਇਹ ਸੀਜ਼ਨ 15 ਸਤੰਬਰ ਤੱਕ ਜਾਰੀ ਰਹਿਣ ਦੀ ਉਮੀਦ ਹੈ ਅਤੇ ਅਧਿਕਾਰੀ ਬਾਕੀ ਬਚੇ ਹਫ਼ਤਿਆਂ ਦੌਰਾਨ ਬਿਹਤਰ ਮੀਂਹ ਪੈਣ ਦੀ ਉਮੀਦ ਲਗਾ ਕੇ ਬੈਠੇ ਹਨ ਤਾਂ ਜੋ ਡੈਮਾਂ ਵਿੱਚ ਪਾਣੀ ਦੀ ਕਮੀ ਨੂੰ ਕੁਝ ਹੱਦ ਤੱਕ ਪੂਰਾ ਕੀਤਾ ਜਾ ਸਕੇ।

## ਸ਼ਹਿਰੀ ਖੇਤਰਾਂ 'ਚ ਸਵੱਛਤਾ ਅਭਿਆਨ ਸ਼ਨੀਵਾਰ ਤੋਂ ਹੋਵੇਗਾ ਸ਼ੁਰੂ




ਹੁਸ਼ਿਆਰਪੁਰ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲੇ ਅੰਦਰ ਸ਼ਹਿਰੀ ਖੇਤਰਾਂ ਵਿੱਚ ਸਫ਼ਾਈ ਵਿਵਸਥਾ ਨੂੰ ਹੋਰ ਬਿਹਤਰ ਬਣਾਉਣ ਦੇ ਮੰਤਵ ਨਾਲ ਜੰਗੀ ਪੱਧਰ 'ਤੇ ਸਵੱਛਤਾ ਮੁਹਿੰਮ 29 ਅਗਸਤ ਤੋਂ 8 ਸਤੰਬਰ ਤੱਕ ਚਲਾਈ ਜਾਵੇਗੀ ਜਿਸ ਦੌਰਾਨ ਕੂੜੇ ਵਾਲੀਆਂ ਥਾਵਾਂ, ਖੁੱਲ੍ਹੇ ਵਿੱਚ ਕੂੜਾ ਸੁੱਟਣ ਵਾਲੀਆਂ ਥਾਵਾਂ ਅਤੇ ਉਹ ਥਾਂ, ਜਿੱਥੇ ਅਕਸਰ ਕੂੜਾ ਸੁੱਟਿਆ ਜਾਂਦਾ ਹੈ, ਦੀ ਪੂਰੀ ਤਰ੍ਹਾਂ ਸਫ਼ਾਈ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਪੰਜਾਬ ਦੇ ਜੇਲ੍ਹਾਂ ਅਤੇ ਐਨ.ਆਰ.ਆਈ. ਮਾਮਲੇ ਮੰਤਰੀ ਡਾ. ਰਵਜੋਤ ਸਿੰਘ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਕਰਮਬੀਰ ਸਿੰਘ ਘੁੰਮਣ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਨਗਰ ਨਿਗਮ ਅਤੇ ਕੌਂਸਲਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਮੁਹਿੰਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਇਸ ਨੂੰ ਸਫ਼ਲ ਬਣਾਉਣ ਲਈ ਵਿਸਥਾਰਤ ਰਣਨੀਤੀ 'ਤੇ ਵਿਚਾਰਾਂ ਕੀਤੀਆਂ। ਮੀਟਿੰਗ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਨਾਖਤ ਕੀਤੀਆਂ ਜਾ ਚੁੱਕੀਆਂ ਥਾਵਾਂ ਤੋਂ ਇਕੱਠਾ ਹੋਇਆ ਕੂੜਾ ਪੂਰੀ ਤਰ੍ਹਾਂ ਹਟਾਇਆ ਜਾਵੇ ਅਤੇ ਮੁੜ ਕੂੜਾ ਸੁੱਟਣ ਤੋਂ ਰੋਕਣ ਲਈ ਅਸਰਦਾਰ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਸਿਰਫ਼ ਇਕ ਵਾਰ ਦੀ ਸਫ਼ਾਈ ਤੱਕ ਸੀਮਤ ਨਾ ਰਹੇ ਸਗੋਂ ਇਸ ਦੇ ਨਤੀਜੇ ਵਜੋਂ ਸਫ਼ਾਈ ਵਿੱਚ ਸਪੱਸ਼ਟ ਅਤੇ ਲਗਾਤਾਰ ਸੁਧਾਰ ਨਜ਼ਰ ਆਉਣਾ ਚਾਹੀਦਾ ਹੈ।

ਜਿਕਰਯੋਗ ਹੈ ਕਿ ਇਸ ਮੁਹਿੰਮ ਲਈ ਐੱਸ.ਡੀ.ਐੱਮਜ਼ ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ ਜੋ ਰੈਗੂਲਰ ਤੌਰ 'ਤੇ ਮੌਕੇ 'ਤੇ ਜਾ ਕੇ ਸਫ਼ਾਈ ਪ੍ਰਬੰਧਾਂ ਦਾ ਨਿਰੀਖਣ ਕਰਨਗੇ ਅਤੇ ਐੱਮ.ਸੇਵਾ ਪੋਰਟਲ 'ਤੇ ਪ੍ਰਾਪਤ ਸਫ਼ਾਈ ਸਬੰਧੀ ਸ਼ਿਕਾਇਤਾਂ ਦਾ ਨਿਪਟਾਰਾ ਕਰਵਾਉਣਗੇ। ਨੋਡਲ ਅਫ਼ਸਰ ਆਪਣੇ ਖੇਤਰ ਦੀਆਂ ਐੱਨ.ਜੀ.ਓਜ਼, ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨਾਂ, ਮਾਰਕੀਟ ਐਸੋਸੀਏਸ਼ਨਾਂ, ਵਿਦਿਅਕ ਸੰਸਥਾਵਾਂ, ਨੌਜਵਾਨ ਜਥੇਬੰਦੀਆਂ ਅਤੇ ਹੋਰ ਸੰਸਥਾਵਾਂ ਨਾਲ ਤਾਲਮੇਲ ਕਰਕੇ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣਗੇ। ਨਗਰ ਨਿਗਮ ਅਤੇ ਕੌਂਸਲਾਂ ਨੂੰ ਲੋੜ ਅਨੁਸਾਰ ਵਾਧੂ ਸੋਮਿਆਂ ਦਾ ਪ੍ਰਬੰਧ ਕਰਨ ਤੋਂ ਇਲਾਵਾ ਲੋੜੀਂਦੀ ਗਿਣਤੀ ਵਿੱਚ ਮੁਲਾਜ਼ਮਾਂ ਦੀ ਤਾਇਨਾਤੀ, ਮਸ਼ੀਨਰੀ ਅਤੇ ਵਾਹਨ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)ਇਸ ਮੁਹਿੰਮ ਲਈ ਜ਼ਿਲ੍ਹਾ ਨੋਡਲ ਅਫ਼ਸਰ ਹੋਣਗੇ। ਜੋ ਸਮੁੱਚੀ ਪ੍ਰਗਤੀ ਦੀ ਨਿਗਰਾਨੀ ਕਰਨ ਦੇ ਨਾਲ ਸੰਬੰਧਤ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਰੋਜ਼ਾਨਾ ਪ੍ਰਗਤੀ ਰਿਪੋਰਟਾਂ ਨੂੰ ਭੇਜਣਗੇ।

# ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀ ਪਟਿਆਲਾ ਵਿਖੇ 'ਵਿਕਸਿਤ ਭਾਰਤ ਯੁਵਾ ਕਨੈਕਟ - ਸਪੋਰਟਸ ਐਡੀਸ਼ਨ' ਵਿੱਚ ਭਾਗ ਲਿਆ

ਪਟਿਆਲਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਐੱਨ.ਐੱਸ.ਐੱਸ. ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਹਿਯੋਗ ਨਾਲ ਮਾਈ ਯੁਵਾ ਭਾਰਤ 'ਵਿਕਸਿਤ ਭਾਰਤ ਯੁਵਾ ਕਨੈਕਟ - ਸਪੋਰਟਸ ਐਡੀਸ਼ਨ' ਤਹਿਤ ਵਿਸ਼ੇਸ਼ ਪ੍ਰੋਗਰਾਮ ਵਿੱਚ ਭਾਗ ਲਿਆ। ਪ੍ਰੋਗਰਾਮ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਮਾਣਯੋਗ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪ੍ਰਸਿੱਧ ਮੁੱਕੇਬਾਜ਼ ਅਤੇ ਕਾਮਨਵੈਲਥ ਗੇਮਜ਼ ਦੀ ਸੋਨ ਤਮਗਾ ਜੇਤੂ ਅਰੁੰਧਤੀ ਚੌਧਰੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਨੌਜਵਾਨਾਂ ਨਾਲ ਖੇਡਾਂ ਸਬੰਧੀ ਆਪਣੇ ਤਜਰਬੇ ਸਾਂਝੇ ਕੀਤੇ।




ਪ੍ਰੋਗਰਾਮ ਦਾ ਮੁੱਖ ਆਕਰਸ਼ਣ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦਾ ਵਰਚੁਅਲ ਸੰਵਾਦ ਰਿਹਾ। ਪ੍ਰਧਾਨ ਮੰਤਰੀ ਜੀ ਨੇ ਪੰਜਾਬੀ ਯੂਨੀਵਰਸਿਟੀ ਸਮੇਤ ਦੇਸ਼ ਦੇ ਵੱਖ-ਵੱਖ ਸਥਾਨਾਂ 'ਤੇ ਮੌਜੂਦ ਨੌਜਵਾਨਾਂ ਨਾਲ ਵਰਚੁਅਲ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ। ਆਪਣੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਜੀ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਟੀਮ ਭਾਵਨਾ ਅਤੇ ਨੇਤ੍ਰਿਤਵ ਦੀ ਸਮਰੱਥਾ ਵਿਕਸਿਤ ਕਰਨ ਦਾ ਮਹੱਤਵਪੂਰਨ ਸਾਧਨ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਖੇਡਾਂ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਉਣ ਅਤੇ ਖੇਡ ਮੈਦਾਨ ਵਿੱਚ ਮਿਲਣ ਵਾਲੇ ਤਜਰਬਿਆਂ ਨੂੰ ਜੀਵਨ ਦੇ ਹੋਰ ਖੇਤਰਾਂ ਵਿੱਚ ਵੀ ਲਾਗੂ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਦੇ ਨੌਜਵਾਨ ਦੇਸ਼ ਨੂੰ ਖੇਡਾਂ ਦੇ ਖੇਤਰ ਵਿੱਚ ਨਵੀਆਂ ਉਚਾਈਆਂ ਤੱਕ ਲਿਜਾਣ ਦੀ ਸਮਰੱਥਾ ਰੱਖਦੇ ਹਨ। ਪ੍ਰਧਾਨ ਮੰਤਰੀ ਜੀ ਨੇ ਨੌਜਵਾਨਾਂ ਨੂੰ 'ਫਿਟ ਇੰਡੀਆ' ਅਤੇ 'ਵਿਕਸਿਤ ਭਾਰਤ' ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਅਰੁੰਧਤੀ ਚੌਧਰੀ ਨੇ ਆਪਣੇ ਖੇਡ ਸਫ਼ਰ ਅਤੇ ਉਪਲਬਧੀਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਨੌਜਵਾਨਾਂ ਨੂੰ ਮਿਹਨਤ, ਅਨੁਸ਼ਾਸਨ, ਲਗਨ ਅਤੇ ਨਿਰੰਤਰ ਯਤਨਾਂ ਰਾਹੀਂ ਆਪਣੇ ਟੀਚੇ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਅਤੇ ਖੇਡਾਂ ਵਿੱਚ ਕਰੀਅਰ ਬਣਾਉਣ ਸਬੰਧੀ ਆਪਣੇ ਤਜਰਬੇ ਸਾਂਝੇ ਕੀਤੇ।

ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਵਿਅਕਤੀ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਅਨੁਸ਼ਾਸਨ, ਟੀਮ ਵਰਕ ਅਤੇ ਆਤਮ-ਵਿਸ਼ਵਾਸ ਦੀ ਭਾਵਨਾ ਨੂੰ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਨੌਜਵਾਨਾਂ ਅਤੇ ਖਿਡਾਰੀਆਂ ਵਿਚਕਾਰ ਵਿਸ਼ੇਸ਼ 'ਯੁਵਾ ਸੰਵਾਦ' ਸੈਸ਼ਨ ਵੀ ਕਰਵਾਇਆ ਗਿਆ। ਇਸ ਦੌਰਾਨ ਭਾਗੀਦਾਰਾਂ ਨੇ ਭਾਰਤੀ ਖੇਡਾਂ ਦੇ ਭਵਿੱਖ, ਖੇਡ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਖੇਡਾਂ ਵਿੱਚ ਨੌਜਵਾਨਾਂ ਦੀ ਭੂਮਿਕਾ ਸਬੰਧੀ ਆਪਣੇ ਵਿਚਾਰ ਅਤੇ ਸੁਝਾਅ ਸਾਂਝੇ ਕੀਤੇ।

ਇਸ ਮੌਕੇ ਅੰਤਰਰਾਸ਼ਟਰੀ ਮੁੱਕੇਬਾਜੀ ਕੋਚ ਸ਼੍ਰੀਮਤੀ ਮੰਦਾਕਨੀ, ਯੂਨੀਵਰਸਿਟੀ ਦੇ ਅਧਿਕਾਰੀ, ਐੱਨ.ਐੱਸ.ਐੱਸ. ਪ੍ਰੋਗਰਾਮ ਅਫ਼ਸਰ ਡਾ. ਸਿਮਰਨਜੀਤ ਸਿੰਘ, ਡਾ. ਸੁਨੀਤਾ, ਡਾ. ਅਭਿਨਵ ਭੰਡਾਰੀ ਅਤੇ ਡਾ. ਚਰਨਜੀਵ ਸਰੋਆ, ਮਾਈ ਯੁਵਾ ਭਾਰਤ ਪਟਿਆਲਾ ਤੋ ਇੰਦਰਪ੍ਰੀਤ ਸਿੰਘ ਅਤੇ ਜਤਿੰਦਰ ਕੁਮਾਰ, ਐਨ.ਐਸ.ਐਸ. ਵਲੰਟੀਅਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ, ਉਨ੍ਹਾਂ ਵਿੱਚ ਖੇਡ ਭਾਵਨਾ ਅਤੇ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਰਾਸ਼ਟਰ ਨਿਰਮਾਣ ਵਿੱਚ ਨੌਜਵਾਨਾਂ ਦੀ ਸਰਗਰਮ ਭੂਮਿਕਾ ਨੂੰ ਮਜ਼ਬੂਤ ਕਰਨਾ ਸੀ। ਮਾਡਲ ਸਕੂਲ ਦੇ ਇੰਚਾਰਜ ਸ. ਸਤਵੀਰ ਸਿੰਘ ਵੱਲੋਂ ਐੱਨ.ਐੱਸ.ਐੱਸ. ਪ੍ਰੋਗਰਾਮ ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਵੱਲੋਂ ਸਾਰੇ ਮਹਿਮਾਨਾਂ, ਖਿਡਾਰੀਆਂ, ਵਲੰਟੀਅਰਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦੇਣ ਵਾਲੇ ਸਾਰੇ ਸਹਿਯੋਗੀਆਂ ਦੀ ਸ਼ਲਾਘਾ ਕੀਤੀ ਗਈ।

## ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਰੱਖੜੀ ਦੇ ਤਿਉਹਾਰ ਮੌਕੇ 1300 ਸਤਿਕਾਰ ਸਖੀਆਂ ਦਾ ਸਨਮਾਨ

ਜਲੰਧਰ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਰੱਖੜੀ ਦੇ ਤਿਉਹਾਰ ਦੇ ਮੌਕੇ 'ਤੇ ਅੱਜ ਕਰੀਬ 1300 ਸਤਿਕਾਰ ਸਖੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਮੇਅਰ ਵਿਨੀਤ ਧੀਰ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਪਾਲ ਸਿੰਘ ਵੀ ਮੌਜੂਦ ਸਨ।



ਇਥੇ ਬਸਤੀ ਪੀਰ ਦਾਦ ਰੋਡ 'ਤੇ ਮਨਾਏ ਗਏ ਰੱਖੜੀ ਦਾ ਮਹਾਉਤਸਵ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਤਿਕਾਰ ਸਖੀਆਂ ਨੇ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਨੂੰ ਮਹਿਲਾਵਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਸਤਿਕਾਰ ਸਖੀਆਂ ਦੀ ਮਿਹਨਤ ਸਦਕਾ ਯੋਗ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਸਨਮਾਨ ਰਾਸ਼ੀ ਪਹੁੰਚਣੀ ਸ਼ੁਰੂ ਹੋ ਗਈ ਹੈ।

ਸ੍ਰੀ ਭਗਤ ਨੇ ਕਿਹਾ ਕਿ ਸਤਿਕਾਰ ਸਖੀਆਂ ਦੀ ਬਦੌਲਤ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀਆਂ 52 ਹਜ਼ਾਰ ਮਹਿਲਾਵਾਂ ਨੂੰ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਰਜਿਸਟਰ ਕੀਤਾ ਗਿਆ, ਜੋ ਅੱਜ ਸਨਮਾਨ ਰਾਸ਼ੀ ਪ੍ਰਾਪਤ ਕਰ ਰਹੀਆਂ ਹਨ। ਉਨ੍ਹਾਂ ਇਸ ਵਿਸ਼ਾਲ ਸਰਕਾਰੀ ਯੋਜਨਾ ਨੂੰ ਘਰ-ਘਰ ਪਹੁੰਚਾਉਣ ਲਈ ਸਾਰੀਆਂ ਸਤਿਕਾਰ ਸਖੀਆਂ ਦੀ ਮਿਹਨਤ ਤੇ ਸਹਿਯੋਗ ਦੀ ਭਰਪੂਰ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮਹਿਲਾਵਾਂ ਦੇ ਸਸ਼ਕਤੀਕਰਨ, ਸਤਿਕਾਰ ਅਤੇ ਭਲਾਈ ਲਈ ਦ੍ਰਿੜ ਵਚਨਬੱਧ ਹੈ ਅਤੇ ਔਰਤਾਂ ਦੀ ਬਿਹਤਰੀ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਸੂਬਾ ਸਰਕਾਰ ਵੱਲੋਂ ਮਹਿਲਾਵਾਂ ਦੀ ਬਿਹਤਰੀ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਇਸ ਮੌਕੇ ਮਹਿਲਾਵਾਂ ਨੂੰ ਰੱਖੜੀ ਦੇ ਤਿਉਹਾਰ ਦੀ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਤੋਂ ਰੱਖੜੀ ਬੰਨ੍ਹਵਾਈ ਅਤੇ ਤੋਹਫੇ ਵੀ ਭੇਟ ਕੀਤੇ। ਉਨ੍ਹਾਂ ਕਿਹਾ ਕਿ ਰੱਖੜੀ ਸਿਰਫ਼ ਇਕ ਤਿਉਹਾਰ ਨਹੀਂ ਸਗੋਂ ਭੈਣ-ਭਰਾ ਦੇ ਪਿਆਰ, ਵਿਸ਼ਵਾਸ, ਸਨੇਹ ਅਤੇ ਆਪਸੀ ਸਤਿਕਾਰ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ ਪਵਿੱਤਰ ਤਿਉਹਾਰ ਸਾਨੂੰ ਰਿਸ਼ਤਿਆਂ ਦੀ ਕਦਰ ਕਰਨ ਦੇ ਨਾਲ-ਨਾਲ ਸਮਾਜ ਵਿੱਚ ਮਹਿਲਾਵਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਦੀ ਪ੍ਰੇਰਨਾ ਵੀ ਦਿੰਦਾ ਹੈ। ਇਸ ਮੌਕੇ ਵੱਡੀ ਗਿਣਤੀ ਮਹਿਲਾਵਾਂ ਤੋਂ ਇਲਾਵਾ ਹੋਰ ਵੱਖ-ਵੱਖ ਸ਼ਖਸੀਅਤਾਂ ਵੀ ਮੌਜੂਦ ਸਨ।

# ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚੋਂ ਸਾਰੇ ਗਾਰਬੇਜ ਵੁਲਨੇਰੇਬਲ ਪੁਆਇੰਟਸ ਖ਼ਤਮ ਕਰਨ ਲਈ 10 ਰੋਜ਼ਾ ਵਿਸ਼ੇਸ਼ ਸਫਾਈ ਮੁਹਿੰਮ ਸ਼ੁਰੂ ਕੀਤੀ ਜਾਵੇਗੀ: ਹਰਜੋਤ ਸਿੰਘ ਬੈਂਸ

➢ 'ਮਿਸ਼ਨ ਕਲੀਨ ਪੰਜਾਬ' ਨੂੰ ਮਿਲੇਗਾ ਹੋਰ ਹੁਲਾਰਾ; ਵਿਧਾਇਕ, ਡੀ.ਸੀਜ਼, ਐਮ.ਸੀ. ਕਮਿਸ਼ਨਰ, ਏ.ਡੀ.ਸੀਜ਼, ਈ.ਓਜ਼ ਅਤੇ ਐਨ.ਜੀ.ਓਜ਼ ਇਸ ਸੂਬਾ ਪੱਧਰੀ ਮੁਹਿੰਮ ਵਿੱਚ ਹੋਣਗੇ ਸ਼ਾਮਲ ➢ 7 ਸਤੰਬਰ ਦੌਰਾਨ ਸਾਰੇ ਵਿਧਾਇਕ ਅਤੇ ਅਧਿਕਾਰੀ ਜੀ.ਵੀ.ਪੀਜ਼. ਨੂੰ ਖ਼ਤਮ ਕਰਨ ਲਈ ਰੋਜ਼ਾਨਾ ਸਵੇਰੇ ਮੈਦਾਨ ਵਿੱਚ ਉਤਰਨਗੇ: ਹਰਜੋਤ ਸਿੰਘ ਬੈਂਸ

ਚੰਡੀਗੜ੍ਹ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਨੂੰ ਕੂੜਾ-ਕਰਕਟ ਮੁਕਤ ਬਣਾਉਣ ਦੀ ਦਿਸ਼ਾ ਵੱਲ ਵੱਡਾ ਕਦਮ ਚੁੱਕਦਿਆਂ ਸਥਾਨਕ ਸਰਕਾਰਾਂ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਸੂਬੇ ਭਰ ਦੇ ਸਾਰੇ ਗਾਰਬੇਜ ਵੁਲਨੇਰੇਬਲ ਪੁਆਇੰਟਸ (ਜੀ.ਵੀ.ਪੀਜ਼.) ਨੂੰ ਖ਼ਤਮ ਕਰਨ ਲਈ 29 ਅਗਸਤ ਤੋਂ 7 ਸਤੰਬਰ ਤੱਕ 10 ਦਿਨਾਂ ਲਈ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ।

ਇੱਥੇ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ. ਹਰਜੋਤ ਬੈਂਸ ਨੇ ਕਿਹਾ ਕਿ ਇਹ 10 ਰੋਜ਼ਾ ਮੁਹਿੰਮ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ 'ਮਿਸ਼ਨ ਕਲੀਨ ਪੰਜਾਬ' ਪਹਿਲਕਦਮੀ ਵਿੱਚ ਹੋਰ ਤੇਜ਼ੀ ਲਿਆਵੇਗੀ, ਜਿਸ ਤਹਿਤ ਸੀਨੀਅਰ ਅਧਿਕਾਰੀ ਪਹਿਲਾਂ ਹੀ ਸਵੇਰੇ 7 ਵਜੇ ਤੋਂ 8 ਵਜੇ ਤੱਕ ਰੋਜ਼ਾਨਾ ਜ਼ਮੀਨੀ ਪੱਧਰ 'ਤੇ ਨਿਰੀਖਣ ਕਰ ਰਹੇ ਹਨ। ਸ. ਬੈਂਸ ਨੇ ਕਿਹਾ, ਪੰਜਾਬ ਸਾਡੇ ਗੁਰੂਆਂ ਅਤੇ ਸੰਤਾਂ ਦੀ ਪਵਿੱਤਰ ਧਰਤੀ ਹੈ ਅਤੇ ਇਸ ਦੇ ਕਣ-ਕਣ ਵਿੱਚ ਅਧਿਆਤਮਿਕਤਾ ਸਮੋਈ ਹੋਈ ਹੈ। ਇਸ ਨੂੰ ਸਾਫ਼-ਸੁਥਰਾ ਅਤੇ ਸੁੰਦਰ ਰੱਖਣਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ। ਇਸ ਮੁਹਿੰਮ ਵਿੱਚ ਸਾਰੇ ਵਿਧਾਇਕ, ਡਿਪਟੀ ਕਮਿਸ਼ਨਰ, ਨਗਰ ਨਿਗਮ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ, ਈਓਜ਼ ਅਤੇ ਗੈਰ ਸਰਕਾਰੀ ਸੰਗਠਨ ਹਿੱਸਾ ਲੈਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ 'ਐਮ ਸੇਵਾ' ਐਪ ਰਾਹੀਂ ਨਾਗਰਿਕ ਵੀ ਆਪਣੇ ਖੇਤਰਾਂ ਵਿੱਚ ਜੀ.ਵੀ.ਪੀਜ਼. ਦੀਆਂ ਫੋਟੋਆਂ ਅਪਲੋਡ ਕਰਕੇ ਇਸ ਮੁਹਿੰਮ ਵਿੱਚ ਸ਼ਾਮਲ ਹੋ ਸਕਦੇ ਹਨ। ਹਰੇਕ ਸ਼ਿਕਾਇਤ ਦੀ ਵੱਖਰੀ ਆਈਡੀ ਤਿਆਰ ਹੋਵੇਗੀ, ਜਿਸ ਨਾਲ ਨਾਗਰਿਕ ਆਪਣੀ ਸ਼ਿਕਾਇਤ ਨੂੰ ਟਰੈਕ ਕਰ ਸਕਦੇ ਹਨ ਅਤੇ ਉਸ ਸਥਾਨ ਦੀ ਸਫ਼ਾਈ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਇਹ ਮੁਹਿੰਮ ਹਰ ਸ਼ਹਿਰ ਅਤੇ ਕਸਬੇ ਵਿੱਚ ਕੂੜਾ-ਕਰਕਟ ਵਾਲੇ ਸਥਾਨਾਂ ਦੀ ਮੁਕੰਮਲ ਸਫ਼ਾਈ ਕਰਨ 'ਤੇ ਕੇਂਦਰਿਤ ਹੋਵੇਗੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਰਗੇ ਵੱਡੇ ਸ਼ਹਿਰਾਂ ਵਿੱਚ 600 ਅਤੇ ਪਟਿਆਲਾ ਵਿੱਚ ਲਗਭਗ 450 ਜੀਵੀਪੀਜ਼ ਦੀ ਪਛਾਣ ਕੀਤੀ ਗਈ ਹੈ। ਸ. ਬੈਂਸ ਨੇ ਕਿਹਾ, ਅਗਲੇ 10 ਦਿਨਾਂ ਵਿੱਚ, ਸਾਰੇ ਵਿਧਾਇਕ ਅਤੇ ਅਧਿਕਾਰੀ ਜੀਵੀਪੀਜ਼ ਨੂੰ ਖ਼ਤਮ ਕਰਨ ਲਈ ਹਰ ਰੋਜ਼ ਸਵੇਰੇ ਜ਼ਮੀਨੀ ਪੱਧਰ 'ਤੇ ਨਿਰੀਖਣ ਕਰਨਗੇ। ਮੈਂ ਖੁਦ ਵੀ ਫੀਲਡ ਵਿੱਚ ਮੌਜੂਦ ਰਹਾਂਗਾ।



ਸ. ਹਰਜੋਤ ਬੈਂਸ ਨੇ ਨਾਗਰਿਕਾਂ ਨੂੰ ਇਸ ਮਿਸ਼ਨ ਨਾਲ ਜੁੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਮਹਿਜ਼ ਸਰਕਾਰੀ ਮੁਹਿੰਮ ਨਹੀਂ ਸਗੋਂ ਲੋਕ ਲਹਿਰ ਹੈ। ਉਨ੍ਹਾਂ ਸਫ਼ਾਈ ਕਰਮਚਾਰੀਆਂ ਦੇ ਸਨਮਾਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਅਤੇ ਕਿਹਾ ਕਿ ਇਹ ਯਕੀਨੀ ਬਣਾਉਣਾ ਸਾਡਾ ਫਰਜ਼ ਹੈ ਕਿ ਉਨ੍ਹਾਂ ਦੇ ਯਤਨ ਸਾਡੇ ਗੈਰ-ਜ਼ਿੰਮੇਵਾਰਾਨਾ ਵਤੀਰੇ ਕਾਰਨ ਅਜਾਈਂ ਨਾ ਜਾਣ।

ਉਨ੍ਹਾਂ ਨੇ ਅੰਮ੍ਰਿਤਸਰ ਵਿੱਚ ਸਫ਼ਾਈ ਅਭਿਆਨ ਦੌਰਾਨ ਰਾਤ ਸਮੇਂ ਕੀਤੇ ਨਿਰੀਖਣ ਬਾਰੇ ਗੱਲ ਕਰਦਿਆਂ ਸਫ਼ਾਈ ਕਰਮਚਾਰੀਆਂ ਦੇ ਸਮਰਪਣ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਫ਼ਾਈ ਸੇਵਕ ਖੇਤਰ ਨੂੰ ਚੰਗੀ ਤਰ੍ਹਾਂ ਸਾਫ਼ ਕਰ ਦਿੰਦੇ ਹਨ ਪਰ ਥੋੜ੍ਹੀ ਦੇਰ ਬਾਅਦ ਦੁਬਾਰਾ ਉਥੇ ਕੂੜਾ ਸੁੱਟ ਦਿੱਤਾ ਜਾਂਦਾ ਹੈ। ਸ. ਬੈਂਸ ਨੇ ਕਿਹਾ, ਸਾਨੂੰ ਆਪਣੇ ਸਫ਼ਾਈ ਸੇਵਕਾਂ ਦਾ ਸਮਰਥਨ ਕਰਨਾ ਚਾਹੀਦਾ ਹੈ। ਇਹ ਯਕੀਨੀ ਬਣਾਉਣਾ ਸਾਡਾ ਫਰਜ਼ ਹੈ ਕਿ ਉਨ੍ਹਾਂ ਦੇ ਯਤਨ ਸਾਡੇ ਗੈਰ-ਜ਼ਿੰਮੇਵਾਰਾਨਾ ਵਿਵਹਾਰ ਕਾਰਨ ਅਜਾਈਂ ਨਾ ਜਾਣ।

ਮੰਤਰੀ ਹਰਜੋਤ ਸਿੰਘ ਬੈਂਸ ਨੇ ਲੋਕਾਂ ਨੂੰ ਐਮ-ਸੇਵਾ ਐਪ ਡਾਊਨਲੋਡ ਕਰਨ, ਆਪਣੇ ਖੇਤਰਾਂ ਵਿੱਚ ਗਾਰਬੇਜ ਵੁਲਨੇਰੇਬਲ ਪੁਆਇੰਟਸ ਦੀਆਂ ਤਸਵੀਰਾਂ ਅਪਲੋਡ ਕਰਨ ਅਤੇ ਸਫ਼ਾਈ ਮੁਹਿੰਮ ਨੂੰ ਟਰੈਕ ਕਰਨ ਲਈ ਹਰੇਕ ਸ਼ਿਕਾਇਤ ਲਈ ਤਿਆਰ ਕੀਤੀ ਵਿਲੱਖਣ ਆਈਡੀ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਆਸ-ਪਾਸ ਦੇ ਆਂਢ-ਗੁਆਂਢ ਵਿੱਚ ਸਫ਼ਾਈ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਇਸ ਮੁਹਿੰਮ ਨੂੰ ਇੱਕ ਲੋਕ ਲਹਿਰ ਬਣਾਉਣ।

ਉਨ੍ਹਾਂ ਕਿਹਾ, ਸਮੁੱਚੀ ਮੁਹਿੰਮ ਦੀ ਸਮਰਪਿਤ ਢਾਂਚੇ ਰਾਹੀਂ ਨਿਗਰਾਨੀ ਕੀਤੀ ਜਾਵੇਗੀ, ਹਰੇਕ ਨਗਰ ਨਿਗਮ ਅਤੇ ਨਗਰ ਕੌਂਸਲ ਵਿਖੇ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਜਾਵੇਗਾ ਤਾਂ ਜੋ ਪਛਾਣੇ ਗਏ ਪੁਆਇੰਟਾਂ ਦਾ ਪ੍ਰਭਾਵੀ ਅਤੇ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਇਆ ਜਾ ਸਕੇ।

# ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਵੱਲੋਂ ਰਾਸ਼ਟਰੀ ਖੇਡ ਦਿਵਸ ਮੌਕੇ 29 ਅਗਸਤ ਨੂੰ ਕਰਵਾਈ ਜਾਵੇਗੀ ਕਰਾਸ-ਕੰਟਰੀ ਦੌੜ

ਪਟਿਆਲਾ, 1 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, 29 ਅਗਸਤ ਸ਼ਨੀਵਾਰ ਨੂੰ ਇੱਕ ਕਰਾਸ-ਕੰਟਰੀ ਦੌੜ ਦੇ ਨਾਲ ਰਾਸ਼ਟਰੀ ਖੇਡ ਦਿਵਸ 2026 ਮਨਾਏਗੀ। ਇਸ ਮੌਕੇ ਯੂਨੀਵਰਸਿਟੀ ਦੇ ਵਿਦਿਆਰਥੀ, ਅਧਿਆਪਨ ਸਟਾਫ਼ ਅਤੇ ਗੈਰ-ਅਧਿਆਪਨ ਸਟਾਫ਼ ਖੇਡ ਇਕੱਠੇ ਹੋਣਗੇ।

ਇਹ ਸਮਾਗਮ ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਸਰੀਰਕ ਸਿੱਖਿਆ ਕਾਲਜ, ਪਟਿਆਲਾ ਦੇ ਐਥਲੈਟਿਕ ਟਰੈਕ ਵਿਖੇ ਇੱਕ ਉਦਘਾਟਨੀ ਸਮਾਰੋਹ ਨਾਲ ਸ਼ੁਰੂ ਹੋਵੇਗਾ, ਜਿੱਥੇ ਹਿੱਸਾ ਲੈਣ ਵਾਲੇ ਸਵੇਰੇ 5:30 ਵਜੇ ਤੱਕ ਰਿਪੋਰਟ ਕਰਨਗੇ। ਦੌੜ ਨੂੰ ਮੁੱਖ ਮਹਿਮਾਨ ਵਿਧਾਇਕ, ਘਨੌਰ ਗੁਰਲਾਲ ਘਨੌਰ ਅਤੇ ਸਾਬਕਾ ਓਲੰਪੀਅਨ ਰੂਪਾ ਸੈਣੀ ਸਵੇਰੇ 5:45 ਵਜੇ ਝੰਡੀ ਦਿਖਾ ਕੇ ਰਵਾਨਾ ਕਰਨਗੇ। ਦੌੜਾਕ ਕਾਲਜ ਐਥਲੈਟਿਕ ਟਰੈਕ ਤੋਂ ਸ਼ੁਰੂ ਹੋ ਕੇ ਇੱਕ ਨਿਰਧਾਰਤ ਰਸਤੇ ਦੀ ਪਾਲਣਾ ਕਰਨਗੇ, ਮਾਡਲ ਟਾਊਨ ਲਾਈਟਸ ਅਤੇ ਥਾਪਰ ਯੂਨੀਵਰਸਿਟੀ ਰਾਹੀਂ ਅੱਗੇ ਵਧਣਗੇ, ਅਤੇ ਯੂਨੀਵਰਸਿਟੀ ਗੇਟ 'ਤੇ ਸਮਾਪਤ ਹੋਣਗੇ, ਜਿੱਥੇ ਸਮਾਪਤੀ ਸਮਾਰੋਹ ਹੋਵੇਗਾ। ਸਾਰੇ ਭਾਗੀਦਾਰਾਂ ਦੀ ਸੁਰੱਖਿਆ ਅਤੇ ਸਹੂਲਤ ਨੂੰ ਯਕੀਨੀ ਬਣਾਉਣ ਲਈ ਰਸਤੇ 'ਤੇ ਪਾਣੀ ਦੇ ਪੁਆਇੰਟ ਅਤੇ ਸਹਾਇਤਾ ਵਾਹਨ ਤਾਇਨਾਤ ਕੀਤੇ ਜਾਣਗੇ। ਹਰੇਕ ਸ਼੍ਰੇਣੀ ਵਿੱਚ ਚੋਟੀ ਦੇ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਕਰਨ ਲਈ ਇੱਕ ਮੈਡਲ ਸਮਾਰੋਹ ਹੈਂਡਬਾਲ ਕੋਰਟ ਵਿਖੇ ਹੋਵੇਗਾ।

ਯੂਨੀਵਰਸਿਟੀ ਅਧਿਕਾਰੀਆਂ ਨੇ ਸਾਰੇ ਵਿਦਿਆਰਥੀਆਂ, ਅਧਿਆਪਨ ਫੈਕਲਟੀ ਅਤੇ ਗੈਰ-ਅਧਿਆਪਨ ਸਟਾਫ ਨੂੰ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵੱਧ ਤੋਂ ਵੱਧ ਗਿਣਤੀ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਹੈ। ਜਿਕਰਯੋਗ ਹੈ ਕਿ ਰਾਸ਼ਟਰੀ ਖੇਡ ਦਿਵਸ ਹਰ ਸਾਲ 29 ਅਗਸਤ ਨੂੰ ਹਾਕੀ ਦੇ ਮਹਾਨ ਖਿਡਾਰੀ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਮਨਾਉਣ ਅਤੇ ਰੋਜ਼ਾਨਾ ਜੀਵਨ ਵਿੱਚ ਖੇਡਾਂ ਅਤੇ ਸਰੀਰਕ ਤੰਦਰੁਸਤੀ ਦੀ ਮਹੱਤਤਾ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਮਨਾਇਆ ਜਾਂਦਾ ਹੈ। ਇਹ ਸਮਾਗਮ ਵਾਈਸ-ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ, ਖੇਡ ਨਿਰਦੇਸ਼ਕ ਡਾ. ਅਮਰਪ੍ਰੀਤ ਸਿੰਘ ਅਤੇ ਸਰੀਰਕ ਸਿੱਖਿਆ ਕਾਲਜ ਦੇ ਪ੍ਰਿੰਸੀਪਲ ਡਾ. ਹਰਮਨਪ੍ਰੀਤ ਕੌਰ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ।

# ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਪੈਸ਼ਲ ਮੋਨੀਟਰ ਵੱਲੋਂ ਪਟਿਆਲਾ 'ਚ ਕੁਸ਼ਟ ਰੋਗੀਆਂ ਤੇ ਮਾਨਸਿਕ ਸਿਹਤ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਮਿਲ ਰਹੀਆਂ ਸਹੂਲਤਾਂ ਦਾ ਜਾਇਜ਼ਾ

ਪਟਿਆਲਾ, 1 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਕੌਮੀ ਮਨੁੱਖੀ ਅਧਿਕਾਰ ਕਮਿਸ਼ਨ, ਨਵੀਂ ਦਿੱਲੀ ਦੇ ਸਪੈਸ਼ਲ ਮੋਨੀਟਰ (ਲੈਪਰੋਸੀ) ਡਾ. ਪ੍ਰਦੀਪਤਾ ਕੁਮਾਰ ਨਾਇਕ ਨੇ ਪਟਿਆਲਾ ਜ਼ਿਲ੍ਹੇ ਦਾ ਦੌਰਾ ਕਰਕੇ ਕੁਸ਼ਟ ਰੋਗੀਆਂ, ਇਸ ਰੋਗ ਕਰਕੇ ਅਪੰਗ ਹੋਏ ਵਿਅਕਤੀਆਂ ਅਤੇ ਮਾਨਸਿਕ ਸਿਹਤ ਤੋਂ ਪ੍ਰਭਾਵਿਤ ਰੋਗੀਆਂ ਦੀ ਭਲਾਈ ਤੇ ਇਨ੍ਹਾਂ ਨਾਲ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਅਤੇ ਵੱਖ-ਵੱਖ ਸਰਕਾਰੀ ਸਕੀਮਾਂ ਦਾ ਜਾਇਜ਼ਾ ਲਿਆ।

ਡਾ. ਨਾਇਕ ਨੇ ਕੁਸ਼ਟ ਰੋਗੀਆਂ ਨਾਲ ਗੱਲਬਾਤ ਕਰਕੇ ਪਟਿਆਲਾ ਅਤੇ ਰਾਜਪੁਰਾ ਸਥਿਤ ਕੁਸ਼ਟ ਕਲੋਨੀਆਂ ਵਿਖੇ ਰਹਿ ਰਹੇ ਪ੍ਰਭਾਵਿਤ ਵਿਅਕਤੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ, ਲੋੜਾਂ ਅਤੇ ਉਨ੍ਹਾਂ ਨੂੰ ਮਿਲ ਰਹੀਆਂ ਸਰਕਾਰੀ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੁਸ਼ਟ ਰੋਗ ਤੋਂ ਪ੍ਰਭਾਵਿਤ ਵਿਅਕਤੀਆਂ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਵਿਅਕਤੀਆਂ ਨੂੰ ਸਰਕਾਰੀ ਸੇਵਾਵਾਂ ਅਤੇ ਭਲਾਈ ਸਕੀਮਾਂ ਦਾ ਲਾਭ ਦੇਣ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਹੋਵੇ। ਉਨ੍ਹਾਂ ਕਿਹਾ ਕਿ ਅਜਿਹੇ ਵਿਅਕਤੀਆਂ ਨਾਲ ਸਮਾਜਿਕ ਵਿਤਕਰਾ ਨਹੀਂ ਹੋਣਾ ਚਾਹੀਦਾ ਅਤੇ ਉਨ੍ਹਾਂ ਨੂੰ ਸਨਮਾਨ ਨਾਲ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਯਤਨ ਕੀਤੇ ਜਾਣ।

ਇਸ ਉਪਰੰਤ ਡਾ. ਪ੍ਰਦੀਪਤਾ ਕੁਮਾਰ ਨਾਇਕ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਸਰਕਟ ਹਾਊਸ ਵਿਖੇ ਸਮੀਖਿਆ ਬੈਠਕ ਕੀਤੀ। ਉਨ੍ਹਾਂ ਨੇ ਸਿਹਤ ਤੇ ਲੈਪਰੋਸੀ ਪ੍ਰੋਗਰਾਮ, ਸਮਾਜਿਕ ਸੁਰੱਖਿਆ, ਸਮਾਜਿਕ ਭਲਾਈ, ਮਾਨਸਿਕ ਸਿਹਤ, ਸਿੱਖਿਆ, ਰੋਜ਼ਗਾਰ/ਅਜੀਵਿਕਾ, ਮਹਿਲਾ ਤੇ ਬਾਲ ਵਿਕਾਸ, ਐਸ.ਸੀ., ਘੱਟ ਗਿਣਤੀਆਂ ਅਤੇ ਓ.ਬੀ.ਸੀ. ਸਮੇਤ ਵੱਖ-ਵੱਖ ਵਿਭਾਗਾਂ ਵੱਲੋਂ ਕੁਸ਼ਟ ਰੋਗ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਸਰਕਾਰੀ ਸਕੀਮਾਂ ਦੇ ਲਾਭਾਂ ਬਾਰੇ ਜਾਣਕਾਰੀ ਲਈ। ਡਾ. ਨਾਇਕ ਨੇ ਸਬੰਧਤ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਦਿਆਂ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕੁਸ਼ਟ ਰੋਗ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਸਿਹਤ ਸਹੂਲਤਾਂ ਦੇ ਨਾਲ-ਨਾਲ ਸਮਾਜਿਕ ਸੁਰੱਖਿਆ ਅਤੇ ਹੋਰ ਭਲਾਈ ਸਕੀਮਾਂ ਦਾ ਲਾਭ ਵੀ ਮਿਲੇ। ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਦੇ ਰਿਕਾਰਡਾਂ ਦੀ ਜਾਂਚ ਕਰਨ ਅਤੇ ਲੋੜ ਅਨੁਸਾਰ ਫੀਲਡ ਵੈਰੀਫਿਕੇਸ਼ਨ ਕਰਨ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਕੁਸ਼ਟ ਰੋਗ ਤੋਂ ਪ੍ਰਭਾਵਿਤ ਵਿਅਕਤੀਆਂ ਦੇ ਅਧਿਕਾਰਾਂ ਦੀ ਰੱਖਿਆ, ਉਨ੍ਹਾਂ ਨੂੰ ਸਰਕਾਰੀ ਸੇਵਾਵਾਂ ਅਤੇ ਭਲਾਈ ਸਕੀਮਾਂ ਨਾਲ ਜੋੜਨਾ ਅਤੇ ਸਮਾਜਿਕ ਭੇਦਭਾਵ ਨੂੰ ਖਤਮ ਕਰਨਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਕੀਤੇ ਜਾ ਰਹੇ ਯਤਨਾਂ ਤਹਿਤ ਵੱਖ-ਵੱਖ ਰਾਜਾਂ ਅਤੇ ਜ਼ਿਲ੍ਹਿਆਂ ਵਿੱਚ ਸਥਿਤੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਮਾਣਯੋਗ ਸੁਪਰੀਮ ਕੋਰਟ ਵੱਲੋਂ ਲੈਪੋਰਸੀ ਤੇ ਮੈਂਟਲ ਹੈਲਥ ਨੂੰ ਉਚ ਦਰਜੇ ਦੀ ਪਹਿਲ ਦੇਣ ਦੇ ਦਿੱਤੇ ਆਦੇਸ਼ਾਂ ਦੀ ਪਾਲਣਾ ਯਕੀਨੀ ਕਰਵਾਈ ਜਾ ਰਹੀ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਪੈਸ਼ਲ ਮੋਨੀਟਰ ਨੇ ਪਟਿਆਲਾ ਜ਼ਿਲ੍ਹੇ ਦੀ ਇਸ ਗੱਲੋਂ ਸ਼ਲਾਘਾ ਕੀਤੀ ਕਿ ਇੱਥੇ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਇਕੱਲੇ-ਇਕੱਲੇ ਕੁਸ਼ਟ ਰੋਗੀ ਨੂੰ ਪ੍ਰਦਾਨ ਕੀਤੀ ਜਾ ਰਹੀ ਪੈਨਸ਼ਨ ਤੇ ਹੋਰ ਸਕੀਮਾਂ ਦਾ ਪੂਰਾ ਵੇਰਵਾ ਇਕੱਠਾ ਕੀਤਾ ਗਿਆ ਹੈ।

ਡਾ. ਪ੍ਰਦੀਪਤਾ ਨਾਇਕ ਨੇ ਕਿਹਾ ਕਿ ਕੁਸ਼ਟ ਰੋਗ ਨੂੰ ਸਮਾਜਿਕ ਕਲੰਕ ਮੰਨਿਆ ਜਾਂਦਾ ਹੈ ਇਸੇ ਲਈ ਕੁਸ਼ਟ ਰੋਗੀਆਂ ਨੂੰ ਦਵਾਈ ਦੇ ਨਾਲ-ਨਾਲ ਮਾਨਸਿਕ ਸਹਾਇਤਾ ਦੀ ਲੋੜ ਹੁੰਦੀ ਹੈ, ਜਿਸ ਕਰਕੇ ਸੁਪਰੀਮ ਕੋਰਟ ਨੇ ਲੈਪੋਰਸੀ ਤੇ ਮੈਂਟਲ ਹੈਲਥ ਨੂੰ ਹਾਈ ਪ੍ਰਾਇਓਰਟੀ ਦਾ ਦਰਜਾ ਦੇਕੇ ਇਸ ਦੀ ਪੂਰੇ ਦੇਸ਼ ਵਿੱਚੋਂ ਤਿਮਾਹੀ ਰਿਪੋਰਟ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਪਹੁੰਚਾਉਣੀ ਲਾਜਮੀ ਕਰਾਰ ਦਿੱਤੀ ਹੈ।

ਇਸ ਮੌਕੇ ਐਸਡੀਐਮ ਗੁਰਦੇਵ ਸਿੰਘ, ਸਿਵਲ ਸਰਜਨ ਡਾ. ਸ਼ੈਲੀ ਜੇਤਲੀ, ਜ਼ਿਲ੍ਹਾ ਲੈਪਰੋਸੀ ਅਫ਼ਸਰ ਡਾ. ਰਾਜੀਵ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਗਿੱਲ, ਜ਼ਿਲ੍ਹਾ ਮੈਡੀਕਲ ਕਮਿਸ਼ਨਰ ਡਾ. ਜਸਵਿੰਦਰ ਸਿੰਘ, ਡਿਪਟੀ ਡੀਈਓ ਡਾ. ਰਵਿੰਦਰਪਾਲ ਸਿੰਘ ਤੇ ਮਨਵਿੰਦਰ ਕੌਰ ਭੁੱਲਰ, ਜ਼ਿਲ੍ਹਾ ਭਲਾਈ ਅਫ਼ਸਰ ਕੁਲਵਿੰਦਰ ਕੌਰ, ਪ੍ਰਾਜੈਕਟ ਅਫ਼ਸਰ ਗੀਨਾ ਰਾਣੀ, ਰਜਿੰਦਰਾ ਹਸਪਤਾਲ ਤੋਂ ਡਾ. ਗੁਰਮਨਜੀਤ ਕੌਰ ਤੇ ਡਾ. ਸ਼ਿਵਾਨੀ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਬਲਕਾਰ ਸਿੰਘ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਵਧੀਕ ਜ਼ਿਲ੍ਹਾ ਚੋਣ ਅ.ਫਸਰ ਵੱਲੋਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਐੱਸ.ਆਈ.ਆਰ. ਪ੍ਰਕਿਰਿਆ ਸਬੰਧੀ ਮੀਟਿੰਗ*



ਸੰਗਰੂਰ, 1 ਸਤੰਬਰ
--ਬਖਸ਼ੀਸ਼ ਸਿੰਘ ਸੂਦਨ-
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਸੰਗਰੂਰ ਸ੍ਰੀਮਤੀ ਪੂਨਮਦੀਪ ਕੌਰ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਅੰਕੁਰ ਮਹਿੰਦਰੂ, ਪੀ.ਸੀ.ਐੱਸ. ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਦੀਆਂ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਸਪੈਸ਼ਲ ਇੰਟੈਂਸਿਵ ਰਿਵੀਜ਼ਨ -2026 ਤਹਿਤ ਜ਼ਿਲ੍ਹੇ ਵਿੱਚ ਪਾਏ ਗਏ (ਗੈਰ-ਹਾਜ਼ਰ, ਤਬਦੀਲ, ਮ੍ਰਿਤਕ ਅਤੇ ਦੋਹਰੀਆਂ ਵੋਟਾਂ) ਦੀਆਂ ਲਿਸਟਾਂ ਰਾਜਨੀਤਿਕ ਪਾਰਟੀਆਂ ਨੂੰ ਸੌਂਪੀਆਂ ਗਈਆਂ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਸ਼ਡਿਊਲ ਅਨੁਸਾਰ 13 ਅਗਸਤ 2026 ਤੋਂ ਨੋਟਿਸ ਫੇਜ਼ ਦਾ ਦੂਜਾ ਪੜਾਅ ਸ਼ੁਰੂ ਹੋ ਚੁੱਕਾ ਹੈ। 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਨੌਜਵਾਨ ਨਵੀਂ ਵੋਟ ਬਣਾਉਣ ਲਈ ਫਾਰਮ ਨੰ: 6, ਵੋਟ ਕਟਵਾਉਣ ਲਈ ਫਾਰਮ ਨੰ: 7 ਅਤੇ ਵੇਰਵਿਆਂ ਵਿੱਚ ਸੋਧ ਜਾਂ ਰਿਹਾਇਸ਼ ਦੀ ਤਬਦੀਲੀ ਲਈ ਫਾਰਮ ਨੰ: 8 ਭਰ ਸਕਦੇ ਹਨ। ਦਾਅਵੇ ਅਤੇ ਇਤਰਾਜ਼ 12 ਸਤੰਬਰ 2026 ਤੱਕ ਪ੍ਰਾਪਤ ਕੀਤੇ ਜਾਣਗੇ, ਜਿਨ੍ਹਾਂ ਦਾ ਨਿਪਟਾਰਾ 8 ਅਕਤੂਬਰ 2026 ਤੱਕ ਕੀਤਾ ਜਾਵੇਗਾ ਅਤੇ 12 ਅਕਤੂਬਰ 2026 ਨੂੰ ਅੰਤਿਮ ਫੋਟੋ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ। ਉਨ੍ਹਾਂ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਵੋਟਰ ਸੂਚੀ ਦੀ ਸੁਧਾਈ ਪ੍ਰਕਿਰਿਆ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਜਿਨ੍ਹਾਂ ਪਾਰਟੀਆਂ ਨੇ ਬੂਥ ਲੈਵਲ ਏਜੰਟ ਨਿਯੁਕਤ ਨਹੀਂ ਕੀਤੇ, ਉਹ ਬੀ.ਐੱਲ.ਏ-1 ਰਾਹੀਂ ਬੀ.ਐੱਲ.ਏ-2 ਦੀ ਨਿਯੁਕਤੀ ਕਰਕੇ ਫਾਰਮ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ। ਕਿਸੇ ਵੀ ਜਾਣਕਾਰੀ, ਸੁਝਾਅ ਜਾਂ ਸ਼ਿਕਾਇਤ ਲਈ ਟੋਲ-ਫ੍ਰੀ ਨੰਬਰ 1950 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਮੀਟਿੰਗ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਸ੍ਰੀ ਰੌਕੀ ਬਾਂਸਲ ਤੇ ਸ੍ਰੀ ਸੁਰਿੰਦਰ ਸਿੰਘ ਭਿੰਡਰ (ਬੀ.ਐੱਲ.ਏ.-1), ਭਾਜਪਾ ਤੋਂ ਸ੍ਰੀ ਸੁਰਿੰਦਰ ਸ਼ਰਮਾ, ਸੀ.ਪੀ.ਆਈ. (ਐੱਮ) ਤੋਂ ਸ੍ਰੀ ਚਮਕੌਰ ਸਿੰਘ ਖੇੜੀ, ਆਮ ਆਦਮੀ ਪਾਰਟੀ ਤੋਂ ਸ੍ਰੀ ਚਰਨਜੀਤ ਸਿੰਘ ਚੰਨੀ ਅਤੇ ਚੋਣ ਤਹਿਸੀਲਦਾਰ ਸ਼੍ਰੀਮਤੀ ਪਰਮਜੀਤ ਕੌਰ ਵੀ ਹਾਜ਼ਰ ਸਨ।

# ਕੇਂਦਰੀ ਜੇਲ੍ਹ ਪਟਿਆਲਾ ਵਿਖੇ ਭਾਵੁਕ ਤੇ ਪਰਿਵਾਰਕ ਮਾਹੌਲ 'ਚ ਮਨਾਇਆ ਰੱਖੜੀ ਦਾ ਤਿਉਹਾਰ

**➢ ਬੰਦੀਆਂ ਦੀਆਂ ਭੈਣਾਂ ਨੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਸਾਂਝੀਆਂ ਕੀਤੀਆਂ ਖੁਸ਼ੀਆਂ ➢ ਜੇਲ੍ਹ ਵਿਭਾਗ ਵੱਲੋਂ ਸਪੈਸ਼ਲ ਮੁਲਾਕਾਤ ਰਾਹੀਂ ਭੈਣਾਂ ਨੂੰ ਦਿੱਤਾ ਗਿਆ ਪਰਿਵਾਰਕ ਮਾਹੌਲ : ਗੁਰਚਰਨ ਸਿੰਘ ਧਾਲੀਵਾਲ**

ਪਟਿਆਲਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਕੇਂਦਰੀ ਜੇਲ੍ਹ ਪਟਿਆਲਾ ਵਿਖੇ ਅੱਜ ਰੱਖੜੀ ਦਾ ਤਿਉਹਾਰ ਭਾਵੁਕ ਅਤੇ ਪਰਿਵਾਰਕ ਮਾਹੌਲ ਵਿੱਚ ਮਨਾਇਆ ਗਿਆ। ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜੇਲ੍ਹ ਵਿਭਾਗ ਵੱਲੋਂ ਬੰਦੀਆਂ ਦੀਆਂ ਭੈਣਾਂ ਅਤੇ ਪਰਿਵਾਰਕ ਮੈਂਬਰਾਂ ਲਈ ਵਿਸ਼ੇਸ਼ ਮੁਲਾਕਾਤ ਦਾ ਪ੍ਰਬੰਧ ਕੀਤਾ ਗਿਆ, ਜਿਸ ਦੌਰਾਨ ਭੈਣਾਂ ਨੇ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।

ਜੇਲ੍ਹ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜੇਲ੍ਹ ਮੰਤਰੀ ਡਾ. ਰਵਜੋਤ ਸਿੰਘ ਅਤੇ ਵਧੀਕ ਡੀਜੀਪੀ ਜੇਲ੍ਹਾਂ ਆਰ. ਕੇ. ਜੈਸਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰੱਖੜੀ ਦੇ ਤਿਉਹਾਰ ਮੌਕੇ ਇਹ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਆਮ ਮੁਲਾਕਾਤ ਦੌਰਾਨ ਰੱਖੜੀ ਬੰਨ੍ਹਣੀ ਸੰਭਵ ਨਾ ਹੋਣ ਕਾਰਨ ਬੰਦੀਆਂ ਅਤੇ ਉਨ੍ਹਾਂ ਦੀਆਂ ਭੈਣਾਂ ਨੂੰ ਇੱਕ-ਦੂਜੇ ਨਾਲ ਤਿਉਹਾਰ ਮਨਾਉਣ ਲਈ ਵਿਸ਼ੇਸ਼ ਮੁਲਾਕਾਤ ਦਾ ਮੌਕਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਸੁਰੱਖਿਆ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖਦਿਆਂ ਜੇਲ੍ਹ ਪ੍ਰਸ਼ਾਸਨ ਵੱਲੋਂ ਭੈਣਾਂ ਲਈ ਰੱਖੜੀਆਂ ਅਤੇ ਮਠਿਆਈਆਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਇਸ ਉਪਰਾਲੇ ਦਾ ਮਕਸਦ ਬੰਦੀਆਂ ਨੂੰ ਆਪਣੇ ਪਰਿਵਾਰਾਂ ਨਾਲ ਜੋੜੀ ਰੱਖਣ ਦੇ ਨਾਲ-ਨਾਲ ਪਰਿਵਾਰਕ ਸਾਂਝ, ਸਮਾਜਿਕ ਸਦਭਾਵਨਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੈ।

ਗੁਰਚਰਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਅੱਜ ਕੇਂਦਰੀ ਜੇਲ੍ਹ ਵਿਖੇ ਕਰੀਬ 600 ਰੱਖੜੀਆਂ ਬੰਨ੍ਹੀਆਂ ਗਈਆਂ। ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ ਬੰਦ ਭਰਾਵਾਂ ਤੋਂ ਇਲਾਵਾ ਮਹਿਲਾ ਬੰਦੀਆਂ ਨੂੰ ਵੀ ਆਪਣੇ ਭਰਾਵਾਂ ਤੋਂ ਰੱਖੜੀ ਬੰਨ੍ਹਵਾਉਣ ਦਾ ਵਿਸ਼ੇਸ਼ ਮੌਕਾ ਪ੍ਰਦਾਨ ਕੀਤਾ ਗਿਆ। ਸਵੇਰੇ 8 ਵਜੇ ਸ਼ੁਰੂ ਹੋਈ ਇਸ ਵਿਸ਼ੇਸ਼ ਮੁਲਾਕਾਤ ਦੌਰਾਨ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਮੁਲਾਕਾਤ ਤੋਂ ਵਾਂਝਾ ਨਹੀਂ ਰੱਖਿਆ ਗਿਆ। ਇਸ ਮੌਕੇ ਵਧੀਕ ਸੁਪਰਡੈਂਟ ਅਰਪਨਜੋਤ ਸਿੰਘ ਅਤੇ ਜੈਦੀਪ ਸਿੰਘ, ਡਿਪਟੀ ਸੁਪਰਡੈਂਟ ਆਦਰਸ਼ਪਾਲ ਸਿੰਘ ਅਤੇ ਸਹਾਇਕ ਸੁਪਰਡੈਂਟ ਗੁਰਜਿੰਦਰ ਸਿੰਘ ਸਮੇਤ ਹੋਰ ਜੇਲ੍ਹ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਮਾਲੇਰਕੋਟਲਾ 'ਚ ਰੱਖੜੀ ਦਾ ਤਿਉਹਾਰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

ਮਲੇਰਕੋਟਲਾ, 1 ਸਤੰਬਰ
-ਸੰਦੀਪ ਵਰਮਾ-
-ਕੌਮੀ ਪੱਤ੍ਰਿਕਾ ਬਿਊਰੋ-

ਭੈਣ-ਭਰਾ ਦੇ ਅਟੁੱਟ ਪਿਆਰ ਅਤੇ ਵਿਸ਼ਵਾਸ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਵੀਰਵਾਰ ਨੂੰ ਮਾਲੇਰਕੋਟਲਾ ਵਿੱਚ ਪੂਰੀ ਸ਼ਰਧਾ, ਉਤਸ਼ਾਹ ਅਤੇ ਖੁਸ਼ੀ ਦੇ ਮਾਹੌਲ ਵਿੱਚ ਮਨਾਇਆ ਗਿਆ। ਇਸ ਮੌਕੇ ਭੈਣਾਂ ਨੇ ਆਪਣੇ ਭਰਾਵਾਂ ਦੀਆਂ ਕਲਾਈਆਂ 'ਤੇ ਰੱਖੜੀਆਂ ਬੰਨ੍ਹ ਕੇ ਉਨ੍ਹਾਂ ਦੀ ਲੰਮੀ ਉਮਰ ਅਤੇ ਸੁਖੀ ਜੀਵਨ ਦੀ ਕਾਮਨਾ ਕੀਤੀ, ਜਦਕਿ ਭਰਾਵਾਂ ਨੇ ਭੈਣਾਂ ਨੂੰ ਉਮਰ ਭਰ ਉਨ੍ਹਾਂ ਦੀ ਰੱਖਿਆ ਕਰਨ ਦਾ ਭਰੋਸਾ ਦਿੱਤਾ। ਰੱਖੜੀ ਦੇ ਤਿਉਹਾਰ ਨੂੰ ਲੈ ਕੇ ਸਵੇਰ ਤੋਂ ਹੀ ਸ਼ਹਿਰ ਵਿੱਚ ਖਾਸ ਰੌਣਕ ਦੇਖਣ ਨੂੰ ਮਿਲੀ। ਵਿਆਹੁਤਾ ਔਰਤਾਂ ਆਪਣੇ ਪੇਕੇ ਘਰਾਂ ਵਿੱਚ ਭਰਾਵਾਂ ਨੂੰ ਰੱਖੜੀ ਬੰਨ੍ਹਣ ਲਈ ਪਹੁੰਚੀਆਂ। ਭੈਣਾਂ ਵੱਲੋਂ ਭਰਾਵਾਂ ਦੇ ਤਿਲਕ ਕਰਕੇ ਉਨ੍ਹਾਂ ਦੀਆਂ ਕਲਾਈਆਂ 'ਤੇ ਰੱਖੜੀ ਬੰਨ੍ਹੀ ਗਈ ਅਤੇ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਭਰਾਵਾਂ ਨੇ ਵੀ ਆਪਣੀਆਂ ਭੈਣਾਂ ਨੂੰ ਸ਼ਗਨ ਅਤੇ ਤੋਹਫੇ ਦੇ ਕੇ ਰੱਖੜੀ ਦੀਆਂ ਵਧਾਈਆਂ ਦਿੱਤੀਆਂ। ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਭੈਣ-ਭਰਾ ਤਿਉਹਾਰ ਦੀ ਖੁਸ਼ੀ ਵਿੱਚ ਰੰਗੇ ਹੋਏ ਨਜ਼ਰ ਆਏ। ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਵਿੱਚ ਰੱਖੜੀ ਨੂੰ ਲੈ ਕੇ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ। ਸੋਹਣੇ ਅਤੇ ਰੰਗ-ਬਿਰੰਗੇ ਕੱਪੜਿਆਂ ਵਿੱਚ ਸਜੇ ਬੱਚੇ ਅਤੇ ਪਰਿਵਾਰਕ ਮੈਂਬਰ ਇਕ-ਦੂਜੇ ਨਾਲ ਖੁਸ਼ੀਆਂ ਸਾਂਝੀਆਂ ਕਰਦੇ ਨਜ਼ਰ ਆਏ। ਰੱਖੜੀ ਦਾ ਤਿਉਹਾਰ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨ ਦਾ ਸੰਦੇਸ਼ ਦਿੰਦਾ ਹੈ। ਕੱਚੇ ਧਾਗੇ ਨਾਲ ਜੁੜਿਆ ਇਹ ਰਿਸ਼ਤਾ ਪਿਆਰ, ਵਿਸ਼ਵਾਸ, ਸਨੇਹ ਅਤੇ ਇਕ-ਦੂਜੇ ਦੀ ਸੁਰੱਖਿਆ ਦੇ ਵਾਅਦੇ ਦਾ ਪ੍ਰਤੀਕ ਹੈ।



# ਪਵਨ ਗੁਪਤਾ ਨੇ ਛੋਟੀ ਭੈਣ ਸ਼੍ਰੀਮਤੀ ਸੁਨੀਤਾ ਜਿੰਦਲ ਤੋਂ ਰੱਖੜੀ ਬਨਵਾਈ

ਪਟਿਆਲਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਰੱਖੜੀ ਦੇ ਪਵਿੱਤਰ ਤਿਉਹਾਰ 'ਤੇ, ਦੇਸ਼ ਭਰ ਦੀਆਂ ਭੈਣਾਂ ਨੇ ਆਪਣੇ ਭਰਾਵਾਂ ਦੇ ਗੁੱਟਾਂ 'ਤੇ ਰੱਖੜੀ ਬੰਨ੍ਹ ਕੇ ਅਤੇ ਆਪਣਾ ਪਿਆਰ, ਸਨੇਹ, ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ ਪ੍ਰਗਟ ਕਰਕੇ ਭਰਾਵਾਂ ਅਤੇ ਭੈਣਾਂ ਵਿਚਕਾਰ ਪਿਆਰ ਦੇ ਅਟੁੱਟ ਬੰਧਨ ਦਾ ਜਸ਼ਨ ਮਨਾਇਆ। ਰੱਖੜੀ ਦੇ ਇਸ ਸ਼ੁਭ ਮੌਕੇ 'ਤੇ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਦੀ ਛੋਟੀ ਭੈਣ ਸ਼੍ਰੀਮਤੀ ਸੁਨੀਤਾ ਜਿੰਦਲ ਨੇ ਉਨ੍ਹਾਂ ਨੂੰ ਰੱਖੜੀ ਬੰਨ੍ਹੀ ਅਤੇ ਆਪਣਾ ਪਿਆਰ, ਸਨੇਹ ਅਤੇ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ। ਪਵਨ ਗੁਪਤਾ ਨੇ ਵੀ ਉਨ੍ਹਾਂ ਨੂੰ ਜੀਵਨ ਭਰ ਖੁਸ਼ ਰਹਿਣ ਦਾ ਅਸ਼ੀਰਵਾਦ ਦਿੱਤਾ ਅਤੇ ਸਗਨ ਦਾ ਤੋਹਫ਼ਾ ਦਿੱਤਾ।

# ਭੈਣਾਂ ਨੇ ਭਰਾਵਾਂ ਦੀਆਂ ਕਲਾਈਆਂ 'ਤੇ ਬੰਨ੍ਹੀਆਂ ਰੱਖੜੀਆਂ, ਦਿੱਤਾ ਸਦਾ ਪਿਆਰ ਅਤੇ ਸੁਰੱਖਿਆ ਦਾ ਸੰਦੇਸ਼

ਸੰਗਰੂਰ, 1 ਸਤੰਬਰ
--ਬਖਸ਼ੀਸ਼ ਸਿੰਘ ਸੂਦਨ-
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ (ਨਾਲਸਾ), ਨਵੀਂ ਦਿੱਲੀ ਦੀਆਂ ਹਦਾਇਤਾ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਹੇਠ ਮਿਤੀ 12 ਸਤੰਬਰ, 2026 ਜ਼ਿਲ੍ਹਾ ਕੋਰਟ ਕੰਪਲੈਕਸ ਸੰਗਰੂਰ ਅਤੇ ਉਪ ਮੰਡਲ ਕੋਰਟ ਕੰਪਲੈਕਸ ਧੂਰੀ, ਸੁਨਾਮ ਅਤੇ ਮੂਨਕ ਵਿਖੇ ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਸਕੱਤਰ ਸ੍ਰੀ ਅਸ਼ੀਸ਼ ਠਠਈ, ਸਿਵਲ ਜੱਜ (ਸੀਨੀਅਰ ਡਵੀਜ਼ਨ)/ ਸੀ.ਜੇ.ਐਮ. ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਮਾਨਯੋਗ ਅਦਾਲਤਾਂ ਵਿੱਚ ਲੰਬਿਤ ਕਰੀਮੀਨਲ ਕੰਪਾਊਂਡੇਬਲ ਕੇਸ, ਬੈਂਕ ਰਿਕਵਰੀ ਕੇਸ, ਐਮ.ਏ.ਸੀ.ਟੀ. ਕੇਸ, ਮੈਟਰੀਮੋਨੀਅਲ, ਲੇਬਰ ਦੇ ਝਗੜੇ, ਲੈਂਡ, ਪੇਅ ਅਲਾਊਂਸ, ਰੈਵਨਿਊ ਕੇਸ (ਜ਼ਿਲ੍ਹਾ ਅਤੇ ਹਾਈਕੋਰਟ ਕਚਹਿਰੀਆਂ ਵਿੱਚ ਪੈਂਡਿੰਗ) ਆਦਿ ਕੇਸ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਪ੍ਰੀ ਲਿਟੀਗੇਸ਼ਨ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਝਗੜੇ ਅਤੇ ਹੋਰ ਆਦਿ ਕੇਸ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਆਪਣੇ ਉਕਤ ਵਿਸ਼ਿਆਂ ਨਾਲ ਸਬੰਧਤ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਚਾਹੁੰਦੇ ਹਨ ਉਹ ਸਬੰਧਤ ਮਾਨਯੋਗ ਅਦਾਲਤ ਵਿੱਚ, ਜਿੱਥੇ ਉਨ੍ਹਾਂ ਦਾ ਕੇਸ ਚਲਦਾ ਹੈ, ਆਪਣੀ ਅਰਜ਼ੀ ਦੇ ਸਕਦੇ ਹਨ ਜਾਂ ਨਵੇਂ ਮਾਮਲਿਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣ ਲਈ ਸਬੰਧਤ ਕਾਨੂੰਨੀ ਸੇਵਾਵਾਂ ਅਥਾਰਟੀ/ਕਮੇਟੀ ਦੇ ਦਫ਼ਤਰ ਵਿੱਚ ਆਪਣੀ ਅਰਜ਼ੀ ਦੇ ਸਕਦੇ ਹਨ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਲੋਕ ਇਸ ਕੌਮੀ ਲੋਕ ਅਦਾਲਤ ਵਿੱਚ ਆਪਣੇ ਸਬੰਧਤ ਕੇਸ ਲਗਾ ਕੇ ਨਿਪਟਾਰਾ ਕਰਵਾਉਣ। ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਫਾਇਦੇ ਬਾਰੇ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦਾ ਫ਼ੈਸਲਾ ਅੰਤਿਮ ਫ਼ੈਸਲਾ ਹੁੰਦਾ ਹੈ ਇਸ ਦੇ ਫ਼ੈਸਲੇ ਦੀ ਕਿਤੇ ਅਪੀਲ ਵੀ ਨਹੀਂ ਹੁੰਦੀ ਹੈ ਅਤੇ ਕੇਸ ਦਾ ਸਥਾਈ ਹੱਲ ਹੋ ਜਾਂਦਾ ਹੈ। ਲੋਕ ਅਦਾਲਤ ਵਿੱਚ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਲੋਕ ਅਦਾਲਤਾਂ ਦੇ ਫ਼ੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ। ਇਸ ਦੇ ਨਾਲ ਹੀ ਜੱਜ ਸਾਹਿਬ ਨੇ ਦੱਸਿਆ ਕਿ ਕਾਨੂੰਨੀ ਸਹਾਇਤਾ ਲੈਣ ਲਈ ਅਤੇ ਲੋਕ ਅਦਾਲਤਾਂ ਬਾਰੇ ਵਧੇਰੇ ਜਾਣਕਾਰੀ ਹਿੱਤ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਹੈਲਪਲਾਈਨ ਨੰਬਰ 15100 ਜਾਂ ਸਿੱਧੇ ਤੌਰ ਤੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਮਝੌਤਾ ਸਦਨ, ਸੰਗਰੂਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਵਿਸ਼ਵਸ਼ਾਤੀ ਅਤੇ ਸਾਂਝੀਵਾਲਤਾ ਦਰਸਾਉਂਦਾ ਪੋਸਟਰ ਜਾਰੀ



ਪਟਿਆਲਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਸ਼ਵ ਸ਼ਾਤੀ ਸਥਾਪਿਤ ਕਰਨ ਹਿੱਤ ਇੱਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਿਸ ਅਧੀਨ ਸਾਰੇ ਧਰਮਾਂ ਨੂੰ ਨਾਲ ਲੈ ਕੇ ਚਲਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸੰਦੇਸ਼ ਦੇਣ ਹਿੱਤ ਹਿੰਦੂ, ਮੁਸਲਮਾਨ, ਸਿੱਖ, ਇਸਾਈ ਧਰਮਾਂ ਤੇ ਤੀਰਥਾਂ ਦੀ ਯਾਦਗਾਰ ਮੰਦਿਰ, ਮਸਜਿਦ, ਗੁਰਦੁਆਰਾ ਸਾਹਿਬ, ਚਰਚ, ਦੀਆਂ ਤਸਵੀਰਾਂ ਲੱਗੀਆਂ ਦਾ ਇੱਕ ਪੋਸਟਰ ਜਾਰੀ ਕੀਤਾ ਗਿਆ ਹੈ। ਜ਼ੋ ਕਿ ਇੱਕ ਪ੍ਰੇਰਣਾ ਸਰੋਤ ਹੈ। ਇਹ ਤਸਵੀਰਾਂ ਸਾਰੇ ਧਰਮਾਂ ਨੂੰ ਵਿਸ਼ਵ ਸੁੱਖ ਸ਼ਾਂਤੀ ਵਲ ਪ੍ਰੇਰਿਤ ਕਰਦੀਆਂ ਹਨ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੰਦੀਆਂ ਹਨ, ਇਹ ਪੋਸਟਰ ਜਸਵੰਤ ਸਿੰਘ ਕੌਲੀ, ਤਾਰਾ ਸਿੰਘ ਭਮਰਾ, ਜਗਦੀਸ਼ ਆਹੂਜਾ, ਪੂਰਨ ਸਵਾਮੀ ਵਲੋਂ ਇਕਾਗਰ ਚਿੱਤ ਹੋ ਕੇ ਬਣਾਇਆ ਗਿਆ ਹੈ। ਇਹ ਪੋਸਟਰ ਡਾ. ਧਰਮਵੀਰ ਗਾਂਧੀ ਮੈਂਬਰ ਪਾਰਲੀਮੈਂਟ ਵਲੋਂ ਜਾਰੀ ਕੀਤਾ ਗਿਆ ਹੈ। ਉਨਾਂ ਨੇ ਇਸ ਨੇਕ ਕਦਮ ਨੂੰ ਸਲਾਹਿਆ ਹੈ ਅਤੇ ਵਿਸ਼ਵ ਸ਼ਾਂਤੀ ਬਣਾਈ ਰੱਖਣ ਦੇ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕੀਤੀ ਹੈ।

# ਪਿੰਡ ਸੰਗਤਪੁਰਾ ਵਿਖੇ ਝੋਨੇ ਵਿੱਚ ਫੋਕ ਘਟਾਉਣ ਲਈ ਪੀ.ਏ.ਯੂ. ਵੱਲੋਂ ਪ੍ਰਦਰਸ਼ਨੀ ਕੈਂਪ ਲਗਾਇਅ

ਸੰਗਰੂਰ, 1 ਸਤੰਬਰ/ਜਗਰਾਜ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-




ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੀਆਂ ਹਦਾਇਤਾਂ ਅਨੁਸਾਰ ਪੀ.ਏ.ਯੂ.-ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਵੱਲੋਂ ਪਿੰਡ ਸੰਗਤਪੁਰਾ ਵਿਖੇ ਝੋਨੇ ਦੀ ਫ਼ਸਲ ਵਿੱਚੋਂ ਫੋਕ ਘਟਾਉਣ ਅਤੇ ਚੰਗਾ ਝਾੜ ਪ੍ਰਾਪਤ ਕਰਨ ਲਈ ਪ੍ਰਦਰਸ਼ਨੀ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਕੇਂਦਰ ਦੇ ਇੰਚਾਰਜ ਅਤੇ ਸੀਨੀਅਰ ਪਸਾਰ ਵਿਗਿਆਨੀ ਡਾ. ਅਸ਼ੋਕ ਕੁਮਾਰ ਗਰਗ ਨੇ ਕਿਸਾਨਾਂ ਨੂੰ ਦੱਸਿਆ ਕਿ ਝੋਨੇ ਦੇ ਗੋਭ ਵਿੱਚ ਆਉਣ ਸਮੇਂ ਖੁਰਾਕੀ ਤੱਤਾਂ ਦੀ ਘਾਟ ਨਾਲ ਦਾਣੇ ਖਾਲੀ ਅਤੇ ਹਲਕੇ ਰਹਿ ਜਾਂਦੇ ਹਨ। ਇਸ ਸਮੱਸਿਆ ਦੇ ਹੱਲ ਲਈ ਉਨ੍ਹਾਂ ਨੇ ਗੋਭ ਦੇ ਸਮੇਂ 1.5% ਪੋਟਾਸ਼ੀਅਮ ਨਾਈਟ੍ਰੇਟ (13:0:45) 3 ਕਿੱਲੋ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਨਾਲ ਪੱਤਿਆਂ ਉੱਤੇ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਅਤੇ ਕਿਸਾਨਾਂ ਨੂੰ ਪ੍ਰਦਰਸ਼ਨੀ ਵਜੋਂ ਇਹ ਤੱਤ ਵੀ ਉਪਲਬਧ ਕਰਵਾਇਆ।

ਉਨ੍ਹਾਂ ਨੇ ਤਣੇ ਦੇ ਗੰਢੂਏ ਅਤੇ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਬਾਰੇ ਜਾਣਕਾਰੀ ਦਿੰਦਿਆਂ ਕੀਟਨਾਸ਼ਕਾਂ ਦੀ ਵਰਤੋਂ ਕੇਵਲ ਆਰਥਿਕ ਨੁਕਸਾਨ ਪੱਧਰ ਤੋਂ ਵੱਧ ਕੀੜੇ ਹੋਣ 'ਤੇ ਹੀ ਕਰਨ ਦੀ ਸਲਾਹ ਦਿੱਤੀ ਤਾਂ ਜੋ ਬੇਲੋੜੇ ਖਰਚੇ ਅਤੇ ਵਾਤਾਵਰਨ ਨੁਕਸਾਨ ਤੋਂ ਬਚਿਆ ਜਾ ਸਕੇ। ਇਸ ਤੋਂ ਇਲਾਵਾ ਕਿਸਾਨਾਂ ਨੂੰ ਸਤੰਬਰ ਮਹੀਨੇ ਦੇ ਪੀ.ਏ.ਯੂ. ਕਿਸਾਨ ਮੇਲਿਆਂ, ਪੇਂਡੂ ਬੱਚਿਆਂ ਲਈ ਕੋਰਸਾਂ ਅਤੇ ਸਰਦੀਆਂ ਦੀਆਂ ਸਬਜ਼ੀਆਂ ਦੀਆਂ ਕਿੱਟਾਂ ਬਾਰੇ ਜਾਣੂ ਕਰਵਾਇਆ ਗਿਆ।

ਅੰਤ ਵਿੱਚ ਡਾ. ਗਰਗ ਨੇ ਕੱਦੂ ਵਾਲੇ ਅਤੇ ਸਿੱਧੇ ਬੀਜੇ ਝੋਨੇ ਦੇ ਖੇਤਾਂ ਦਾ ਦੌਰਾ ਕਰਕੇ ਤਕਨੀਕੀ ਸਲਾਹ ਦਿੱਤੀ। ਕੈਂਪ ਦੌਰਾਨ ਪਸ਼ੂਆਂ ਲਈ ਧਾਤਾਂ ਦਾ ਚੂਰਾ ਅਤੇ ਖੇਤੀ ਸਾਹਿਤ ਦੀ ਵਿਕਰੀ ਕੀਤੀ ਗਈ। ਇਸ ਕੈਂਪ ਨੂੰ ਸਫ਼ਲ ਬਣਾਉਣ ਵਿੱਚ ਸੁਖਤਾਰ ਸਿੰਘ, ਗੁਰਵਿੰਦਰ ਸਿੰਘ, ਗੋਬਿੰਦਰ ਸਿੰਘ, ਪ੍ਰਗਟ ਸਿੰਘ ਅਤੇ ਸ. ਜਗਸੀਰ ਸਿੰਘ ਨੇ ਵਿਸ਼ੇਸ਼ ਸਹਿਯੋਗ ਦਿੱਤਾ।

# ਮਾਡਲ ਸਕੂਲ ਵਿਖੇ ਵਿਦਿਆਰਥੀਆਂ ਵੱਲੋਂ ਰੱਖੜੀ ਦਾ ਤਿਉਹਾਰ ਮਨਾਇਆ




ਪਟਿਆਲਾ, 1 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਡਲ ਸਕੂਲ ਵਿਖੇ ਅੱਜ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ ਰੱਖੜੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਚੌਥੀ ਜਮਾਤ ਦੀ ਵਿਦਿਆਰਥਣ ਮਿਹਰਤ ਕੌਰ ਨੇ ਵਿਦਿਆਰਥੀਆਂ ਨੂੰ ਇਸ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਇੰਚਾਰਜ ਸ੍ਰ. ਸਤਵੀਰ ਸਿੰਘ ਗਿੱਲ ਵੱਲੋਂ ਬੱਚਿਆ ਨੂੰ ਸੁਨੇਹਾ ਦਿੱਤਾ ਕਿ ਅੱਜ ਦੇ ਯੁਗ ਵਿੱਚ ਜਿੱਥੇ ਭੈਣ ਭਾਈ ਦੇ ਰਿਸਤੇ ਖਤਮ ਹੋ ਰਹੇ ਹਨ ਉੱਥੇ ਇਸ ਤਿਉਹਾਰ ਨੂੰ ਬੜੇ ਧੂਮ-ਧਾਮ ਨਾਲ ਮਨਾਉਣਾ ਚਾਹੀਦਾ ਹੈ। ਵਿਦਿਆਰਥੀਆਂ ਵਿੱਚ ਵੀ ਇਸ ਤਿਉਹਾਰ ਦਾ ਉਤਸ਼ਾਹ ਦਿਖਾਈ ਦਿੱਤਾ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਰਿਹਾ।

# ਪਟਿਆਲਾ ਸਿਟੀ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ: ਐਸ ਪੀ ਸਿਟੀ ਮੋਹਿਤ ਅਗਰਵਾਲ

ਪਟਿਆਲਾ, 1 ਸਤੰਬਰ/ਪਰਮਿੰਦਰ
-ਕੌਮੀ ਪੱਤ੍ਰਿਕਾ ਬਿਊਰੋ-




ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ - ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਜੋ ਕਿ ਲੰਮੇ ਸਮੇਂ ਤੋਂ ਪੰਜਾਬ ਪੁਲਿਸ ਨਾਲ ਮਿਲ ਕੇ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ, ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ (ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕਾਊਂਸਲਿੰਗ ਸੈੱਲ ਪਟਿਆਲਾ ਪੁਲਿਸ) ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ (ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ) ਵੱਲੋਂ ਐਸ ਪੀ ਸਿਟੀ ਮੋਹਿਤ ਅਗਰਵਾਲ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਸਬੰਧੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਰੀਡਰ ਐਸ ਪੀ ਸਿਟੀ ਦਰਸ਼ਨ ਸਿੰਘ ਵੀ ਹਾਜ਼ਰ ਸਨ।

ਇਸ ਮੌਕੇ ਐਸ ਪੀ ਸਿਟੀ ਮੋਹਿਤ ਅਗਰਵਾਲ ਨੇ ਕਿਹਾ ਕਿ ਡਾਇਰੈਕਟਰ ਜਨਰਲ ਆਫ ਪੁਲਿਸ ਗੌਰਵ ਯਾਦਵ ਜੀ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਦੀ ਅਗਵਾਈ ਹੇਠ ਪਟਿਆਲਾ ਪੁਲਿਸ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ, ਨਜਾਇਜ਼ ਜਾਇਦਾਦਾਂ ਉੱਪਰ ਬੁਲਡੋਜ਼ਰ ਚਲਾਇਆ ਜਾ ਰਿਹਾ ਹੈ ਅਤੇ ਤਸਕਰਾਂ ਨੂੰ ਕਾਬੂ ਕਰਕੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ।

ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅੱਜ ਕਈ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਆਪਣਾ ਜੀਵਨ ਖਰਾਬ ਕਰ ਰਹੇ ਹਨ, ਇਸ ਲਈ ਉਨ੍ਹਾਂ ਦੀ ਕਾਊਂਸਲਿੰਗ ਕਰਕੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾ ਕੇ ਮੁਫਤ ਇਲਾਜ ਕਰਵਾਉਣਾ ਚਾਹੀਦਾ ਹੈ, ਜੋ ਪੰਜਾਬ ਸਰਕਾਰ ਵੱਲੋਂ ਮੁਫਤ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ ਅਤੇ ਇਸ ਲਈ ਪਬਲਿਕ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਹੋਰਨਾਂ ਨੂੰ ਵੀ ਅੱਗੇ ਆ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਸਾਰੇ ਮਿਲ ਕੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾ ਸਕਾਂਗੇ।

# ਸ਼੍ਰੀ ਕ੍ਰਿਸ਼ਨਾ ਸੇਵਾ ਦੱਲ ਵੱਲੋਂ 24ਵਾਂ ਵਿਸ਼ਾਲ ਭਗਵਤੀ ਜਾਗਰਣ 29 ਅਗਸਤ ਨੂੰ-ਬੰਟੀ ਸਾਹਿਬਜ਼ਾਦਾ ਕਰਨਗੇ ਮਹਾਮਾਈ ਦਾ ਗੁਣਗਾਣ



ਮਾਛੀਵਾੜਾ ਸਾਹਿਬ, 1 ਸਤੰਬਰ
-ਸਤੀਸ਼ ਕੁਮਾਰ-
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਕ੍ਰਿਸ਼ਨਾ ਸੇਵਾ ਦਲ ਮਾਛੀਵਾੜਾ ਵੱਲੋਂ ਸਲਾਨਾ 24ਵਾਂ ਵਿਸ਼ਾਲ ਭਗਵਤੀ ਜਾਗਰਣ 29 ਅਗਸਤ ਦਿਨ ਸ਼ਨੀਵਾਰ ਨੂੰ ਕਰਵਾਇਆ ਜਾ ਰਿਹਾ ਜਿਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੀ ਕ੍ਰਿਸ਼ਨਾ ਸੇਵਾ ਦਲ ਦੇ ਪ੍ਰਧਾਨ ਅਜੇ ਜੈਨ ਅਤੇ ਚੇਅਰਮੈਨ ਜਤਿੰਦਰ ਲੀਹਲ ਨੇ ਦੱਸਿਆ ਕਿ 29 ਅਗਸਤ ਦਿਨ ਸ਼ਨੀਵਾਰ ਨੂੰ ਮਾਛੀਵਾੜਾ ਸਾਹਿਬ ਦੇ ਦੁਸਹਿਰਾ ਗਰਾਊਂਡ ਵਿੱਚ ਇਹ ਸਲਾਨਾ ਵਿਸ਼ਾਲ ਭਗਵਤੀ ਜਾਗਰਣ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਮਸ਼ਹੂਰ ਕਲਾਕਾਰ ਬੰਟੀ ਸ਼ਹਿਜ਼ਾਦਾ ਮਾਤਾ ਦੀਆਂ ਭੇਟਾਂ ਨਾਲ ਮਹਾਂਮਾਈ ਦਾ ਗੁਣਗਾਣ ਕਰਨਗੇ। ਰਾਤ ਕਰੀਬ 9 ਵਜੇ ਜੋਤੀ ਪ੍ਰਚੰਡ ਦੀ ਰਸਮ ਹੋਵੇਗੀ, ਤਾਰਾ ਰਾਣੀ ਦੀ ਕਥਾ ਉਪਰੰਤ ਭੋਗ ਸ਼੍ਰੀ ਜਾਗਰਣ ਸਵੇਰੇ ਕਰੀਬ 6 ਵਜੇ ਕੀਤਾ ਜਾਵੇਗਾ। ਸਮੁੱਚੀ ਕਮੇਟੀ ਵੱਲੋਂ ਸੰਗਤਾਂ ਨੂੰ ਇਸ ਵਿਸ਼ਾਲ ਭਗਵਤੀ ਜਾਗਰਣ ਵਿੱਚ ਸ਼ਾਮਿਲ ਹੋਣ ਲਈ ਪਿਆਰ ਸਤਿਕਾਰ ਸਹਿਤ ਸੱਦਾ ਹੈ। ਭਗਤਾਂ ਲਈ ਲੰਗਰ ਦੇ ਭੰਡਾਰੇ ਅਟੁੱਟ ਵਰਤਾਏ ਜਾਣਗੇ। ਇਸ ਮੌਕੇ ਪ੍ਰਧਾਨ ਅਤੇ ਚੇਅਰਮੈਨ ਤੋਂ ਇਲਾਵਾ ਮੈਂਬਰਾਂ ਵਿੱਚ ਰਜਿੰਦਰ ਚੌਰਾਇਆ, ਮਹਿੰਦਰ ਸ਼ਰਮਾ, ਵਨੀਤ ਅਗਰਵਾਲ, ਜਤਿੰਦਰ ਲੀਹਲ, ਪੰਕਜ ਗੋਇਲ, ਅਨੁਜ ਸ਼ਰਮਾ ,ਰੋਹਿਤ ਜੈਨ,ਸਨੀ ਗੁਪਤਾ, ਪ੍ਰਿੰਸ ਚਾਵਲਾ, ਮਨੀ ਸ਼ਰਮਾ, ਵਿੱਕੀ ਬਾਂਸਲ ਆਦਿ ਮੌਜੂਦ ਸਨ।

# ਵਿਰੋਧੀ ਧਿਰ ਕਾਨੂੰਨ-ਵਿਵਸਥਾ ਦਾ ਪਾਠ ਪੜ੍ਹਾਉਣ ਤੋਂ ਪਹਿਲਾਂ ਆਪਣੇ ਕਾਰਜਕਾਲ ਦਾ ਰਿਕਾਰਡ ਦੇਖੇ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 1 ਸਤੰਬਰ**
**-ਅਨੀਤਾ ਜਾਂਗੜਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵਿਧਾਨ ਸਭਾ ਵਿੱਚ ਕਾਨੂੰਨ-ਵਿਵਸਥਾ ਨੂੰ ਲੈ ਕੇ ਵਿਰੋਧੀ ਧਿਰ ਨੂੰ ਉਨ੍ਹਾਂ ਦੇ ਕਾਰਜਕਾਲ ਦਾ ਰਿਕਾਰਡ ਯਾਦ ਕਰਵਾਉਂਦਿਆਂ ਕਿਹਾ ਕਿ ਜਿਹੜੇ ਲੋਕ ਅੱਜ ਸੂਬੇ ਦੀ ਕਾਨੂੰਨ-ਵਿਵਸਥਾ ’ਤੇ ਸਵਾਲ ਉਠਾ ਰਹੇ ਹਨ, ਉਨ੍ਹਾਂ ਨੂੰ ਪਹਿਲਾਂ ਆਪਣੇ ਕਾਰਜਕਾਲ ਦੇ ਅਪਰਾਧ ਦੇ ਅੰਕੜਿਆਂ ਅਤੇ ਉਸ ਦੌਰ ਦੀਆਂ ਘਟਨਾਵਾਂ ਨੂੰ ਵੀ ਦੇਖਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਵਿਰੋਧੀ ਧਿਰ ’ਤੇ ਤੰਜ ਕਸਦਿਆਂ ਕਿਹਾ ਕਿ ਵਿਰੋਧੀ ਧਿਰ ਦੀ ਸਮੱਸਿਆ ਇਹ ਹੈ ਕਿ ਉਹ ਕਿਸੇ ਵੀ ਘਟਨਾ ’ਤੇ ਪੀੜਤ ਦੇ ਹੰਝੂ ਪੂੰਝਣ ਤੋਂ ਪਹਿਲਾਂ ਸਿਆਸੀ ਮੌਕਾ ਤਲਾਸ਼ਣ ਲੱਗ ਜਾਂਦਾ ਹੈ। ਇਨ੍ਹਾਂ ਨੂੰ ਅਪਰਾਧ ਤੋਂ ਪੀੜ ਘੱਟ ਅਤੇ ਸਰਕਾਰ ਨੂੰ ਬਦਨਾਮ ਕਰਨ ਦੀ ਜਲਦੀ ਵਧ ਹੁੰਦੀ ਹੈ।

ਮੁੱਖ ਮੰਤਰੀ ਵੀਰਵਾਰ ਨੂੰ ਹਰਿਆਣਾ ਵਿਧਾਨ ਸਭਾ ਵਿੱਚ ਇਨੈਲੋ ਵਿਧਾਇਕ ਸ੍ਰੀ ਆਦਿਤਿਆ ਦੇਵੀਲਾਲ ਅਤੇ ਸ੍ਰੀ ਅਰਜੁਨ ਚੌਟਾਲਾ ਵੱਲੋਂ ਸੂਬੇ ਦੀ ਕਾਨੂੰਨ-ਵਿਵਸਥਾ ’ਤੇ ਲਿਆਂਦੇ ਗਏ ਧਿਆਨ ਖਿੱਚੂ ਮਤੇ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਕਾਨੂੰਨ-ਵਿਵਸਥਾ ਵਰਗੇ ਸੰਵੇਦਨਸ਼ੀਲ ਵਿਸ਼ੇ ’ਤੇ ਚਰਚਾ ਜ਼ਰੂਰ ਹੋਣੀ ਚਾਹੀਦੀ ਹੈ, ਪਰ ਚਰਚਾ ਤੱਥਾਂ ਦੇ ਆਧਾਰ ’ਤੇ ਹੋਣੀ ਚਾਹੀਦੀ ਹੈ, ਸਿਆਸੀ ਸਹੂਲਤ ਅਤੇ ਭਰਮਾਊ ਪ੍ਰਚਾਰ ਦੇ ਆਧਾਰ ’ਤੇ ਨਹੀਂ। ਵਿਰੋਧੀ ਧਿਰ ਨੂੰ ਸਵਾਲ ਪੁੱਛਣ ਦਾ ਪੂਰਾ ਅਧਿਕਾਰ ਹੈ, ਪਰ ਸੂਬੇ ਦੀ ਜਨਤਾ ਨੂੰ ਵੀ ਇਹ ਜਾਣਨ ਦਾ ਅਧਿਕਾਰ ਹੈ ਕਿ ਜਦੋਂ ਸੱਤਾ ਦੀ ਵਾਗਡੋਰ ਇਨ੍ਹਾਂ ਦੇ ਹੱਥ ਵਿੱਚ ਸੀ, ਤਦ ਹਰਿਆਣਾ ਨੇ ਅਪਰਾਧ, ਭ੍ਰਿਸ਼ਟਾਚਾਰ, ਜਾਤੀ ਹਿੰਸਾ, ਭਰਤੀ ਘੁਟਾਲਿਆਂ ਅਤੇ ਪ੍ਰਸ਼ਾਸਨਿਕ ਨਾਕਾਮੀਆਂ ਦੇ ਕਿੰਨੇ ਡੂੰਘੇ ਜ਼ਖ਼ਮ ਸਹੇ ਸਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਲੋਕਤੰਤਰ ਵਿੱਚ ਸਾਰਿਆਂ ਨੂੰ ਆਪਣੀ ਗੱਲ ਰੱਖਣ ਅਤੇ ਆਪਣੀ ਭਾਵਨਾ ਪ੍ਰਗਟ ਕਰਨ ਦਾ ਅਧਿਕਾਰ ਹੈ। ਅੱਜ ਵਿਰੋਧ ਪੱਖ ਦੇ ਮੈਂਬਰ ਕਾਲੇ ਕੱਪੜੇ ਪਾ ਕੇ ਸਦਨ ਵਿੱਚ ਆਏ ਹਨ। ਪਰ ਸੂਬੇ ਦੀ ਜਨਤਾ ਕਾਲੇ ਕੱਪੜੇ ਨਹੀਂ, ਇਨ੍ਹਾਂ ਦੇ ਕਾਲੇ ਕਾਰਨਾਮੇ ਦੇਖ ਰਹੀ ਹੈ। ਵਿਰੋਧੀ ਧਿਰ ਨੂੰ ਆਪਣੇ ਕਾਰਜਕਾਲ ਨੂੰ ਵੀ ਯਾਦ ਕਰਨਾ ਚਾਹੀਦਾ ਹੈ ਕਿ ਉਸ ਸਮੇਂ ਕਾਨੂੰਨ ਵਿਵਸਥਾ ਦਾ ਕੀ ਹਾਲ ਸੀ ਅਤੇ ਕਿਸ ਪ੍ਰਕਾਰ ਵਿਵਸਥਾ ਚਰਮਰਾਈ ਹੋਈ ਸੀ। ਉਨ੍ਹਾਂ ਕਿਹਾ ਕਿ ਸੂਬੇ ਦੀ ਜਨਤਾ ਸਭ ਦੇਖ ਰਹੀ ਹੈ। ਉਹ ਵਿਰੋਧ ਪੱਖ ਦੇ ਕਾਲੇ ਕੱਪੜੇ ਨਹੀਂ, ਸਗੋਂ ਇਨ੍ਹਾਂ ਦੇ ਕਾਲੇ ਕਾਰਨਾਮੇ ਦੇਖ ਰਹੀ ਹੈ।

1984 ਦੇ ਦੰਗਿਆਂ ਲਈ ਕਾਂਗਰਸ ਨੇ ਅੱਜ ਤੱਕ ਮੁਆਫੀ ਨਹੀਂ ਮੰਗੀ, ਉਸ ਨਾਲ ਜੁੜੇ ਵਿਅਕਤੀ ਨੂੰ ਰੋਲ ਮਾਡਲ ਦੱਸਣਾ ਪੀੜਤਾਂ ਦੇ ਜ਼ਖ਼ਮਾਂ ’ਤੇ ਲੂਣ ਛਿੜਕਣ ਵਾਂਗ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਾਲ 1984 ਦੇ ਦੰਗਿਆਂ ਦਾ ਹਵਾਲਾ ਦਿੰਦਿਆਂ ਕਾਂਗਰਸ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਦੌਰ ਅੱਜ ਵੀ ਯਾਦ ਆਉਂਦਾ ਹੈ ਤਾਂ ਰੂਹ ਕੰਬ ਜਾਂਦੀ ਹੈ। ਉਸ ਸਮੇਂ ਲੋਕਾਂ ਦੇ ਗਲ ਵਿੱਚ ਟਾਇਰ ਪਾ ਕੇ ਉਨ੍ਹਾਂ ਨੂੰ ਸਾੜ ਦਿੱਤਾ ਗਿਆ, ਚੌਕਾਂ ’ਤੇ ਲੋਕਾਂ ਨੂੰ ਸਾੜ ਦਿੱਤਾ ਗਿਆ ਅਤੇ ਅਜਿਹੇ ਅੱਤਿਆਚਾਰ ਹੋਏ ਕਿ ਕਈ ਲੋਕਾਂ ਨੂੰ ਆਪਣੀ ਜਾਨ ਬਚਾਉਣ ਲਈ ਆਪਣੇ ਕੇਸ ਤੱਕ ਕਟਵਾਉਣੇ ਪਏ। ਹਜ਼ਾਰਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਕਾਂਗਰਸ ਨੇ 1984 ਦੇ ਦੰਗਿਆਂ ਲਈ ਅੱਜ ਤੱਕ ਮੁਆਫੀ ਨਹੀਂ ਮੰਗੀ ਅਤੇ ਅੱਜ ਉਸ ਦੌਰ ਨਾਲ ਜੁੜੇ ਵਿਅਕਤੀ ਨੂੰ ਰੋਲ ਮਾਡਲ ਦੱਸਿਆ ਜਾ ਰਿਹਾ ਹੈ। ਇਹ ਬਹੁਤ ਮੰਦਭਾਗਾ ਹੈ ਅਤੇ ਅਜਿਹਾ ਕਰਨਾ ਪੀੜਤਾਂ ਦੇ ਪੁਰਾਣੇ ਜ਼ਖ਼ਮਾਂ ’ਤੇ ਲੂਣ ਛਿੜਕਣ ਵਾਂਗ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਜਿਸ ਵਿਅਕਤੀ ਨੂੰ ਆਪਣਾ ਰੋਲ ਮਾਡਲ ਦੱਸ ਰਹੀ ਹੈ, ਰਾਹੁਲ ਗਾਂਧੀ ਅਤੇ ਸਾਬਕਾ ਮੁੱਖ ਮੰਤਰੀ ਸ੍ਰੀ ਭੂਪਿੰਦਰ ਸਿੰਘ ਹੁੱਡਾ ਨੂੰ ਉਸ ਦੀ ਵੱਡੀ ਤਸਵੀਰ ਆਪਣੇ ਘਰ ਦੇ ਅੰਦਰ ਅਤੇ ਬਾਹਰ ਲਗਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਨੂੰ ਸਰਪ੍ਰਸਤੀ ਦੇਣਾ ਕਾਂਗਰਸ ਦੀ ਫਿਤਰਤ ਅਤੇ ਉਸ ਦੀ ਸੋਚ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ ਕਾਰਜਕਾਲ ਵਿੱਚ ਲੋਕਤੰਤਰ ਨਹੀਂ, ਸਗੋਂ ‘ਰੂਲਤੰਤਰ’ ਸੀ, ਜਿਸ ਵਿੱਚ ਲੋਕ



ਆਪਣੇ ਘਰ, ਸਾਮਾਨ ਅਤੇ ਜੀਵਨ ਭਰ ਦੀ ਕਮਾਈ ਛੱਡ ਕੇ ਭੱਜਣ ਲਈ ਮਜਬੂਰ ਹੋਏ। ਕਾਂਗਰਸ ਦੇ ਕਾਰਜਕਾਲ ਵਿੱਚ ਵਿਵਸਥਾ ਦਾ ਜਿਸ ਪ੍ਰਕਾਰ ਜਨਾਜ਼ਾ ਨਿਕਲਿਆ, ਉਸ ਤੋਂ ਹਰ ਵਿਅਕਤੀ ਦੁੱਖੀ ਸੀ। ਕਾਂਗਰਸ ਵੱਲੋਂ ਸਰਕਾਰ ’ਤੇ ਲਗਾਏ ਜਾ ਰਹੇ ਦੋਸ਼ਾਂ ’ਤੇ ਕਿਹਾ ਕਿ ਇਹ ਤਾਂ ਉਹੀ ਗੱਲ ਹੋਈ ਕਿ ਉਲਟਾ ਚੋਰ ਕੋਤਵਾਲ ਨੂੰ ਡਾਂਟੇ। ਕਾਂਗਰਸ ਦੀਆਂ ਅੱਖਾਂ ’ਤੇ ਕਾਲਾ ਚਸ਼ਮਾ ਲੱਗਿਆ ਹੋਇਆ ਹੈ। ਇਨ੍ਹਾਂ ਨੂੰ ਸਿਰਫ਼ ਦੋਸ਼ ਲਗਾਉਣਾ ਅਤੇ ਫਿਰ ਸਦਨ ਤੋਂ ਭੱਜਣਾ ਆਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰ ਦਾ ਜਵਾਬ ਸੁਣਨਗੇ ਕਿਵੇਂ, ਕਿਉਂਕਿ ਇਨ੍ਹਾਂ ਵਿੱਚ ਜਵਾਬ ਸੁਣਨ ਦੀ ਹਿੰਮਤ ਨਹੀਂ ਹੈ। ਅਜਿਹੇ ਵਿੱਚ ਇਨ੍ਹਾਂ ਕੋਲ ਇੱਕ ਹੀ ਰਸਤਾ ਬਚਦਾ ਹੈ ਦੋਸ਼ ਲਗਾਓ ਅਤੇ ਭੱਜ ਜਾਓ।

ਮੁੱਖ ਮੰਤਰੀ ਨੇ ਕਿਹਾ ਕਿ ਪਤਾ ਨਹੀਂ ਦਿੱਲੀ ਤੋਂ ਕਾਂਗਰਸ ਕੋਲ ਕਿਹੜੀ ਕਾਲ ਆਉਂਦੀ ਹੈ ਕਿ ਉਸ ਦੇ ਨੇਤਾ ਇੰਨੀ ਤੇਜ਼ੀ ਨਾਲ ਝੂਠ ਫੈਲਾਉਣ ਲੱਗ ਜਾਂਦੇ ਹਨ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਕਿਹਾ ਕਿ ਜਿਨ੍ਹਾਂ ਨੌਜਵਾਨਾਂ ਨੇ ਕਾਂਗਰਸ ਦਾ ਉਹ ਬਹੁਤ ਮਾੜਾ ਕਾਰਜਕਾਲ ਨਹੀਂ ਦੇਖਿਆ ਹੈ, ਉਨ੍ਹਾਂ ਨੂੰ ਕਾਂਗਰਸ ਦੇ ਕਾਰਜਕਾਲ ਅਤੇ ਉਸ ਦੇ ਕਾਰਨਾਮਿਆਂ ਬਾਰੇ ਜ਼ਰੂਰ ਜਾਣਨਾ ਅਤੇ ਸਰਚ ਕਰਨਾ ਚਾਹੀਦਾ ਹੈ। ਕਾਂਗਰਸ ਵੱਲੋਂ ਫੈਲਾਏ ਜਾ ਰਹੇ ਝੂਠ ਨਾਲ ਨੌਜਵਾਨ ਪੀੜ੍ਹੀ ਨੂੰ ਭਰਮਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਲਈ ਨੌਜਵਾਨਾਂ ਨੂੰ ਖ਼ੁਦ ਇਹ ਜਾਣਨਾ ਚਾਹੀਦਾ ਹੈ ਕਿ ਕਾਂਗਰਸ ਦਾ ਕਾਰਜਕਾਲ ਕਿਹੋ ਜਿਹਾ ਸੀ ਅਤੇ ਉਸ ਦੌਰਾਨ ਸੂਬੇ ਦੀ ਵਿਵਸਥਾ ਦੀ ਕੀ ਸਥਿਤੀ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 1999 ਤੋਂ 2005 ਦੇ ਵਿਚਕਾਰ ਹਰਿਆਣਾ ਵਿੱਚ ਕਾਨੂੰਨ ਦਾ ਸ਼ਾਸਨ ਕਿਸ ਪ੍ਰਕਾਰ ਸਿਆਸੀ ਪ੍ਰਭਾਵ ਅਤੇ ਸੱਤਾ ਦੇ ਦਬਾਅ ਵਿੱਚ ਕਮਜ਼ੋਰ ਹੋਇਆ, ਇਹ ਕਿਸੇ ਤੋਂ ਲੁਕਿਆ ਨਹੀਂ ਹੈ। ਅਗਸਤ 2001 ਵਿੱਚ ਹਿਸਾਰ ਜ਼ਿਲ੍ਹੇ ਦੇ ਲਿਤਾਨੀ ਪਿੰਡ ਵਿੱਚ ਸਾਬਕਾ ਵਿਧਾਇਕ ਰੇਲੂ ਰਾਮ ਪੂਨੀਆ ਸਮੇਤ ਉਨ੍ਹਾਂ ਦੇ ਪਰਿਵਾਰ ਦੇ ਅੱਠ ਮੈਂਬਰਾਂ ਦੀ ਸੁੱਤਿਆਂ ਪਿਆਂ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਮ੍ਰਿਤਕਾਂ ਵਿੱਚ ਛੋਟੇ ਬੱਚੇ ਅਤੇ ਸਿਰਫ਼ 45 ਦਿਨ ਦੀ ਮਾਸੂਮ ਬੱਚੀ ਵੀ ਸ਼ਾਮਲ ਸੀ।

ਉਨ੍ਹਾਂ ਮਈ 2002 ਦੇ ਕੰਡੇਲਾ ਪ੍ਰਕਰਣ ਦਾ ਹਵਾਲਾ ਦਿੰਦਿਆਂ ਸਵਾਲ ਕੀਤਾ ਕਿ ਕਿਸਾਨਾਂ ’ਤੇ ਗੋਲੀਆਂ ਕਿਸ ਨੇ ਚਲਵਾਈਆਂ ਸਨ। ਫਾਇਰਿੰਗ ਵਿੱਚ ਕਿਸਾਨਾਂ ਦੀ ਜਾਨ ਗਈ ਅਤੇ ਅਨੇਕਾਂ ਲੋਕ ਜ਼ਖ਼ਮੀ ਹੋਏ। ਉਨ੍ਹਾਂ ਕਿਹਾ ਕਿ ਅੱਜ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੇ ਦੱਸਣ ਕਿ ਉਨ੍ਹਾਂ ਦੇ ਕਾਰਜਕਾਲ ਵਿੱਚ ਕਿਸਾਨਾਂ ਦੀਆਂ ਮੰਗਾਂ ਦਾ ਜਵਾਬ ਗੱਲਬਾਤ ਨਾਲ ਦਿੱਤਾ ਗਿਆ ਸੀ ਜਾਂ ਗੋਲੀਆਂ ਨਾਲ। ਇਸੇ ਮਿਆਦ ਵਿੱਚ ਝੱਜਰ ਦੇ ਦੁਲੀਨਾ ਵਿੱਚ ਪੰਜ ਦਲਿਤ ਨੌਜਵਾਨਾਂ ਨੂੰ ਭੀੜ ਨੇ ਪੁਲਿਸ ਚੌਕੀ ਦੇ ਨੇੜੇ ਮਾਰ-ਮਾਰ ਕੇ ਮਾਰ ਦਿੱਤਾ। ਅਕਤੂਬਰ 2002 ਵਿੱਚ ਸਿਰਸਾ ਦੇ ਪੱਤਰਕਾਰ ਰਾਮਚੰਦਰ ਛਤਰਪਤੀ ਨੂੰ ਉਨ੍ਹਾਂ ਦੇ ਘਰ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਅਤੇ ਬਾਅਦ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਉਸੇ ਸਾਲ ਕੁਰੂਕਸ਼ੇਤਰ ਦੇ ਰਣਜੀਤ ਸਿੰਘ ਦੀ ਵੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਮੁੱਖ ਮੰਤਰੀ ਨੇ ਜੇ.ਬੀ.ਟੀ. ਅਧਿਆਪਕ ਭਰਤੀ ਘੁਟਾਲੇ ਦਾ ਹਵਾਲਾ ਦਿਆਂ ਕਿਹਾ ਕਿ ਲਗਭਗ 3,206 ਜੇ.ਬੀ.ਟੀ. ਅਧਿਆਪਕਾਂ ਦੀ ਭਰਤੀ ਵਿੱਚ ਚੋਣ ਸੂਚੀਆਂ ਨਾਲ ਛੇੜਛਾੜ ਕੀਤੀ ਗਈ, ਯੋਗ ਉਮੀਦਵਾਰਾਂ ਦੇ ਅਧਿਕਾਰਾਂ ’ਤੇ ਡਾਕਾ ਮਾਰਿਆ ਗਿਆ ਅਤੇ ਸਰਕਾਰੀ ਨੌਕਰੀਆਂ ਨੂੰ ਸਿਆਸੀ ਸਰਪ੍ਰਸਤੀ ਦਾ ਸਾਧਨ ਬਣਾਉਣ ਦਾ ਯਤਨ ਹੋਇਆ। ਉਨ੍ਹਾਂ ਕਿਹਾ ਕਿ ਵਿਰੋਧ ਪੱਖ ਕਾਨੂੰਨ ਦਾ ਪਾਠ ਪੜ੍ਹਾਉਣ ਤੋਂ ਪਹਿਲਾਂ ਦੱਸੇ ਕਿ ਹਜ਼ਾਰਾਂ ਬੇਰੁਜ਼ਗਾਰ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨਾ ਕੀ ਅਪਰਾਧ ਨਹੀਂ ਸੀ ਅਤੇ ਸਰਕਾਰੀ ਭਰਤੀ ਨੂੰ ਪਰਿਵਾਰਵਾਦ ਅਤੇ ਸੱਤਾ ਦੇ ਪ੍ਰਭਾਵ ਦੀ ਭੇਂਟ ਚੜ੍ਹਾਉਣਾ ਕੀ ਨੌਜਵਾਨਾਂ ਨਾਲ ਅਨਿਆਂ ਨਹੀਂ ਸੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਉਸੇ ਵਿਵਸਥਾ ਨੂੰ ਬਦਲ ਕੇ ਹਰਿਆਣਾ ਦੇ ਨੌਜਵਾਨਾਂ ਨੂੰ ਬਿਨਾਂ ਪਰਚੀ-ਬਿਨਾਂ ਖਰਚੀ ਦੇ ਆਧਾਰ ’ਤੇ ਨੌਕਰੀਆਂ ਦਿੱਤੀਆਂ ਹਨ। ਪਹਿਲਾਂ ਨੌਕਰੀ ਦੀ ਸੂਚੀ ਸਿਆਸੀ ਘਰਾਣਿਆਂ ਵਿੱਚ ਬਣਦੀ ਸੀ, ਅੱਜ ਮੈਰਿਟ ਦੇ ਆਧਾਰ ’ਤੇ ਬਣਦੀ ਹੈ। ਸਰਕਾਰ ਨੇ ਨੌਜਵਾਨਾਂ ਨੂੰ ਆਤਮ-ਸਮਾਨ ਦਿੱਤਾ ਹੈ।

ਇਨੈਲੋ ਆਪਣੇ ਕਾਰਜਕਾਲ ਨੂੰ ਭੁੱਲੀ, ਤਦ ਐੱਫ.ਆਈ.ਆਰ. ਤੱਕ ਦਰਜ ਨਹੀਂ ਹੁੰਦੀ ਸੀ ਅਤੇ ਲੋਕਾਂ ਵਿੱਚ ਭੈਅ ਦਾ ਮਾਹੌਲ ਸੀ - ਮੁੱਖ ਮੰਤਰੀ

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਨੈਲੋ ਆਪਣੇ ਕਾਰਜਕਾਲ ਨੂੰ ਭੁੱਲ ਗਈ ਹੈ, ਜਦੋਂ ਐੱਫ.ਆਈ.ਆਰ. ਤੱਕ ਦਰਜ ਨਹੀਂ ਹੁੰਦੀ ਸੀ ਅਤੇ ਲੋਕਾਂ ਵਿੱਚ ਭੈਅ ਦਾ ਮਾਹੌਲ ਸੀ। ਉਨ੍ਹਾਂ ਕਿਹਾ ਕਿ ਸਾਲ 2004 ਨਾਲ ਸਬੰਧਤ ਜੋ ਅੰਕੜੇ ਉਨ੍ਹਾਂ ਨੇ ਸਦਨ ਵਿੱਚ ਪੇਸ਼ ਕੀਤੇ ਹਨ, ਉਨ੍ਹਾਂ ਨੂੰ ਇਨੈਲੋ ਦੇ ਨੇਤਾਵਾਂ ਨੇ ਸ਼ਾਇਦ ਠੀਕ ਤਰ੍ਹਾਂ ਨਹੀਂ ਪੜ੍ਹਿਆ। ਉਨ੍ਹਾਂ ਦੇ ਕਾਰਜਕਾਲ ਵਿੱਚ ਅਪਰਾਧ ਦਾ ਗ੍ਰਾਫ਼ ਵਧਿਆ ਸੀ, ਜਦੋਂ ਕਿ ਸਾਡੀ ਸਰਕਾਰ ਦੇ ਕਾਰਜਕਾਲ ਵਿੱਚ ਇਸ ਵਿੱਚ ਕਾਫ਼ੀ ਕਮੀ ਆਈ ਹੈ। ਪੱਗ ’ਤੇ ਉਠਾਏ ਗਏ ਸਵਾਲ ’ਤੇ ਮੁੱਖ ਮੰਤਰੀ ਨੇ ਕਿਹਾ ਕਿ ਪੱਗ ਗੁਰੂਆਂ ਦੀ ਦੇਣ ਹੈ ਅਤੇ ਇਨੈਲੋ ਨੂੰ ਇਸ ’ਤੇ ਸਵਾਲ ਨਹੀਂ ਉਠਾਉਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਕਾਨੂੰਨ-ਵਿਵਸਥਾ ਨੂੰ ਲੈ ਕੇ ਜ਼ੀਰੋ ਟਾਲਰੈਂਸ ਦੀ ਨੀਤੀ ’ਤੇ ਕਾਰਜ ਕਰ ਰਹੀ ਹੈ। ਕਾਨੂੰਨ ਨਾਲ ਖਿਲਵਾੜ ਕਰਨ ਵਾਲਿਆਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ਅਤੇ ਕਾਨੂੰਨ-ਵਿਵਸਥਾ ਨਾਲ ਕਿਸੇ ਵੀ ਤਰ੍ਹਾਂ ਦਾ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2005 ਵਿੱਚ ਕਾਂਗਰਸ ਸੱਤਾ ਵਿੱਚ ਆਈ ਤਾਂ ਸੂਬੇ ਦੀ ਜਨਤਾ ਨੇ ਉਮੀਦ ਕੀਤੀ ਸੀ ਕਿ ਵਿਵਸਥਾ ਬਦਲੇਗੀ, ਪਰ ਵਿਵਸਥਾ ਬਦਲਣ ਦੀ ਬਜਾਏ ਅਪਰਾਧ ਦਾ ਸਰੂਪ ਅਤੇ ਭਿਆਨਕ ਹੁੰਦਾ ਗਿਆ।

# ਕਾਂਗਰਸ ਦਾ ਏਜੰਡਾ ਪਹਿਲਾਂ ਹੀ ਤੈਅ, ਝੂਠ ਬੋਲਣਾ ਅਤੇ ਦੋਸ਼ ਲਗਾਉਣਾ ਹੀ ਇਨ੍ਹਾਂ ਦਾ ਕੰਮ : ਮੁੱਖ ਮੰਤਰੀ

**ਚੰਡੀਗੜ੍ਹ, 1 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਕਾਂਗਰਸ ਦਾ ਏਜੰਡਾ ਪਹਿਲਾਂ ਤੋਂ ਤੈਅ ਹੈ ਅਤੇ ਉਹ ਸਦਨ ਵਿੱਚ ਤੱਥਾਂ ਨੂੰ ਸੁਣਨ ਲਈ ਤਿਆਰ ਨਹੀਂ ਹੈ। ਕਾਂਗਰਸ ਵੱਲੋਂ ਸਦਨ ਵਿੱਚ ਆਉਣ ਤੋਂ ਰੋਕਣ ਅਤੇ ਅਪਮਾਨਿਤ ਕੀਤੇ ਜਾਣ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਨੇਤਾ ਵਿਰੋਧੀ ਧਿਰ ਦੇ ਆਗੂ ਅਤੇ ਵਿਰੋਧੀ ਦੇ ਕਿਸੇ ਵੀ ਮੈਂਬਰ ਨੂੰ ਸਦਨ ਵਿੱਚ ਆਉਣ ਤੋਂ ਨਹੀਂ ਰੋਕਿਆ ਗਿਆ ਅਤੇ ਨਾ ਹੀ ਕਿਸੇ ਦਾ ਅਪਮਾਨ ਕੀਤਾ ਗਿਆ ਹੈ। ਸਾਰੇ ਮੈਂਬਰਾਂ ਨੂੰ ਸਤਿਕਾਰਪੂਰਵਕ ਸਦਨ ਵਿੱਚ ਆਉਣ ਦਿੱਤਾ ਗਿਆ।

ਮੁੱਖ ਮੰਤਰੀ ਹਰਿਆਣਾ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਨੇਤਾ ਵਿਰੋਧੀ ਧਿਰ ਸ੍ਰੀ ਭੂਪੇਂਦਰ ਸਿੰਘ ਹੁੱਡਾ ਅਤੇ ਡਾ. ਰਘੁਬੀਰ ਕਾਦੀਆਨ ਵੱਲੋਂ ਉਨ੍ਹਾਂ ਨੂੰ ਸਦਨ ਵਿੱਚ ਆਉਣ ਤੋਂ ਰੋਕੇ ਜਾਣ ਅਤੇ ਧੱਕੇ ਮਾਰੇ ਜਾਣ ਦੇ ਲਗਾਏ ਗਏ ਦੋਸ਼ਾਂ ਦਾ ਜਵਾਬ ਦੇ ਰਹੇ ਸਨ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਕਾਂਗਰਸ ਸਦਨ ਵਿੱਚ ਕੁਝ ਵੀ ਸੁਣਨ ਲਈ ਤਿਆਰ ਨਹੀਂ ਹੈ। ਇਨ੍ਹਾਂ ਦਾ ਏਜੰਡਾ ਪਹਿਲਾਂ ਤੋਂ ਤੈਅ ਹੈ ਅਤੇ ਉਸੇ ਦੇ ਅਨੁਸਾਰ ਉਹ ਸਦਨ ਵਿੱਚ ਦੋਸ਼ ਲਗਾਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਵੀ ਮੰਦਭਾਗੀ ਹੈ ਕਿ ਕਾਂਗਰਸ ਨੇ ਆਪਣੇ ਸੀਨੀਅਰ ਨੇਤਾਵਾਂ ਨੂੰ ਕਾਲੇ ਕੱਪੜੇ ਪਵਾ ਦਿੱਤੇ, ਜਦੋਂ ਕਿ ਉਨ੍ਹਾਂ ਦੀ ਉਮਰ ਕਾਲੇ ਕੱਪੜੇ ਪਾਉਣ ਦੀ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਮੈਂਬਰਾਂ ਨੂੰ ਕਿਸੇ ਨੇ ਕੁਝ ਨਹੀਂ ਕਿਹਾ, ਸਗੋਂ ਉਨ੍ਹਾਂ ਨੂੰ ਪੂਰੇ ਸਤਿਕਾਰ ਨਾਲ ਸਦਨ ਵਿੱਚ ਆਉਣ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਝੂਠ ਦਾ ਏਜੰਡਾ ਤੈਅ ਕਰ ਰੱਖਿਆ ਹੈ। ਇਹ ਝੂਠ ਬੋਲਦੇ ਹਨ ਅਤੇ ਦੋਸ਼ ਲਗਾਉਂਦੇ ਹਨ, ਇਹੀ ਇਨ੍ਹਾਂ ਦਾ ਕੰਮ ਹੈ ਅਤੇ ਇਸ ਤੋਂ ਇਲਾਵਾ ਇਨ੍ਹਾਂ ਦਾ ਕੋਈ ਏਜੰਡਾ ਨਹੀਂ ਹੈ।

ਵੀਡੀਓ ਫੁਟੇਜ ਨਾਲ ਸਾਹਮਣੇ ਆ ਜਾਵੇਗਾ ਪੂਰਾ ਸੱਚ, ਸਦਨ ਨੂੰ ਗੁਮਰਾਹ ਕਰਨ ਲਈ ਝੂਠੇ ਦੋਸ਼ ਲਗਾ ਰਹੀ ਕਾਂਗਰਸ

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਉਨ੍ਹਾਂ ਨੇ ਪੂਰੇ ਮਾਮਲੇ ਦੀ ਜਾਣਕਾਰੀ ਲਈ ਹੈ ਅਤੇ ਵਿਰੋਧੀ ਧਿਰ ਵੱਲੋਂ ਸਦਨ ਵਿੱਚ ਇਹ ਕਹਿਣਾ ਕਿ ਉਨ੍ਹਾਂ ਨੂੰ ਸੱਟ ਪਹੁੰਚਾਈ ਗਈ ਜਾਂ ਉਨ੍ਹਾਂ ਨਾਲ ਧੱਕਾ-ਮੁੱਕੀ ਕੀਤੀ ਗਈ, ਇਹ ਪੂਰੀ ਤਰ੍ਹਾਂ ਝੂਠ ਹੈ। ਉਨ੍ਹਾਂ ਨੇ ਸਪੀਕਰ ਨੂੰ ਸੁਝਾਅ ਦਿੱਤਾ ਕਿ ਉਹ ਸੱਤਾ ਅਤੇ ਵਿਰੋਧੀ ਧਿਰ ਦੋਵਾਂ ਦੇ ਮੈਂਬਰਾਂ ਨੂੰ ਆਪਣੇ ਚੈਂਬਰ ਵਿੱਚ ਬੁਲਾਉਣ ਅਤੇ ਮਾਮਲੇ ਨਾਲ ਸਬੰਧਤ ਵੀਡੀਓ ਫੁਟੇਜ ਮੰਗਵਾ ਕੇ ਉਸਦੀ ਜਾਂਚ ਕਰ ਲੈਣ। ਵੀਡੀਓ ਵਿੱਚ ਜੋ ਵੀ ਤੱਥ ਹੋਣਗੇ, ਉਨ੍ਹਾਂ ਨਾਲ ਪੂਰੀ ਸਥਿਤੀ ਅਤੇ ਸੱਚਾਈ ਸਪੱਸ਼ਟ ਹੋ ਜਾਵੇਗੀ।

ਵਿਰੋਧੀ ਧਿਰ ਸਦਨ ਨੂੰ ਸੁਚਾਰੂ ਰੂਪ ਨਾਲ ਚੱਲਣ ਦੇਵੇ

ਮੁੱਖ ਮੰਤਰੀ ਨੇ ਕਿਹਾ ਕਿ ਸਦਨ ਨੂੰ ਸੁਚਾਰੂ ਰੂਪ ਨਾਲ ਚੱਲਣ ਦਿੱਤਾ ਜਾਣਾ ਚਾਹੀਦਾ ਹੈ, ਕਿਉਂਕਿ ਸੂਬੇ ਦੀ ਜਨਤਾ ਸਭ ਕੁਝ ਦੇਖ ਰਹੀ ਹੈ। ਉਨ੍ਹਾਂ ਨੇ ਵਿਧਾਨ ਸਭਾ ਸਪੀਕਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਮਹਾਨ ਸਦਨ ਚਰਚਾ ਅਤੇ ਸੰਵਾਦ ਲਈ ਹੈ। ਜੇਕਰ ਕਿਸੇ ਮੈਂਬਰ ਨੂੰ ਕਿਸੇ ਵਿਸ਼ੇ ’ਤੇ ਕੋਈ ਇਤਰਾਜ਼ ਜਾਂ ਸਮੱਸਿਆ ਹੈ ਤਾਂ ਉਹ ਸਦਨ ਵਿੱਚ ਉਸ ’ਤੇ ਚਰਚਾ ਕਰ ਸਕਦਾ ਹੈ ਅਤੇ ਸਰਕਾਰ ਉਸਦਾ ਜਵਾਬ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦਾ ਰੌਲਾ-ਰੱਪਾ ਪਾਇਆ ਜਾ ਰਿਹਾ ਹੈ, ਇਹ ਨਾ ਤਾਂ ਵਿਰੋਧੀ ਧਿਰ ਲਈ ਉਚਿਤ ਹੈ ਅਤੇ ਨਾ ਹੀ ਸਦਨ ਦੀ ਮਰਿਆਦਾ ਦੇ ਅਨੁਕੂਲ ਹੈ। ਸੂਬੇ ਦੀ ਜਨਤਾ ਦੇਖ ਰਹੀ ਹੈ ਕਿ ਕੀ ਸਹੀ ਹੈ ਅਤੇ ਕੀ ਗਲਤ। ਜਨਤਾ ਨੇ ਵਿਰੋਧੀ ਧਿਰ ਦਾ ਕਾਰਜਕਾਲ ਵੀ ਦੇਖਿਆ ਹੈ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਮੌਜੂਦਾ ਸਰਕਾਰ ਦਾ ਕਾਰਜਕਾਲ ਵੀ ਦੇਖ ਰਹੀ ਹੈ।

# ਡਾ. ਅਰਵਿੰਦ ਸ਼ਰਮਾ ਨੇ ਸੈਰ-ਸਪਾਟਾ ਵਿਭਾਗ ਦੇ 380 ਡੀ-ਗਰੁੱਪ ਕਰਮਚਾਰੀਆਂ ਨੂੰ ਸੌਂਪੇ ਨਿਯੁਕਤੀ ਪੱਤਰ



**ਚੰਡੀਗੜ੍ਹ, 1 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਚੰਡੀਗੜ੍ਹ ਵਿੱਚ ਅੱਜ ਸੈਰ-ਸਪਾਟਾ ਵਿਭਾਗ ਵਿੱਚ ਡੀ-ਗਰੁੱਪ ਦੇ 380 ਅਸਾਮੀਆਂ ’ਤੇ ਨਵੇਂ ਚੁਣੇ ਗਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ।

ਇਸ ਮੌਕੇ ਉਨ੍ਹਾਂ ਨੇ ਨਵ-ਨਿਯੁਕਤ ਕਰਮਚਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਸਫ਼ਲ ਅਤੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਸੈਰ-ਸਪਾਟਾ ਮੰਤਰੀ ਨੇ ਪ੍ਰਦੇਸ਼ ਵਾਸੀਆਂ ਨੂੰ ਰੱਖੜੀ ਅਤੇ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰਾਂ ਦੀਆਂ ਵੀ ਸ਼ੁਭਕਾਮਨਾਵਾਂ ਦਿੱਤੀਆਂ।

ਸੈਰ-ਸਪਾਟਾ ਮੰਤਰੀ ਨੇ ਦੱਸਿਆ ਕਿ ਸੈਰ-ਸਪਾਟਾ ਵਿਭਾਗ ਵਿੱਚ ਡੀ-ਗਰੁੱਪ ਦੇ ਕੁੱਲ 397 ਅਸਾਮੀਆਂ ’ਤੇ ਭਰਤੀ ਕੱਢੀ ਗਈ ਸੀ, ਜਿਨ੍ਹਾਂ ਵਿੱਚੋਂ ਲਗਭਗ 380 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਪ੍ਰਦਾਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਦਾਂ ਵਿੱਚ ਸੇਵਾਦਾਰ, ਕਿਚਨ ਹੈਲਪਰ ਅਤੇ ਮਾਲੀ ਦੇ ਪਦ ਸ਼ਾਮਲ ਹਨ। ਮਹਿਲਾ ਕਰਮਚਾਰੀਆਂ ਨੂੰ ਉਨ੍ਹਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੇ ਘਰ ਦੇ ਆਸ-ਪਾਸ ਹੀ ਤਾਇਨਾਤੀ ਦੇਣ ਦਾ ਯਤਨ ਕੀਤਾ ਗਿਆ ਹੈ। ਇਸੇ ਤਰ੍ਹਾਂ ਹੋਰ ਨਵ-ਨਿਯੁਕਤ ਕਰਮਚਾਰੀਆਂ ਨੂੰ ਵੀ ਯੋਗ ਹੱਦ ਤੱਕ ਉਨ੍ਹਾਂ ਦੇ ਘਰ ਦੇ ਨਜ਼ਦੀਕ ਸਟੇਸ਼ਨ ਦਿੱਤੇ ਗਏ ਹਨ।

ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿਚ ਹਰਿਆਣਾ ਸਰਕਾਰ ਪਾਰਦਰਸ਼ੀ ਅਤੇ ਮੈਰਿਟ ਆਧਾਰਿਤ ਭਰਤੀ ਨੀਤੀ ਤਹਿਤ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਉਪਲਬਧ ਕਰਵਾ ਰਹੀ ਹੈ। ਸਰਕਾਰ ਦੀ ਨੀਤੀ ਤਹਿਤ ਬਿਨਾਂ ਖ਼ਰਚੀ-ਬਿਨਾਂ ਪਰਚੀ ਅਤੇ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਯੋਗ ਨੌਜਵਾਨਾਂ ਨੂੰ ਸਰਕਾਰੀ ਸੇਵਾਵਾਂ ਵਿੱਚ ਨਿਯੁਕਤੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੇ ਨਾਲ-ਨਾਲ ਸਰਕਾਰੀ ਵਿਭਾਗਾਂ ਵਿੱਚ ਲੋੜੀਂਦੇ ਮਨੁੱਖੀ ਵਸੀਲਿਆਂ ਦੀ ਉਪਲਬਧਤਾ ਯਕੀਨੀ ਬਣਾਉਣਾ ਵੀ ਹੈ।

ਇਸ ਮੌਕੇ ਹਰਿਆਣਾ ਅਤੇ ਸੈਰ-ਸਪਾਟਾ ਵਿਭਾਗ ਦੇ ਡਾਇਰੈਕਟਰ ਸ੍ਰੀ ਪਾਰਥ ਗੁਪਤਾ, ਹਰਿਆਣਾ ਸੈਰ-ਸਪਾਟਾ ਵਿਕਾਸ ਨਿਗਮ ਦੇ ਜਨਰਲ ਮੈਨੇਜਰ ਸ੍ਰੀ ਰਾਜੀਵ ਪ੍ਰਸਾਦ ਸਮੇਤ ਹੋਰ ਸੀਨੀਅਰ ਅਧਿਕਾਰੀ ਹਜ਼ਾਰ ਸਨ।

# ਹਿਸਾਰ ਵਿੱਚ ਨਾਰਕੋ ਕੁੱਤਿਆਂ ਨੇ ਨਸ਼ੀਲੇ ਪਦਾਰਥਾਂ ਦੀ ਖੇਪ ਦਾ ਪਤਾ ਲਗਾਇਆ, ਪੁਲਿਸ ਕਾਰਵਾਈ ਨੂੰ ਮਜ਼ਬੂਤ ਕੀਤਾ

**ਚੰਡੀਗੜ੍ਹ, 1 ਸਤੰਬਰ**
**-ਅਨੀਤਾ ਜਾਂਗੜਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਤਸਕਰਾਂ ਵਿਰੁੱਧ ਚੱਲ ਰਹੀ ਮੁਹਿੰਮ ਦੇ ਹਿੱਸੇ ਵਜੋਂ, ਹਿਸਾਰ ਯੂਨਿਟ ਦੇ ਏਐਨਸੀ ਸਟਾਫ ਨੇ ਵੱਖ-ਵੱਖ ਥਾਵਾਂ ’ਤੇ ਨਾਰਕੋ ਕੁੱਤਿਆਂ ਦੀ ਸਹਾਇਤਾ ਨਾਲ ਪ੍ਰਭਾਵਸ਼ਾਲੀ ਨਸ਼ਾ ਵਿਰੋਧੀ ਕਾਰਵਾਈਆਂ ਕੀਤੀਆਂ। ਸਿਖਲਾਈ ਪ੍ਰਾਪਤ ਨਾਰਕੋ ਕੁੱਤਿਆਂ ਰੋਮੀਓ (8™-131), ਬੋਲਟ (8™-132) ਅਤੇ ਰੈਂਬੋ (8™-133) ਨੇ ਆਪਣੀ ਵਿਸ਼ੇਸ਼ ਸੁੰਘਣ ਦੀ ਯੋਗਤਾ ਦੀ ਵਰਤੋਂ ਕਰਦੇ ਹੋਏ, ਨਸ਼ੀਲੇ ਪਦਾਰਥਾਂ ਦਾ ਪਤਾ ਲਗਾਉਣ ਅਤੇ ਬਰਾਮਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਨ੍ਹਾਂ ਕਾਰਵਾਈਆਂ ਦੌਰਾਨ ਕੁੱਲ 53.930 ਗ੍ਰਾਮ ਹੈਰੋਇਨ/ਚਿੱਟਾ ਅਤੇ 125 ਗ੍ਰਾਮ ਗਾਂਜਾ ਬਰਾਮਦ ਕੀਤਾ ਗਿਆ।

ਹਰਿਆਣਾ ਦੇ ਪੁਲਿਸ ਡਾਇਰੈਕਟਰ ਜਨਰਲ ਅਜੈ ਸਿੰਘਲ ਨੇ ਕਿਹਾ ਕਿ ਹਰਿਆਣਾ ਪੁਲਿਸ ਆਪਣੀ ਜ਼ੀਰੋ-ਟੌਲਰੈਂਸ ਨੀਤੀ ਦੇ ਤਹਿਤ ਨਸ਼ਿਆਂ ਵਿਰੁੱਧ ਲਗਾਤਾਰ ਕਾਰਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਪਲਾਈ ਲੜੀ ਨੂੰ ਤੋੜਨ ਲਈ ਆਧੁਨਿਕ ਤਕਨਾਲੋਜੀ, ਖੁਫੀਆ ਜਾਣਕਾਰੀ ਅਧਾਰਤ ਪੁਲਿਸਿੰਗ ਅਤੇ ਸਿਖਲਾਈ ਪ੍ਰਾਪਤ ਸਰੋਤਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ ਜਾ ਰਹੀ ਹੈ। ਨਾਰਕੋ ਕੁੱਤਿਆਂ ਦੀਆਂ ਵਿਸ਼ੇਸ਼ ਯੋਗਤਾਵਾਂ ਨਸ਼ੀਲੇ ਪਦਾਰਥਾਂ ਦੀ ਖੋਜ ਅਤੇ ਰਿਕਵਰੀ ਵਿੱਚ ਪੁਲਿਸ ਲਈ ਇੱਕ ਮਹੱਤਵਪੂਰਨ ਸਹਾਇਤਾ



ਸਾਬਤ ਹੋ ਰਹੀਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿਰੁੱਧ ਕਾਰਵਾਈ ਨੂੰ ਹੋਰ ਤੇਜ਼ ਕਰਨ ਅਤੇ ਸਪਲਾਈ ਨੈੱਟਵਰਕ ਨਾਲ ਜੁੜੇ ਹਰ ਪੱਧਰ ’ਤੇ ਸਖ਼ਤ ਕਾਰਵਾਈ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇਨ੍ਹਾਂ ਤਿੰਨਾਂ ਕਾਰਵਾਈਆਂ ਵਿੱਚ ਕੁੱਲ 53.930 ਗ੍ਰਾਮ ਹੈਰੋਇਨ/ਚਿੱਟਾ ਅਤੇ 125 ਗ੍ਰਾਮ ਗਾਂਜਾ ਬਰਾਮਦ ਕੀਤਾ ਗਿਆ। ਏਐਨਸੀ ਸਟਾਫ ਵੱਲੋਂ ਨਸ਼ਾ ਸਪਲਾਈ ਲੜੀ ਨੂੰ ਤੋੜਨ ਅਤੇ ਨਸ਼ਾ ਤਸਕਰਾਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਕਰਨ ਲਈ ਮੁਹਿੰਮ ਜਾਰੀ ਹੈ। ਰੋਮੀਓ, ਬੋਲਟ ਅਤੇ ਰੈਂਬੋ ਵਰਗੇ ਸਿਖਲਾਈ ਪ੍ਰਾਪਤ ਨਾਰਕੋ ਕੁੱਤਿਆਂ ਦੀ ਮੁਹਾਰਤ ਮੁਹਿੰਮ ਨੂੰ ਹੋਰ ਵਿਗਿਆਨਕ, ਸਟੀਕ ਅਤੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ।

ਰਾਜ ਅਪਰਾਧ ਸ਼ਾਖਾ ਦੇ ਪੁਲਿਸ ਇੰਸਪੈਕਟਰ ਜਨਰਲ ਰਾਕੇਸ਼ ਆਰੀਆ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਕਾਰਵਾਈ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ, ਹਰਿਆਣਾ ਪੁਲਿਸ ਆਧੁਨਿਕ ਤਕਨਾਲੋਜੀ ਦੇ ਨਾਲ-ਨਾਲ ਸਿਖਲਾਈ ਪ੍ਰਾਪਤ ਨਾਰਕੋ ਕੁੱਤਿਆਂ ਦੀ ਸਮਰੱਥਾ ਦਾ ਬਿਹਤਰ ਉਪਯੋਗ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰੋਮੀਓ, ਬੋਲਟ ਅਤੇ ਰੈਂਬੋ ਵਰਗੇ ਸਿਖਲਾਈ ਪ੍ਰਾਪਤ ਨਾਰਕੋ ਕੁੱਤੇ ਆਪਣੀ ਵਿਸ਼ੇਸ਼ ਸੁੰਘਣ ਯੋਗਤਾਵਾਂ ਰਾਹੀਂ ਨਸ਼ਾ ਤਸਕਰਾਂ ਦੁਆਰਾ ਲੁਕਾਏ ਗਏ ਨਸ਼ੀਲੇ ਪਦਾਰਥਾਂ ਦਾ ਪਤਾ ਲਗਾਉਣ ਵਿੱਚ ਪੁਲਿਸ ਨੂੰ ਕੀਮਤੀ ਸਹਾਇਤਾ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕ ਨੂੰ ਜੜ੍ਹ ਤੋਂ ਖਤਮ ਕਰਨ ਲਈ, ਏਐਨਸੀ ਸਟਾਫ ਦੁਆਰਾ ਨਾਰਕੋ ਕੁੱਤਿਆਂ ਦੀ ਸਹਾਇਤਾ ਨਾਲ ਖੁਫੀਆ-ਅਧਾਰਤ ਕਾਰਵਾਈਆਂ, ਨਿਰੰਤਰ ਨਿਗਰਾਨੀ ਅਤੇ ਖੋਜ ਮੁਹਿੰਮਾਂ ਪੂਰੀ ਗੰਭੀਰਤਾ ਨਾਲ ਜਾਰੀ ਰਹਿਣਗੀਆਂ।

12 ਅਗਸਤ, 2026 ਨੂੰ, 1©3 ਹਿਸਾਰ ਯੂਨਿਟ ਨੇ ਨਾਰਕੋ ਕੁੱਤਿਆਂ 8™-131 ਰੋਮੀਓ ਅਤੇ 8™-132 ਬੋਲਟ ਦੀ ਸਹਾਇਤਾ ਨਾਲ ਇੱਕ ਛਾਪਾ ਮਾਰਿਆ। ਕਾਰਵਾਈ ਦੌਰਾਨ, 125 ਗ੍ਰਾਮ ਗਾਂਜਾ ਬਰਾਮਦ ਕੀਤਾ ਗਿਆ। ਇਸ ਸਬੰਧ ਵਿੱਚ, ਐਕਟ ਦੀ ਧਾਰਾ 20(✲)(2)1 ਦੇ ਤਹਿਤ ਅਰਬਨ ਅਸਟੇਟ ਪੁਲਿਸ ਸਟੇਸ਼ਨ, ਹਿਸਾਰ ਵਿਖੇ ਨੰਬਰ 273/2026 ਦਰਜ ਕੀਤੀ ਗਈ ਸੀ।

14 ਅਗਸਤ, 2026 ਨੂੰ, ਏਐਨਸੀ ਸਟਾਫ ਨੇ ਰਾਜੀਵ ਨਗਰ, ਹਿਸਾਰ ਵਿੱਚ ਨਾਰਕੋ ਕੁੱਤਿਆਂ ਦੀ ਸਹਾਇਤਾ ਨਾਲ ਇੱਕ ਤਲਾਸ਼ੀ ਮੁਹਿੰਮ ਚਲਾਈ। ਇਸ ਕਾਰਵਾਈ ਦੌਰਾਨ, 42.930 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਇਸ ਮਾਮਲੇ ਵਿੱਚ, ਐਨਡੀਪੀਐਸ ਐਕਟ ਦੀ ਧਾਰਾ 21-ਬੀ ਦੇ ਤਹਿਤ ਐਫਆਈਆਰ ਨੰਬਰ 404/2026, ਹਿਸਾਰ ਦੇ ਐਚਟੀਐਮ ਪੁਲਿਸ ਸਟੇਸ਼ਨ ਵਿੱਚ ਦਰਜ ਕੀਤੀ ਗਈ ਸੀ।

ਇਸ ਮੁਹਿੰਮ ਨੂੰ ਜਾਰੀ ਰੱਖਦੇ ਹੋਏ, ਏਐਨਸੀ ਸਟਾਫ ਨੇ 18 ਅਗਸਤ, 2026 ਨੂੰ ਪਿੰਡ ਪੀਰਾਂਵਾਲੀ ਵਿੱਚ ਇੱਕ ਕਾਰਵਾਈ ਕੀਤੀ। ਨਾਰਕੋ ਕੁੱਤਿਆਂ ਦੀ ਸਹਾਇਤਾ ਨਾਲ ਕੀਤੀ ਗਈ ਤਲਾਸ਼ੀ ਦੌਰਾਨ, 11 ਗ੍ਰਾਮ ਹੈਰੋਇਨ (ਚਿੱਟਾ) ਬਰਾਮਦ ਕੀਤੀ ਗਈ। ਇਸ ਸਬੰਧ ਵਿੱਚ, ਐਨਡੀਪੀਐਸ ਐਕਟ ਦੀ ਧਾਰਾ 21-ਬੀ ਦੇ ਤਹਿਤ ਐਫਆਈਆਰ ਨੰਬਰ 456/2026 ਸਦਰ ਪੁਲਿਸ ਸਟੇਸ਼ਨ, ਹਿਸਾਰ ਵਿਖੇ ਦਰਜ ਕੀਤੀ ਗਈ ਸੀ।

ਏਐਨਸੀ ਹਿਸਾਰ ਯੂਨਿਟ ਦੁਆਰਾ ਕੀਤੇ ਗਏ ਆਪ੍ਰੇਸ਼ਨ ਦਰਸਾਉਂਦੇ ਹਨ ਕਿ ਸਿਖਲਾਈ ਪ੍ਰਾਪਤ ਨਾਰਕੋ ਕੁੱਤੇ ਨਸ਼ਿਆਂ ਵਿਰੁੱਧ ਪੁਲਿਸ ਮੁਹਿੰਮ ਵਿੱਚ ਇੱਕ ਪ੍ਰਭਾਵਸ਼ਾਲੀ ਬਲ ਗੁਣਕ ਵਜੋਂ ਉੱਭਰ ਰਹੇ ਹਨ। ਉਨ੍ਹਾਂ ਦੀਆਂ ਵਿਸ਼ੇਸ਼ ਸੁੰਘਣ ਯੋਗਤਾਵਾਂ ਨਸ਼ੀਲੇ ਪਦਾਰਥਾਂ ਦੀ ਖੋਜ ਅਤੇ ਰਿਕਵਰੀ ਨੂੰ ਵਧੇਰੇ ਸਟੀਕ ਅਤੇ ਪ੍ਰਭਾਵਸ਼ਾਲੀ ਬਣਾ ਰਹੀਆਂ ਹਨ। ਹਰਿਆਣਾ ਪੁਲਿਸ ਨਸ਼ੀਲੇ ਪਦਾਰਥਾਂ ਦੀ ਸਪਲਾਈ ਲੜੀ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੇ ਉਦੇਸ਼ ਨਾਲ ਖੁਫੀਆ ਜਾਣਕਾਰੀ-ਅਧਾਰਤ ਪੁਲਿਸਿੰਗ, ਆਧੁਨਿਕ ਤਕਨਾਲੋਜੀ, ਨਿਰੰਤਰ ਨਿਗਰਾਨੀ ਅਤੇ ਨਾਰਕੋ ਕੁੱਤਿਆਂ ਦੀਆਂ ਯੋਗਤਾਵਾਂ ਦਾ ਤਾਲਮੇਲ ਵਰਤ ਰਹੀ ਹੈ। ਹਰਿਆਣਾ ਪੁਲਿਸ ਇੱਕ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਪਾਰ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿਰੁੱਧ ਮੁਹਿੰਮ ਪੂਰੀ ਸਖ਼ਤੀ ਨਾਲ ਜਾਰੀ ਰਹੇਗੀ

# ਸਾਬਕਾ ਪ੍ਰਿੰਸੀਪਲ ਨੂੰ ਰਾਸ਼ਟਰਪਤੀ ਵੱਲੋਂ ਆਨਰੇਰੀ ਮੇਜਰ ਦਾ ਰੈਂਕ




**ਯਮੁਨਾਨਗਰ, 1 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਖਾਲਸਾ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਹਰਿੰਦਰ ਸਿੰਘ ਕੰਗ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਆਨਰੇਰੀ ਮੇਜਰ ਦਾ ਰੈਂਕ ਪ੍ਰਦਾਨ ਕੀਤਾ ਗਿਆ। ਕਾਲਜ ਵੱਲੋਂ ਉਨ੍ਹਾਂ ਦਾ ਸੁਆਗਤ ਕਰਨ ਲਈ ਸ਼ਾਨਦਾਰ ਸਮਾਰੋਹ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਵਿੱਚ ਡਾ. (ਲੈਫਟੀਨੈਂਟ) ਜੋਸ਼ਪ੍ਰੀਤ ਸਿੰਘ ਅਤੇ ਸੂਬੇਦਾਰ ਮੇਜਰ ਜਸਵੰਤ ਸਿੰਘ ਦੀ ਨਿਗਰਾਨੀ ਹੇਠ ਐੱਨ ਸੀ ਸੀ ਕੈਡਿਟਾਂ ਦੁਆਰਾ ਕਮਾਂਡਿੰਗ ਅਫਸਰ ਦੀ ਅਗਵਾਈ ਵਿੱਚ ਗਾਰਡ ਆਫ ਆਨਰ ਦਿੱਤਾ ਗਿਆ। ਇਸ ਮੌਕੇ ਮੌਜੂਦ ਵਿਸ਼ੇਸ਼ ਮਹਿਮਾਨਾਂ ਵਿੱਚ ਮੁੱਖ ਮਹਿਮਾਨ ਕਮਾਂਡਿੰਗ ਅਫਸਰ ਕਰਨਲ ਪੰਕਜ ਪਾਰਿਕ, ਉਪ ਪ੍ਰਧਾਨ ਮੇਜਰ ਰਾਜਿੰਦਰ ਸਿੰਘ ਭੱਟੀ, ਜਨਰਲ ਸਕੱਤਰ ਸਰਦਾਰ ਬਲਵੰਤ ਸਿੰਘ ਬਾਂਗਾ, ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ, 14 ਹਰਿਆਣਾ ਬਟਾਲੀਅਨ ਐੱਨ ਸੀ ਸੀ (ਯਮੁਨਾਨਗਰ) ਦੇ ਅਧਿਕਾਰੀ ਅਤੇ ਮੈਂਬਰ, ਕਾਲਜ ਸਟਾਫ, ਵਿਦਿਆਰਥੀ, ਕਾਲਜ ਐਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਅੰਤਰਰਾਸ਼ਟਰੀ ਕਵੀ ਗੁਰਦਿਆਲ ਸਿੰਘ ਨਿੰਮਰ, ਡਾ. ਹਰਿੰਦਰ ਸਿੰਘ ਕੰਗ ਦੇ ਪਿਤਾ ਐਡਵੋਕੇਟ ਅਜਾਇਬ ਸਿੰਘ ਕੰਗ ਅਤੇ ਉਨ੍ਹਾਂ ਦੀਆਂ ਧੀਆਂ ਹਰਪਲਕ ਕੌਰ ਕੰਗ ਤੇ ਹਰਮੁਸਕਾਨ ਕੌਰ ਕੰਗ ਅਤੇ ਹੋਰ ਪਤਵੰਤੇ ਮੌਜੂਦ ਸਨ। ਕਾਲਜ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਮੇਜਰ ਭੱਟੀ ਨੇ ਡਾ. ਹਰਿੰਦਰ ਸਿੰਘ ਕੰਗ ਨੂੰ ਆਨਰੇਰੀ ਮੇਜਰ ਦਾ ਦਰਜਾ ਪ੍ਰਾਪਤ ਕਰਨ ’ਤੇ ਵਧਾਈ ਦਿੱਤੀ। ‘ਪਾਈਪਿੰਗ ਸਮਾਰੋਹ’ ਦੌਰਾਨ ਡਾ. ਹਰਿੰਦਰ ਸਿੰਘ ਕੰਗ ਨੂੰ ਰਸਮੀ ਤੌਰ ’ਤੇ ਆਨਰੇਰੀ ਮੇਜਰ ਦਾ ਦਰਜਾ ਦਿੱਤਾ ਗਿਆ। ਕਾਮਰਸ ਵਿਭਾਗ ਦੀ ਮੁਖੀ ਡਾ. ਜਸਵਿੰਦਰ ਕੌਰ ਨੇ ਸਭ ਦਾ ਧੰਨਵਾਦ ਕੀਤਾ।

# ਤਾਲ ਮਹਾ ਉਤਸਵ: ਕੱਥਕ ਕਲਾਕਾਰਾਂ ਨੇ ਦਰਸ਼ਕ ਕੀਲੇ

**ਸ਼ਾਹਬਾਦ ਮਾਰਕੰਡਾ, 1 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਲਾ ਪਰਿਸ਼ਦ ਵੱਲੋਂ ਕਲਾ ਕੀਰਤੀ ਭਵਨ ’ਚ ਸ਼ਾਨਦਾਰ ਸ਼ਾਸਤਰੀ ਨਾਚ ਉਤਸਵ ਤਾਲ ਮਹੋਤਸਵ ਕਰਾਇਆ ਗਿਆ। ਕੱਥਕ ਗੁਰੂ ਪੰਡਿਤ ਕੁੰਦਨ ਲਾਲ ਗੰਗਾਨੀ ਦੀ ਸ਼ਤਾਬਦੀ ਸ਼ਰਧਾਂਜਲੀ ਵਜੋਂ ਕਰਾਏ ਗਏ ਇਸ ਸਮਾਗਮ ਵਿਚ ਜ਼ਿਲ੍ਹਾ ਪੁਲੀਸ ਕਪਤਾਨ ਚੰਦਰ ਮੋਹਨ ਬਤੌਰ ਮੁੱਖ ਮਹਿਮਾਨ ਮੌਜੂਦ ਸਨ। ਪੰਡਿਤ ਰਜਿੰਦਰ ਗੰਗਾਨੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਤੋਂ ਪਹਿਲਾਂ ਹਰਿਆਣਾ ਕਲਾ ਪਰਿਸ਼ਦ ਦੇ ਉਪ ਪ੍ਰਧਾਨ ਮਹੇਸ਼ ਜੋਸ਼ੀ ਨੇ ਮਹਿਮਾਨਾਂ ਦਾ ਸ਼ਾਲ ਭੇਟ ਕਰਕੇ ਸੁਆਗਤ ਕੀਤਾ।

ਦੇਵ ਸਕਸੈਨਾ ਦੇ ਨਿਰਦੇਸ਼ਨ ਹੇਠ ਨਟਰਾਜ ਸਕੂਲ ਆਫ ਮਿਊਜ਼ਿਕ ਐਂਡ ਡਾਂਸ ਦੇ ਕਲਾਕਾਰਾਂ ਨੇ ਮਨਮੋਹਕ ਕਥਕ ਨਾਚ ਪੇਸ਼ ਕੀਤਾ। 50 ਤੋਂ ਵੱਧ ਵਿਦਿਆਰਥੀਆਂ ਨੇ ਪਖਾਵਜ, ਤਬਲਾ, ਬੰਸਰੀ ਤੇ ਸ਼ਾਸਤਰੀ ਸਾਜ਼ਾਂ ਤੇ ਲਗਭਗ ਦੋ ਘੰਟੇ ਚਲੇ ਸਮਾਗਮ ਵਿਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਕ ਵਿਸ਼ੇਸ਼ ਪੇਸ਼ਕਾਰੀ ਦੇ ਤੌਰ ’ਤੇ ਕਥਕ ਗੁਰੂ ਪੰਡਿਤ ਕੁੰਦਨ ਲਾਲ ਦੀ ਪੋਤੀ ਨੈਨਿਕਾ ਨੇ ਕੱਥਕ ਸੋਲੋ ਪ੍ਰਦਰਸ਼ਨ ਕੀਤਾ। ਆਪਣੇ ਦਾਦਾ ਗੁਰੂ ਦੀਆਂ ਰਚਨਾਵਾਂ ਦੇ ਆਧਾਰ ’ਤੇ ਉਸ



ਨੇ ਕਥਕ ਵਿਰਾਸਤ ਨੂੰ ਸੁੰਦਰ ਢੰਗ ਨਾਲ ਸਟੇਜ ’ਤੇ ਪੇਸ਼ ਕੀਤਾ। ਸਮਾਰੋਹ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪੁਲੀਸ ਕਪਤਾਨ ਨੇ ਭਾਰਤੀ ਕਲਾ ਤੇ ਸੱਭਿਆਚਾਰ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਵਰਗੇ ਇਤਿਹਾਸਕ ਅਤੇ ਸੱਭਿਆਚਾਰਕ ਸ਼ਹਿਰ ਵਿਚ ਅਜਿਹੇ ਸਮਾਗਮ ਹੁੰਦੇ ਰਹਿਣੇ ਚਾਹੀਦੇ ਹਨ, ਕਿਉਂਕਿ ਇਹ ਭਾਰਤੀ ਸੱਭਿਅਤਾ, ਸੱਭਿਆਚਾਰ ਤੇ ਸ਼ਾਸਤਰੀ ਨਾਚ ਦੀ ਅਮੀਰ ਪਰੰਪਰਾ ਨੂੰ ਨਵੀਂ ਪੀੜ੍ਹੀ ਤਕ ਪਹੁੰਚਾਉਣ ਦਾ ਮਹੱਤਵਪੂਰਨ ਸਾਧਨ ਹੈ। ਉਨ੍ਹਾਂ ਕਿਹਾ ਕਿ ਕਲਾ ਦੀ ਖੋਜ ਸਮਾਜ ਤੇ ਨੌਜੁਆਨ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਨਾਲ ਜੋੜਨ ਲਈ ਅਹਿਮ ਮਾਧਿਅਮ ਹੈ। ਰਾਜਿੰਦਰ ਗੰਗਾਨੀ ਨੇ ਕਿਹਾ ਕਿ ਕੁਰੂਕਸ਼ੇਤਰ ਵਿਚ ਕੱਥਕ ਪ੍ਰਦਰਸ਼ਨ ਦਾ ਸਮਾਗਮ ਸ਼ਾਇਦ ਪਹਿਲੀ ਵਾਰ ਹੋਇਆ ਹੈ ਤੇ ਇਹ ਭਾਰਤੀ ਸੱਭਿਅਤਾ, ਸੱਭਿਆਚਾਰ ਤੇ ਭਾਰਤੀ ਸ਼ਾਸਤਰੀ ਨਾਚ ਨੂੰ ਬਹੁਤ ਉਤਸ਼ਾਹਿਤ ਕਰੇਗਾ। ਪ੍ਰੋਗਰਾਮ ਵਿਚ ਤਬਲੇ ’ਤੇ ਪੰਡਿਤ ਯੋਗੇਸ਼ ਗੰਗਾਨੀ, ਬੰਸਰੀ ’ਤੇ ਅਤੁਲ ਸ਼ੰਕਰ, ਹਰਮੋਨੀਅਮ ਤੇ ਪਦੰਤ ’ਤੇ ਉਸਤਾਦ ਸਾਮੀ ਉਲਾ ਖਾਨ ਸ਼ਾਮਲ ਸਨ। ਇਸ ਮੌਕੇ ਮਹਿਮਾਨਾਂ ਤੇ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਗਿਆ।

# ਡੇਂਗੂ, ਮਲੇਰੀਆ ਤੇ ਚਿਕਨਗੁਨੀਆ ਤੋਂ ਬਚਾਅ ਲਈ ਮੁਹਿੰਮ




**ਰਤੀਆ, 1 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਮੱਛਰ ਦਿਵਸ ਮੌਕੇ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਮੱਛਰਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕ ਕਰਨ ਵਾਸਤੇ ਵਿਸ਼ੇਸ਼ ਮੁਹਿੰਮ ਚਲਾਈ ਗਈ। ਸਿਵਲ ਸਰਜਨ ਡਾ. ਬੁੱਧਰਾਮ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਵੱਖ ਵੱਖ ਅਦਾਰਿਆਂ, ਸਕੂਲਾਂ ਅਤੇ ਜਨਤਕ ਥਾਵਾਂ ’ਤੇ ਲੋਕਾਂ ਨੂੰ ਮੱਛਰਾਂ ਦੀ ਪੈਦਾਵਾਰ ਰੋਕਣ, ਆਲੇ-ਦੁਆਲੇ ਸਫ਼ਾਈ ਰੱਖਣ ਅਤੇ ਪਾਣੀ ਇਕੱਠਾ ਨਾ ਹੋਣ ਦੇਣ ਲਈ ਪ੍ਰੇਰਿਤ ਕੀਤਾ ਗਿਆ। ਸਿਹਤ ਵਿਭਾਗ ਦੇ ਕਰਮਚਾਰੀਆਂ ਨੇ ਸਕੂਲਾਂ ਵਿੱਚ ਪਹੁੰਚ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮੱਛਰਾਂ ਤੋਂ ਫੈਲਣ ਵਾਲੀਆਂ ਬਿਮਾਰੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਏਡੀਜ਼ ਮੱਛਰ ਡੇਂਗੂ ਅਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਫੈਲਾਉਣ ਲਈ ਜ਼ਿੰਮੇਵਾਰ ਹੁੰਦਾ ਹੈ, ਜਦਕਿ ਮਾਦਾ ਐਨੋਫਿਲੀਜ਼ ਮੱਛਰ ਮਲੇਰੀਆ ਫੈਲਾਉਂਦਾ ਹੈ। ਇਸ ਲਈ ਮੱਛਰਾਂ ਦੀ ਪੈਦਾਵਾਰ ਵਾਲੀਆਂ ਥਾਵਾਂ ਨੂੰ ਖ਼ਤਮ ਕਰਨਾ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਸਲਾਹ ਦਿੱਤੀ ਕਿ ਉਹ ਬਿਮਾਰ ਹੋਣ ’ਤੇ ਆਪਣੇ ਪੱਧਰ ’ਤੇ ਇਲਾਜ ਕਰਨ ਦੀ ਥਾਂ ਸਿਹਤ ਕੇਂਦਰ ਨਾਲ ਸੰਪਰਕ ਕਰਨ। ਲੋਕਾਂ ਨੂੰ ਅਪੀਲ ਕੀਤੀ ਗਈ ਕਿ ਘਰਾਂ ਵਿੱਚ ਵਰਤੇ ਜਾਂਦੇ ਕੂਲਰਾਂ ਨੂੰ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਖਾਲੀ ਕਰਕੇ ਚੰਗੀ ਤਰ੍ਹਾਂ ਸਾਫ਼ ਕੀਤਾ ਜਾਵੇ। ਛੱਤਾਂ ’ਤੇ ਪਏ ਪੁਰਾਣੇ ਟਾਇਰਾਂ, ਟੁੱਟੇ-ਫੁੱਟੇ ਬਰਤਨਾਂ ਅਤੇ ਹੋਰ ਅਜਿਹੇ ਸਾਮਾਨ ਨੂੰ ਹਟਾਇਆ ਜਾਵੇ, ਜਿਨ੍ਹਾਂ ਵਿੱਚ ਮੀਂਹ ਜਾਂ ਹੋਰ ਕਾਰਨਾਂ ਕਰਕੇ ਪਾਣੀ ਇਕੱਠਾ ਹੋ ਸਕਦਾ ਹੈ। ਘਰਾਂ ਦੇ ਆਲੇ-ਦੁਆਲੇ ਪਏ ਛੋਟੇ ਟੋਇਆਂ ਨੂੰ ਮਿੱਟੀ ਨਾਲ ਭਰ ਦੇਣਾ ਚਾਹੀਦਾ ਹੈ, ਜਦਕਿ ਵੱਡੇ ਟੋਇਆਂ ਨੂੰ ਪਿੰਡ ਦੇ ਪੰਚ, ਸਰਪੰਚ ਜਾਂ ਸ਼ਹਿਰੀ ਖੇਤਰਾਂ ਵਿੱਚ ਵਾਰਡ ਦੇ ਕੌਂਸਲਰ ਦੇ ਸਹਿਯੋਗ ਨਾਲ ਭਰਵਾਉਣਾ ਚਾਹੀਦਾ ਹੈ।

# ਸਕੂਲ ਵਿੱਚ ਵਿਦਿਆਰਥੀ ਸਭਾ ਬਣਾਈ

**ਸ਼ਾਹਬਾਦ ਮਾਰਕੰਡਾ, 1 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਮ ਪ੍ਰਸਾਦਿ ਡੀ ਏ ਵੀ ਪਬਲਿਕ ਸਕੂਲ ਵਿੱਚ ਵਿਦਿਆਰਥੀ ਸਭਾ ਦੇ ਬਣਨ ਤੋਂ ਬਾਅਦ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਸਨਮਾਨ ਸਮਾਰੋਹ ਕਰਾਇਆ ਗਿਆ ਜਿਸ ’ਚ ਵਿਦਿਆਰਥੀਆਂ ਦੀ ਲੋਕਤੰਤਰੀ ਪ੍ਰਕਿਰਿਆ ਰਾਹੀਂ ਵੱਖ ਵੱਖ ਸਦਨਾਂ ਲਈ ਨੁਮਾਇੰਦਿਆਂ ਵਜੋਂ ਚੋਣ ਕੀਤੀ ਗਈ ਅਤੇ ਚੁਣੇ ਹੋਏ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ ਅਤੇ ਅਹੁਦੇ ਦਾ ਭੇਤ ਬਣਾਏ ਰੱਖਣ ਦੀ ਸਹੁੰ ਚੁਕਵਾਈ ਗਈ। ਚੋਣ ਨਤੀਜਿਆਂ ਵਿਦਿਆਰਥੀ ਦਿਵਿਆਂਸ਼ ਨੂੰ ਮੁੱਖ ਵਿਦਿਆਰਥੀ ਅਤੇ 12ਵੀਂ ਜਮਾਤ ਦੇ ਵਣਜ ਵਿਭਾਗ ਪ੍ਰੀਤੀ ਨੂੰ ਮੁੱਖ ਵਿਦਿਆਰਥਣ ਨਿਯੁਕਤ ਕੀਤਾ ਗਿਆ।

# ਆਰੀਆ ਕਾਲਜ ਵਿਚ ਖ਼ੂਨਦਾਨ ਕੈਂਪ ਲਾਇਆ



**ਸ਼ਾਹਬਾਦ ਮਾਰਕੰਡਾ, 1 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰੀਆ ਕੰਨਿਆ ਕਾਲਜ ’ਚ ਰੋਟਰੀ ਪਰਿਵਾਰ, ਐੱਨ ਐੱਸ ਐੱਸ, ਐੱਨ ਸੀ ਸੀ, ਯੂਥ ਰੈੱਡ ਕਰਾਸ, ਰੋਟਰੈਕਟ ਕਲੱਬ ਤੇ ਮੈਡੀਕਲ ਹੈਲਪ ਸੈੱਲ ਦੇ ਸਾਂਝੇ ਯਤਨਾਂ ਨਾਲ ਖ਼ੂਨਦਾਨ ਕੈਂਪ ਲਾਇਆ ਗਿਆ। ਕੁਰੂਕਸ਼ੇਤਰ ਦੇ ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਨਾ ਨੇ ਵੀ ਕੈਂਪ ਵਿੱਚ ਸ਼ਿਰਕਤ ਕੀਤੀ। ਸਮਾਜ ਸੇਵੀ ਸ਼ੁਭਮ ਗਰਗ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਹਰਿਆਣਾ ਸਾਹਿਤ ਤੇ ਸੰਸਕ੍ਰਿਤ ਅਕਾਦਮੀ ਦੇ ਡਾਇਰੈਕਟਰ ਡਾ. ਚਿਤਰੰਜਨ ਦਿਆਲ ਸਿੰਘ ਕੌਸ਼ਲ ਮੌਜੂਦ ਸਨ।

ਸਰਕਾਰੀ ਹਸਪਤਾਲ ਕੁਰੂਕਸ਼ੇਤਰ ਦੀ ਟੀਮ ਨੇ ਖ਼ੂਨ ਇੱਕਠਾ ਕੀਤਾ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੁਲਦੀਪ ਗੁਪਤਾ ਤੇ ਕਾਲਜ ਦੀ ਪ੍ਰਿੰਸੀਪਲ ਡਾ. ਆਰਤੀ ਤ੍ਰੇਹਨ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।

ਮੁੱਖ ਮਹਿਮਾਨ ਸ਼ੁਭਮ ਗਰਗ ਨੇ ਕਿਹਾ ਕਿ ਖ਼ੂਨਦਾਨ ਤੋਂ ਵੱਡੀ ਕੋਈ ਸੇਵਾ ਨਹੀਂ ਹੈ ਤੇ ਇਹ ਸੇਵਾ ਦਾ ਕਾਰਜ ਸਮਾਜਕ ਸੰਸਥਾਵਾਂ ਬਾਖ਼ੂਬੀ ਕਰ ਰਹੀਆਂ ਹਨ। ਖ਼ੂਨ ਦੀ ਕਮੀ ਕਾਰਨ ਕਿਸੇ ਦੀ ਕੀਮਤੀ ਜਾਨ ਨਾ ਜਾਵੇ, ਇਹ ਮਨੁੱਖਤਾ ਦਾ ਸਭ ਤੋਂ ਵੱਡਾ ਧਰਮ ਹੈ ਤੇ ਕਿਸੇ ਲੋੜਵੰਦ ਦੀ ਜਾਨ ਬਚਾਉਣਾ ਸਭ ਤੋਂ ਵੱਡੀ ਸੇਵਾ ਹੈ। ਵਿਸ਼ੇਸ਼ ਮਹਿਮਾਨ ਡਾ. ਚਿਤਰੰਜਨ ਦਿਆਲ ਸਿੰਘ ਕੌਸ਼ਲ ਨੇ ਹਾਜ਼ਰ ਨੌਜਵਾਨਾਂ ਨੂੰ ਕਿਹਾ ਕਿ ਕੁਦਰਤ ਨੇ ਤੱਤਾਂ, ਰੁੱਖਾਂ, ਦਰਿਆਵਾਂ ਤੇ ਬਦਲਾਂ ਰਾਹੀਂ ਦਾਨ ਦਾ ਸੰਦੇਸ਼ ਦਿੱਤਾ ਹੈ।

ਕਾਲਜ ਦੀ ਐੱਨ ਸੀ ਸੀ ਯੂਨਿਟ ਵੱਲੋਂ ਗੋਦ ਲਏ ਪਿੰਡ ਸੰਮਾਲਖੀ ਦੇ ਸਰਪੰਚ ਦੇ ਪਤੀ ਸਤੀਸ਼ ਨੇ ਵੀ ਇਸ ਮੌਕੇ ਖ਼ੂਨ ਦਾਨ ਕੀਤਾ। ਮੰਚ ਸੰਚਾਲਨ ਐੱਨ ਐੱਸ ਐੱਸ ਅਧਿਕਾਰੀ ਡਾ. ਸਵਰਿਤੀ ਸ਼ਰਮਾ ਨੇ ਕੀਤਾ। ਰੋਟਰੀ ਪ੍ਰਧਾਨ ਵਿਕਰਮ ਗੁਪਤਾ ਤੇ ਉਨ੍ਹਾਂ ਦੀ ਟੀਮ ਨੇ ਇਸ ਕੈਂਪ ਨੂੰ ਸਫ਼ਲ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ।

# ’ਰੇਸ 3’ ਤੋਂ ਬਾਅਦ ਹੁਣ ਆਵੇਗੀ ’ਰੇਸ 4’, ਆਮਿਰ ਖ਼ਾਨ ਨਾਲ ਦੋ ਨਵੇਂ ਸਿਤਾਰੇ ਫਰੈਂਚਾਈਜ਼ੀ ’ਚ ਹੋਏ ਸ਼ਾਮਲ?

ਕੌਮੀ ਪਤ੍ਰਿਕਾ

ਨਵੀਂ ਦਿੱਲੀ 1 ਸਤੰਬਰ। ਰੇਸ 4 ਨੂੰ ਲੈ ਕੇ ਬਹੁਤ ਸਾਰੀਆਂ ਅਟਕਲਾਂ ਹਨ। ਪਹਿਲਾਂ, ਰਿਪੋਰਟਾਂ ਸਨ ਕਿ ਸੈਫ ਅਲੀ ਖਾਨ ਚੌਥੀ ਕਿਸ਼ਤ ਲਈ ਵਾਪਸ ਆਉਣਗੇ, ਜਿਸ ਤੋਂ ਬਾਅਦ ਰਣਬੀਰ ਕਪੂਰ ਨੂੰ ਲੈ ਕੇ ਅਫਵਾਹਾਂ ਫੈਲ ਗਈਆਂ। ਆਓ ਫਿਲਮ ਬਾਰੇ ਤਾਜ਼ਾ ਅਪਡੇਟਸ ਜਾਣੀਏ। 'ਰਕਸ਼ਾ ਬੰਧਨ' ਐਡ ਨੂੰ ਲੈ ਕੇ ਕ੍ਰਿਤੀ ਸੈਨਨ ਦੇ ਵਿਵਾਦ 'ਚ ਕੁੱਦੀ ਪਾਕਿਸਤਾਨੀ ਐਕਟਰੈਸ? ਐਕਸ ਵਾਇਰਲ ਪੋਸਟ ਨਾਲ ਮਚੀ ਸਨਸਨੀ ਹੁਣ, ਰਿਪੋਰਟਾਂ ਸੁਝਾਉਂਦੀਆਂ ਹਨ ਕਿ ਆਮਿਰ ਖਾਨ *ਰੇਸ* ਫਰੈਂਚਾਇਜ਼ੀ ਵਿੱਚ ਸ਼ਾਮਲ ਹੋ ਸਕਦੇ ਹਨ। *ਫਿਲਮਫੇਅਰ* ਦੇ ਅਨੁਸਾਰ, ਆਮਿਰ ਨੇ ਸਕ੍ਰਿਪਟ ਸੁਣੀ ਹੈ ਅਤੇ ਇਸਨੂੰ ਪਸੰਦ ਕੀਤਾ ਹੈ। ਉਸਨੇ ਫਿਲਮ ਵਿੱਚ ਡੂੰਘੀ ਦਿਲਚਸਪੀ ਦਿਖਾਈ ਹੈ ਅਤੇ ਚਾਹੁੰਦਾ ਹੈ ਕਿ ਵਿਜੇ ਕ੍ਰਿਸ਼ਨ ਆਚਾਰੀਆ ਇਸਦਾ ਨਿਰਦੇਸ਼ਨ ਕਰੇ। ਇਸ ਸਮੇਂ ਗੱਲਬਾਤ ਚੱਲ ਰਹੀ ਹੈ ਅਤੇ ਜੇਕਰ ਸਭ ਕੁਝ ਠੀਕ ਰਿਹਾ ਤਾਂ ਆਮਿਰ *ਰੇਸ* ਫਰੈਂਚਾਇਜ਼ੀ ਦਾ ਨਵਾਂ ਚਿਹਰਾ ਬਣ ਸਕਦਾ ਹੈ। ਪਹਿਲੀ *ਰੇਸ* ਫਿਲਮ 2008 ਵਿੱਚ ਰਿਲੀਜ਼ ਹੋਈ ਸੀ, ਜਿਸ ਵਿੱਚ ਸੈਫ ਅਲੀ ਖਾਨ, ਬਿਪਾਸ਼ਾ ਬਾਸੂ, ਅਕਸ਼ੈ



ਖੰਨਾ, ਕੈਟਰੀਨਾ ਕੈਫ ਅਤੇ ਅਨਿਲ ਕਪੂਰ ਸਨ। ਫਿਲਮ ਇੱਕ ਵੱਡੀ ਸਫਲਤਾ ਸੀ। ਫਿਰ 2013 ਵਿੱਚ *ਰੇਸ 2* ਆਈ; ਸੈਫ ਅਤੇ ਅਨਿਲ ਦੇ ਨਾਲ, ਕਲਾਕਾਰਾਂ ਦਾ ਵਿਸਤਾਰ ਹੋਇਆ ਜਿਸ ਵਿੱਚ ਦੀਪਿਕਾ ਪਾਦੁਕੋਣ, ਜੌਨ ਅਬ੍ਰਾਹਮ, ਜੈਕਲੀਨ ਫਰਨਾਂਡੀਜ਼ ਅਤੇ ਅਮੀਸ਼ਾ ਪਟੇਲ ਸ਼ਾਮਲ ਸਨ। ਇਸ ਤੋਂ ਬਾਅਦ *ਰੇਸ 3* 2018 ਵਿੱਚ ਰਿਲੀਜ਼ ਹੋਇਆ ਸੀ, ਜਿਸ ਵਿੱਚ ਸੈਫ ਅਲੀ ਖਾਨ ਦੀ ਜਗ?ਹਾ ਸਲਮਾਨ ਖਾਨ ਨੇ ਲਈ ਸੀ। ਬੌਬੀ ਦਿਓਲ, ਸਾਕਿਬ ਸਲੀਮ ਅਤੇ ਡੇਜ਼ੀ ਸ਼ਾਹ ਵਰਗੇ ਨਵੇਂ ਕਲਾਕਾਰ ਕਲਾਕਾਰਾਂ ਵਿੱਚ ਸ਼ਾਮਲ ਹੋਏ। ਜਦੋਂ ਕਿ *ਰੇਸ 2* ਅਸਲ ਫਿਲਮ ਦਾ ਸਿੱਧਾ ਸੀਕਵਲ ਸੀ, *ਰੇਸ 3* ਦੀ ਕਹਾਣੀ ਵੱਖਰੀ ਸੀ। *ਰੇਸ* ਅਤੇ *ਰੇਸ 2* ਦੇ ਉਲਟ ਫਰੈਂਚਾਇਜ਼ੀ ਦਾ ਤੀਜਾ ਕਿਸ਼ਤ ਬਾਕਸ-ਆਫਿਸ 'ਤੇ ਇੱਕ ਵੱਡਾ ਫਲਾਪ ਰਿਹਾ। ਹੁਣ, *ਰੇਸ 4* ਬਾਰੇ ਚਰਚਾਵਾਂ ਚੱਲ ਰਹੀਆਂ ਹਨ। ਇਸਦਾ ਪਲਾਟ ਅਸਲ ਕਹਾਣੀ ਦੀ ਸਮਾਂ-ਰੇਖਾ ਨੂੰ ਅੱਗੇ ਵਧਾਏਗਾ। ਪਿਛਲੇ ਸਾਲ, ਨਿਰਮਾਤਾ ਰਮੇਸ਼ ਤੌਰਾਨੀ ਨੇ ਖੁਲਾਸਾ ਕੀਤਾ ਸੀ ਕਿ ਉਹ ਫਿਲਮ ਲਈ ਸੈਫ ਅਤੇ ਸਿਧਾਰਥ ਮਲਹੋਤਰਾ ਨਾਲ ਗੱਲਬਾਤ ਕਰ ਰਹੇ ਸਨ। ਲੰਬੇ ਸਮੇਂ ਤੋਂ ਵੱਖ-ਵੱਖ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਰਣਬੀਰ ਕਪੂਰ *ਰੇਸ* ਫਰੈਂਚਾਇਜ਼ੀ ਦਾ ਨਵਾਂ ਚਿਹਰਾ ਬਣਨ ਲਈ ਤਿਆਰ ਸਨ; ਹਾਲਾਂਕਿ, ਚੱਲ ਰਹੀਆਂ ਹਨ। ਇਸਦਾ ਪਲਾਟ ਅਸਲ ਕਹਾਣੀ ਦੀ ਸਮਾਂ-ਰੇਖਾ ਨੂੰ ਅੱਗੇ ਵਧਾਏਗਾ। ਪਿਛਲੇ ਸਾਲ, ਨਿਰਮਾਤਾ ਰਮੇਸ਼ ਤੌਰਾਨੀ ਨੇ ਖੁਲਾਸਾ ਕੀਤਾ ਸੀ ਕਿ ਉਹ ਫਿਲਮਅਦਾਕਾਰ ਨੇ ਬਾਅਦ ਵਿੱਚ ਇਨ੍ਹਾਂ ਦਾਅਵਿਆਂ ਦਾ ਖੰਡਨ ਕੀਤਾ। ਫਿਲਮ ਵਿੱਚ ਆਮਿਰ ਖਾਨ ਦੀ ਸੰਭਾਵੀ ਸ਼ਮੂਲੀਅਤ ਬਾਰੇ ਖ਼ਬਰਾਂ ਇਸ ਸਮੇਂ ਸੁਰਖੀਆਂ ਵਿੱਚ ਹਨ। ਪਹਿਲਾਂ, ਆਮਿਰ *ਧੂਮ* ਫਰੈਂਚਾਇਜ਼ੀ ਵਿੱਚ *ਧੂਮ 3* ਵਿੱਚ ਨਵੇਂ ਵਿਰੋਧੀ ਵਜੋਂ ਸ਼ਾਮਲ ਹੋਏ ਸਨ; ਜੇਕਰ ਉਹ *ਰੇਸ 4* ਲਈ ਸਾਈਨ ਕਰਦੇ ਹਨ ਤਾਂ ਇਹ ਉਨ੍ਹਾਂ ਦੀ ਦੂਜੀ ਵੱਡੀ ਫਰੈਂਚਾਇਜ਼ੀ ਭੂਮਿਕਾ ਹੋਵੇਗੀ। ਉਨ੍ਹਾਂ ਦੀ ਕਾਸਟਿੰਗ ਬਾਰੇ ਅਧਿਕਾਰਤ ਪੁਸ਼ਟੀ ਦੀ ਅਜੇ ਉਡੀਕ ਹੈ। ਪਿੰਕਵਿਲਾ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਕ੍ਰਿਪਟ ਆਮਿਰ ਖਾਨ ਦੇ ਨਾਲ ਸਿਧਾਰਥ ਅਤੇ ਟਾਈਗਰ ਨੂੰ ਸੁਣਾਈ ਗਈ ਹੈ। ਜੇਕਰ ਸਭ ਕੁਝ ਠੀਕ ਹੋ ਜਾਂਦਾ ਹੈ ਤਾਂ ਇਹ ਦੋ ਨਵੇਂ ਸਿਤਾਰੇ ਪ੍ਰੋਜੈਕਟ ਵਿੱਚ ਆਮਿਰ ਨਾਲ ਸ਼ਾਮਲ ਹੋਣਗੇ।

# ਨੇਪਾਲ ’ਚ ਹੜ੍ਹਾਂ ਦੌਰਾਨ ਤਰਨਤਾਰਨ ਦੇ ਪਿੰਡ ਰੱਤੋਕੇ ਦਾ ਨੌਜਵਾਨ ਦੋ ਰਿਸ਼ਤੇਦਾਰਾਂ ਸਮੇਤ ਲਾਪਤਾ

ਤਰਨਤਾਰਨ 1 ਸਤੰਬਰ। ਤਰਨਤਾਰਨ ਜ਼ਿਲ੍ਹੇ ਦੇ ਪਿੰਡ ਰੱਤੋਕੇ ਤੋਂ ਚਿੰਤਾਜਨਕ ਮਾਮਲਾ ਸਾਹਮਣੇ ਆਇਆ ਹੈ। ਨੇਪਾਲ 'ਚ ਆਏ ਹੜ੍ਹ ਦੌਰਾਨ ਪਿੰਡ ਰੱਤੋਕੇ ਦਾ ਵਸਨੀਕ ਸ਼ਮਸ਼ੇਰ ਸਿੰਘ ਸੰਧੂ ਨੇਪਾਲ 'ਚ ਆਏ ਹੜ੍ਹਾਂ ਦੌਰਾਨ ਆਪਣੇ ਦੋ ਰਿਸ਼ਤੇਦਾਰਾਂ



ਸਮੇਤ ਲਾਪਤਾ ਹੋ ਗਿਆ ਹੈ। ਤਿੰਨਾਂ ਨਾਲ ਪਿਛਲੇ ਕਈ ਦਿਨਾਂ ਤੋਂ ਕੋਈ ਸੰਪਰਕ ਨਾ ਹੋਣ ਕਾਰਨ ਪਰਿਵਾਰਕ ਮੈਂਬਰਾਂ ਵਿੱਚ ਭਾਰੀ ਚਿੰਤਾ ਪਾਈ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਸ਼ਮਸ਼ੇਰ ਸਿੰਘ ਸੰਧੂ ਪੁੱਤਰ ਸਵਰਨ ਸਿੰਘ ਨੇਪਾਲ ਵਿੱਚ ਐਂਡਰਿਟਜ਼ ਕੰਪਨੀ ਦੇ ਤ੍ਰਿਸ਼ੂਲੀ ਅੱਪਰ ਪਾਵਰ ਹਾਊਸ ਪ੍ਰਾਜੈਕਟ ਵਿੱਚ ਕਰੇਨ ਚਾਲਕ ਵਜੋਂ ਕੰਮ ਕਰਦਾ ਸੀ। ਉਸਦੇ ਨਾਲ ਉਸਦਾ ਸਾਲਾ ਭੁਪਿੰਦਰ ਸਿੰਘ ਅਤੇ ਰਿਸ਼ਤੇਦਾਰ ਰਸ਼ਪਾਲ ਸਿੰਘ ਪੁੱਤਰ ਹਰਜਿੰਦਰ ਸਿੰਘ ਵੀ ਰਹਿ ਰਹੇ ਸਨ, ਜੋ ਕਿ ਯੂਪੀ ਦੇ ਵਸਨੀਕ ਦੱਸੇ ਜਾ ਰਹੇ ਹਨ। ਪਰਿਵਾਰ ਮੁਤਾਬਕ 25 ਅਗਸਤ ਨੂੰ ਵਟਸਐਪ ਕਾਲ ਰਾਹੀਂ ਸ਼ਮਸ਼ੇਰ ਸਿੰਘ ਨਾਲ ਆਖਰੀ ਵਾਰ ਗੱਲਬਾਤ ਹੋਈ ਸੀ, ਜਿਸ ਤੋਂ ਬਾਅਦ ਤਿੰਨਾਂ ਨਾਲ ਕੋਈ ਸੰਪਰਕ ਨਹੀਂ ਹੋ ਸਕਿਆ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪਿੰਡ ਦੀ ਸਰਪੰਚ ਸ਼ੋਭਾ ਕੁਮਾਰੀ ਵੱਲੋਂ ਪੰਚਾਇਤ ਦੀ ਤਰਫੋਂ ਡਿਪਟੀ ਕਮਿਸ਼ਨਰ ਤਰਨਤਾਰਨ ਨੂੰ ਪੱਤਰ ਲਿਖ ਕੇ ਮਦਦ ਦੀ ਅਪੀਲ ਕੀਤੀ ਗਈ ਹੈ। ਪਰਿਵਾਰ ਅਤੇ ਪਿੰਡ ਵਾਸੀਆਂ ਨੇ ਕੇਂਦਰ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਕਾਠਮੰਡੂ ਸਥਿਤ ਭਾਰਤੀ ਦੂਤਾਵਾਸ ਅਤੇ ਨੇਪਾਲ ਸਰਕਾਰ ਨਾਲ ਤਾਲਮੇਲ ਕਰਕੇ ਤਿੰਨਾਂ ਲਾਪਤਾ ਵਿਅਕਤੀਆਂ ਦੀ ਜਲਦ ਤੋਂ ਜਲਦ ਭਾਲ ਕਰਵਾਈ ਜਾਵੇ।

## ਫਾਜ਼ਿਲਕਾ ਪੁਲਸ ਵੱਲੋਂ 2 ਨਸ਼ਾ ਤਸਕਰ ਗ੍ਰਿਫ਼ਤਾਰ

ਫਾਜ਼ਿਲਕਾ 1 ਸਤੰਬਰ। ਗਗਨ ਅਜੀਤ ਸਿੰਘ ਪੀ. ਪੀ. ਐੱਸ, ਐੱਸ. ਐੱਸ. ਪੀ. ਫਾਜ਼ਿਲਕਾ ਦੀ ਅਗਵਾਈ ਹੇਠ ਫਾਜ਼ਿਲਕਾ ਪੁਲਸ ਵੱਲੋਂ ਨਸ਼ਾ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਖ਼?ਲਾਫ਼ ਚਲਾਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੇ ਤਹਿਤ ਐੱਸ. ਆਈ. ਹਰਦੇਵ ਸਿੰਘ ਮੁੱਖ ਅਫ਼ਸਰ ਥਾਣਾ ਸਦਰ ਫਾਜ਼ਿਲਕਾ ਦੀ ਨਿਗਰਾਨੀ ਹੇਠ ਐੱਸ. ਆਈ ਗੁਰਵਿੰਦਰ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਗੁਪਤ ਸੂਚਨਾ ਦੇ ਆਧਾਰ 'ਚੇ ਸਰਹੱਦ ਪਾਰ ਤੋਂ ਚਲਾਏ ਜਾ ਰਹੇ ਨਸ਼ਾ ਤਸਕਰੀ ਅਤੇ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼ ਕਰਦੇ ਹੋਏ 2 ਤਸਕਰਾਂ ਨੂੰ ਕਾਬੂ ਕਰਨ 'ਚ ਸਫ਼ਲਤਾ ਹਾਸਲ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਮਿਤੀ 13-8-2026 ਨੂੰ ਥਾਣਾ ਸਦਰ ਫਾਜ਼ਿਲਕਾ ਪੁਲਸ ਵੱਲੋਂ ਬੀ. ਐੱਸ. ਐੱਫ. ਨਾਲ ਮਿਲਕੇ ਚਲਾਏ ਗਏ ਸਾਂਝੇ ਆਪਰੇਸ਼ਨ ਦੌਰਾਨ ਪਿੰਡ ਮੂਬੇ ਕੇ ਨੇੜਿਓ ਝੋਨੇ ਦੇ ਖੇਤਾਂ 'ਚੋਂ 01 ਡਰੋਨ, 01 ਪਿਸਤੌਲ, 02 ਮੈਗਜ਼ੀਨ ਅਤੇ 09 ਜ਼ਿੰਦਾ ਰੌਂਦ ਬਰਾਮਦ ਕੀਤੇ ਗਏ ਸਨ

# ਪੰਜਾਬ ਸਰਕਾਰ ਦਾ ਸਿੱਖਿਆ ਮਾਡਲ ਪੂਰੀ ਤਰ੍ਹਾਂ ਫੇਲ੍ਹ: ਕੇਵਲ ਸਿੰਘ ਢਿੱਲੋਂ

ਚੰਡੀਗੜ੍ਹ 1 ਸਤੰਬਰ। ਭਾਰਤੀ ਜਨਤਾ ਪਾਰਟੀ, ਪੰਜਾਬ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪੰਜਾਬ ਸਰਕਾਰ ਦੀ ਸਿੱਖਿਆ ਨੀਤੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਹੈ ਕਿ ਆਮ ਆਦਮੀ ਪਾਰਟੀ ਸਰਕਾਰ ਦਾ ਅਖੌਤੀ ਸਿੱਖਿਆ ਮਾਡਲ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਿੱਖਿਆ ਵਿੱਚ ਕ੍ਰਾਂਤੀ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਪਰ ਜ਼ਮੀਨੀ ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕਰੀਬ 31 ਹਜ਼ਾਰ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ, ਜਦਕਿ ਸਰਕਾਰੀ ਕਾਲਜਾਂ ਵਿੱਚ ਵੀ ਕਰੀਬ 2400 ਪ੍ਰੋਫ਼ੈਸਰਾਂ ਦੀ ਘਾਟ ਹੈ। ਇਸ ਤੋਂ ਇਲਾਵਾ ਏਡਿਡ ਕਾਲਜਾਂ ਵਿੱਚ ਵੀ ਕਰੀਬ 3000 ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹੋਣ ਦੀ ਸਥਿਤੀ ਸਰਕਾਰ ਦੇ ਸਿੱਖਿਆ ਪ੍ਰਬੰਧਾਂ 'ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਲਈ ਲੋੜੀਂਦੇ ਅਧਿਆਪਕ ਹੀ ਮੌਜੂਦ ਨਹੀਂ ਹਨ ਤਾਂ ਸਿਰਫ਼ ਸਕੂਲਾਂ ਦੀਆਂ ਇਮਾਰਤਾਂ ਨੂੰ ਰੰਗ-ਰੋਗਨ ਕਰਕੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਨਹੀਂ ਲਿਆਂਦੀ ਜਾ ਸਕਦੀ। ਉਨ੍ਹਾਂ ਕਿਹਾ ਕਿ ਖਾਲੀ ਇਮਾਰਤਾਂ ਨਹੀਂ, ਸਗੋਂ ਯੋਗ ਅਤੇ



ਲੋੜੀਂਦੇ ਅਧਿਆਪਕ ਹੀ ਸਿੱਖਿਆ ਪ੍ਰਣਾਲੀ ਦੀ ਅਸਲ ਨੀਂਹ ਹਨ। ਭਾਜਪਾ ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਸਰਕਾਰ ਦੇ ਕਾਰਜਕਾਲ ਦੌਰਾਨ ਸੱਤ ਸਰਕਾਰੀ ਸਕੂਲ ਬੰਦ ਹੋ ਜਾਣਾ ਵੀ ਸਿੱਖਿਆ ਦੇ ਖੇਤਰ ਵਿੱਚ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਸਰਕਾਰ ਇਸ਼ਤਿਹਾਰਾਂ ਰਾਹੀਂ ਸਿੱਖਿਆ ਕ੍ਰਾਂਤੀ ਦੇ ਦਾਅਵੇ ਕਰ ਰਹੀ ਹੈ ਅਤੇ ਦੂਜੇ ਪਾਸੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਸਿੱਖਿਆ ਵਿੱਚ ਕ੍ਰਾਂਤੀ ਸਿਰਫ਼ ਇਸ਼ਤਿਹਾਰਬਾਜ਼ੀ ਨਾਲ ਨਹੀਂ ਆਉਂਦੀ। ਇਸ ਲਈ ਸਕੂਲਾਂ ਵਿੱਚ ਅਧਿਆਪਕ, ਵਿਦਿਆਰਥੀਆਂ ਲਈ ਬਿਹਤਰ ਸਹੂਲਤਾਂ ਅਤੇ ਗੁਣਵੱਤਾ ਭਰਪੂਰ ਪੜ੍ਹਾਈ ਯਕੀਨੀ ਬਣਾਉਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਇਸ਼ਤਿਹਾਰਬਾਜ਼ੀ 'ਤੇ ਧਿਆਨ ਦੇਣ ਦੀ ਬਜਾਏ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿੱਚ ਖਾਲੀ ਪਈਆਂ ਅਧਿਆਪਕਾਂ ਅਤੇ ਪ੍ਰੋਫ਼ੈਸਰਾਂ ਦੀਆਂ ਅਸਾਮੀਆਂ ਭਰਨ ਦੀ ਲੋੜ ਹੈ ਤਾਂ ਕਿ ਪੰਜਾਬ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮਿਲ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਬੱਚਿਆਂ ਦੇ ਭਵਿੱਖ ਨਾਲ ਜੁੜੇ ਇਸ ਅਹਿਮ ਮੁੱਦੇ 'ਤੇ ਸਰਕਾਰ ਨੂੰ ਸਿਰਫ਼ ਦਾਅਵੇ ਕਰਨ ਦੀ ਬਜਾਏ ਜ਼ਮੀਨੀ ਪੱਧਰ 'ਤੇ ਠੋਸ ਕਾਰਵਾਈ 'ਚ ਸਰਕਾਰ ਫੇਲ ਹੋਈ ਹੈ ।

# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ’ਚ ਹੋਏ ਕਰੋੜਾਂ ਦੇ ਘਪਲੇ ’ਚ ਮੁਲਜ਼ਮ ਅਰੋੜਾ ਦੀ ਅਗਾਊਂ ਜ਼ਮਾਨਤ ਖਾਰਜ

ਕੌਮੀ ਪਤ੍ਰਿਕਾ

ਮੋਹਾਲੀ 1 ਸਤੰਬਰ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਸਬੰਧ 'ਚ 303.92 ਕਰੋੜ ਦੀ ਰਾਸ਼ੀ ਜਾਰੀ ਕਰਨ ਤੇ ਇਸ ਰਾਸ਼ੀ 'ਚ ਘਪਲਾ ਕਰਨ ਦੇ ਮਾਮਲੇ 'ਚ ਵਿਜੀਲੈਂਸ ਵੱਲੋਂ ਨਾਮਜ਼ਦ ਰਾਕੇਸ਼ ਕੁਮਾਰ ਅਰੋੜਾ ਨਾਂ ਦੇ ਮੁਲਜ਼ਮ ਦੀ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਵੱਲੋਂ ਦਾਇਰ ਅਗਾਊਂ ਜ਼ਮਾਨਤ ਅਰਜੀ ਖਾਰਜ ਕਰਦਿਆਂ ਕਿਹਾ ਕਿ ਮੁਲਜ਼ਮ ਰਾਕੇਸ਼ ਅਰੋੜਾ ਦੇ ਵਕੀਲ ਨੇ ਦਲੀਲ ਦਿੱਤੀ ਕਿ ਉਸ ਖ਼?ਲਾਫ਼ ਇਕ ਝੂਠੀ ਐੱਫ. ਆਈ. ਆਰ ਦਰਜ ਕੀਤੀ ਗਈ ਹੈ। ਐੱਫ. ਆਈ. ਆਰ. 'ਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਫੰਡਾਂ ਦੀ ਵੰਡ 'ਚ ਬੇਨਿਯਮੀਆਂ ਦਾ ਦੋਸ਼ ਹੈ, ਪਰ ਮੁਲਜ਼ਮ ਰਾਕੇਸ਼ ਅਰੋੜਾ ਦੀ ਕੋਈ ਸਿੱਧੀ ਭੂਮਿਕਾ, ਸ਼ਮੂਲੀਅਤ ਜਾਂ ਗਲਤ ਲਾਭ ਨਹੀਂ ਹੈ। ਮੌਜੂਦਾ ਐੱਫ. ਆਈ. ਆਰ. ਦਰਜ ਕਰਨ ਵੇਲੇ ਸਬੰਧਿਤ ਰਿਪੋਰਟ ਦਾ ਮੇਲ-ਮਿਲਾਣ ਅਤੇ ਵਰਤੋਂ ਸਰਟੀਫਿਕੇਟ



ਆਦਿ 'ਤੇ ਵਿਚਾਰ ਨਹੀਂ ਕੀਤਾ ਗਿਆ। ਫੰਡਾਂ ਦੀ ਵੰਡ 'ਚ ਕੋਈ ਗਬਨ ਨਹੀਂ ਹੋਇਆ ਤੇ ਇਹ ਐੱਫ. ਆਈ. ਆਰ. ਭ੍ਰਿਸ਼ਟਾਚਾਰ ਜਾਂ ਵਿਸ਼ਵਾਸਘਾਤ ਦੇ ਕਿਸੇ ਸਬੂਤ ਤੋਂ ਬਿਨਾਂ ਝੂਠੇ ਅਤੇ ਬੇਬੁਨਿਆਦ ਤੱਥਾਂ 'ਤੇ ਆਧਾਰਿਤ ਹੈ। ਮੁਲਜ਼ਮ ਰਾਕੇਸ਼ ਉਸ ਸਮੇਂ ਵਿਭਾਗ 'ਚ ਤਾਇਨਾਤ ਨਹੀਂ ਸੀ ਤੇ ਇਸ ਲਈ ਕਥਿਤ ਅਪਰਾਧ 'ਚ ਉਸ ਦੀ ਕੋਈ ਭੂਮਿਕਾ ਨਹੀਂ ਹੈ। ਅਦਾਲਤ ਦਾ ਕਹਿਣਾ ਹੈ ਕਿ ਵੱਡੀ ਰਕਮ ਦੀ ਵਿੱਤੀ ਧੋਖਾਧੜੀ ਕਰਨ ਦਾ ਦੋਸ਼ ਹੈ। ਇਸ ਸਕੀਮ ਤਹਿਤ ਕੇਂਦਰ ਸਰਕਾਰ ਤੋਂ ਪ੍ਰਾਪਤ ਗ੍ਰਾਂਟ ਦੀ ਦੁਰਵਰਤੋਂ ਕੀਤੀ ਗਈ ਤੇ ਇਸ ਨੂੰ ਤੈਅ ਨਿਯਮਾਂ ਤੇ ਸਿਧਾਂਤਾਂ ਦੇ ਉਲਟ ਵੰਡਿਆ ਗਿਆ, ਨਾਲ ਹੀ ਰਾਕੇਸ਼ ਦੇ ਵਕੀਲ ਵਲੋਂ ਉਠਾਏ ਗਏ ਇਹ ਮੁੱਦੇ ਕਿ ਵੱਖ-ਵੱਖ ਰਿਪੋਰਟਾਂ ਨੇ ਕਲੀਨ-ਚਿੱਟ ਦਿੱਤੀ ਹੈ, ਅਜੇ ਅਦਾਲਤ ਵਿਚ ਵਿਚਾਰੇ ਜਾਣੇ ਬਾਕੀ ਹਨ। ਇਸ ਪੜਾਅ 'ਤੇ ਦੋਸ਼ 303.90 ਕਰੋੜ ਰੁਪਏ ਦੇ ਗਬਨ ਅਤੇ ਰਿਕਾਰਡ 'ਚ ਹੇਰਾਫੇਰੀ ਕਰਨ ਨਾਲ ਸਬੰਧਤ ਹਨ। ਇਸ ਲਈ ਅਦਾਲਤ ਗ੍ਰਿਫ਼ਤਾਰੀ ਤੋਂ ਪਹਿਲਾਂ ਮੁਲਜ਼ਮ ਰਾਕੇਸ਼ ਅਰੋੜਾ ਨੂੰ ਜ਼ਮਾਨਤ ਦੀ ਰਾਹਤ ਦੇਣ ਦੇ ਹੱਕ 'ਚ ਨਹੀਂ ਹੈ। ਇਸ ਲਈ ਰਾਕੇਸ਼ ਅਰੋੜਾ ਦੀ ਜ਼ਮਾਨਤ ਅਰਜ਼ੀ ਨੂੰ ਰੱਦ ਕੀਤਾ ਜਾਂਦਾ ਹੈ। ਉਪਰੋਕਤ ਐੱਫ. ਆਈ. ਆਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ''ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ' ਦੇ ਸਬੰਧ ਵਿਚ ਕੀਤੀ ਗਈ ਵਿਜੀਲੈਂਸ ਜਾਂਚ ਦੇ ਆਧਾਰ 'ਤੇ ਮੁਲਜ਼ਮ ਖ਼?ਲਾਫ਼ ਦਰਜ ਕੀਤੀ ਗਈ ਹੈ।

# ਹੈਰੋਇਨ ਸਮੇਤ ਕਾਬੂ ਵਿਅਕਤੀ ਤੋਂ ਰਿਮਾਂਡ ਦੌਰਾਨ ਪਿਸਤੌਲ ਤੇ ਰੌਂਦ ਬਰਾਮਦ

ਫ਼ਰੀਦਕੋਟ 1 ਸਤੰਬਰ। ਫ਼ਰੀਦਕੋਟ ਪੁਲਸ ਵੱਲੋਂ ਨਸ਼ਿਆਂ ਖ਼?ਲਾਫ਼ ਵਿੱਢੀ ਮੁਹਿੰਮ ਤਹਿਤ ਸੀ.ਆਈ.ਏ. ਸਟਾਫ਼ ਦੀ ਪੁਲਸ ਪਾਰਟੀ ਵੱਲੋਂ 522 ਗ੍ਰਾਮ ਹੈਰੋਇਨ ਅਤੇ ਬਿਨਾਂ ਨੰਬਰੀ ਮੋਟਰਸਾਈਕਲ ਸਮੇਤ ਕਾਬੂ ਕੀਤੇ ਵਿਅਕਤੀ ਤੋਂ ਪੁਲਸ ਰਿਮਾਂਡ ਦੌਰਾਨ ਪੁੱਛਗਿੱਛ ਦੇ ਆਧਾਰ 'ਤੇ ਇਕ 9 ਐੱਮ.ਐੱਮ. ਪਿਸਤੌਲ (ਜੁਗਾਨਾ)



ਅਤੇ 2 ਜ਼ਿੰਦਾ ਰੌਂਦ ਬਰਾਮਦ ਕੀਤੇ ਗਏ ਹਨ। ਇਹ ਜਾਣਕਾਰੀ ਐੱਸ.ਐੱਸ.ਪੀ. ਫ਼ਰੀਦਕੋਟ ਗੁਰਬੰਸ ਸਿੰਘ ਬੈਂਸ ਨੇ ਅੱਜ ਪ੍ਰੈੱਸ ਕਾਨਫ਼ਰੰਸ ਦੌਰਾਨ ਦਿੱਤੀ। ਇਸ ਮੌਕੇ ਐੱਸ.ਪੀ. ਇਨਵੈਸਟੀਗੇਸ਼ਨ ਨਰਿੰਦਰ ਸਿੰਘ ਵੀ ਮੌਜੂਦ ਸਨ। ਐੱਸ. ਐੱਸ. ਪੀ. ਬੈਂਸ ਨੇ ਦੱਸਿਆ ਕਿ ਸੀ.ਆਈ.ਏ. ਇੰਚਾਰਜ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਐੱਸ.ਆਈ. ਹਾਕਮ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ। ਇਸ ਦੌਰਾਨ ਜਦੋਂ ਪੁਲਸ ਪਾਰਟੀ ਐੱਨ.ਐੱਚ.-54 'ਤੇ ਪਿੰਡ ਕਲੇਰ ਨੇੜੇ ਬਣੇ ਸ਼ੈੱਡ ਬੱਸ ਸਟਾਪ ਕੋਲ ਪੁੱਜੀ ਤਾਂ ਉਥੇ ਇਕ ਬਿਨਾਂ ਨੰਬਰੀ ਕਾਲੇ ਰੰਗ ਦਾ ਮੋਟਰਸਾਈਕਲ ਖੜ੍ਹਾ ਦਿਖਾਈ ਦਿੱਤਾ। ਸ਼ੈੱਡ ਵਿਚ ਬੈਠਾ ਇਕ ਵਿਅਕਤੀ ਪੁਲਸ ਪਾਰਟੀ ਨੂੰ ਦੇਖ ਕੇ ਮੋਟਰਸਾਈਕਲ ਸਟਾਰਟ ਕਰਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰਨ ਲੱਗਾ, ਜਿਸ ਨੂੰ ਪੁਲਸ ਮੁਲਾਜ਼ਮਾਂ ਨੇ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਕਾਬੂ ਕੀਤੇ ਵਿਅਕਤੀ ਦੀ ਪਛਾਣ ਮੋਹਨਬੀਰ ਸਿੰਘ ਵਾਸੀ ਪਿੰਡ ਰਾਜੋ ਕੇ, ਥਾਣਾ ਖਾਲੜਾ, ਜ਼ਿਲ੍ਹਾ ਤਰਨਤਾਰਨ ਵਜੋਂ ਹੋਈ। ਕਾਨੂੰਨੀ ਜ਼ਾਬਤੇ ਅਨੁਸਾਰ ਡੀ.ਐੱਸ.ਪੀ. ਅਵਤਾਰ ਸਿੰਘ ਨੂੰ ਮੌਕੇ 'ਤੇ ਬੁਲਾਇਆ ਗਿਆ ਅਤੇ ਮੁਲਜ਼ਮ ਦੀ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਮੁਲਜ਼ਮ ਦੀ ਲੋਅਰ ਦੀ ਜੇਬ ਵਿੱਚੋਂ ਇਕ ਮੋਮੀ ਪਾਰਦਰਸ਼ੀ ਲਿਫ਼ਾਫ਼ਾ ਬਰਾਮਦ ਹੋਇਆ, ਜਿਸ ਦੀ ਜਾਂਚ ਕਰਨ 'ਤੇ ਉਸ ਵਿੱਚੋਂ 522 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਹੈਰੋਇਨ ਅਤੇ ਬਿਨਾਂ ਨੰਬਰੀ ਮੋਟਰਸਾਈਕਲ ਕਬਜ਼ੇ ਵਿਚ ਲੈ ਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਥਾਣਾ ਸਦਰ ਫ਼ਰੀਦਕੋਟ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਮੁਕੱਦਮਾ ਦਰਜ ਕਰਕੇ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ। ਐੱਸ.ਐੱਸ.ਪੀ. ਬੈਂਸ ਨੇ ਦੱਸਿਆ ਕਿ ਪੁਲਸ ਰਿਮਾਂਡ ਦੌਰਾਨ ਕੀਤੀ ਗਈ ਪੁੱਛਗਿੱਛ ਦੇ ਆਧਾਰ 'ਤੇ ਮੁਲਜ਼ਮ ਦੀ ਨਿਸ਼ਾਨਦੇਹੀ 'ਤੇ ਇਕ 9 ਐੱਮ.ਐੱਮ. ਪਿਸਤੌਲ (ਜੁਗਾਨਾ) ਅਤੇ 2 ਜ਼ਿੰਦਾ ਰੌਂਦ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਹੁਣ ਇਹ ਪਤਾ ਲਗਾਇਆ ਜਾ ਰਿਹਾ ਹੈ।

# ‘ਨਸ਼ਾ-ਮੁਕਤ ਨੌਜਵਾਨ, ਨਸ਼ਾ-ਮੁਕਤ ਭਾਰਤ’ ਦੇ ਸੰਕਲਪ ਦੀ ਪੰਜਾਬ ਤੋਂ ਹੋਵੇ ਫ਼ੈਸਲਾਕੁੰਨ ਸ਼ੁਰੂਆਤ: ਸਤਨਾਮ ਸਿੰਘ ਸੰਧੂ

ਕੌਮੀ ਪਤ੍ਰਿਕਾ

ਚੰਡੀਗੜ੍ਹ 1 ਸਤੰਬਰ। ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਅੱਜ ਧਨਾਸ ਪਿੰਡ ਵਿਖੇ ਨੌਜਵਾਨਾਂ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਮਨ ਕੀ ਬਾਤ' ਪ੍ਰੋਗਰਾਮ ਦੀ 137ਵੀਂ ਐਪੀਸੋਡ ਸੁਣੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਅੱਜ ਦਿੱਤਾ ਗਿਆ 'ਨਸ਼ਾ-ਮੁਕਤ ਨੌਜਵਾਨ, ਨਸ਼ਾ-ਮੁਕਤ ਭਾਰਤ' ਦਾ ਸੰਕਲਪ ਪੰਜਾਬ ਲਈ ਵਿਸ਼ੇਸ਼ ਅਹਿਮੀਅਤ ਰੱਖਦਾ ਹੈ ਅਤੇ ਪੰਜਾਬ ਨੂੰ ਇਸ ਕੌਮੀ ਸੰਕਲਪ ਦੀ ਅਗਵਾਈ ਕਰਨੀ ਚਾਹੀਦੀ ਹੈ। ਸੰਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਨਸ਼ਿਆਂ ਵਿਰੁੱਧ ਲੜਾਈ ਨੂੰ ਲੋਕ-ਲਹਿਰ ਬਣਾਉਣ ਦਾ ਰਾਹ ਵੀ ਦੱਸਿਆ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਪ੍ਰਭਾਵਸ਼ਾਲੀ ਨਾਅਰੇ ਘੜਨ, ਸੰਗੀਤਕਾਰਾਂ ਨੂੰ ਨਸ਼ਾ-ਮੁਕਤ ਜੀਵਨ ਦਾ ਸੁਨੇਹਾ ਦਿੰਦੇ ਗੀਤ ਰਚਣ, ਵਿਦਿਆਰਥੀਆਂ ਅਤੇ ਨਾਟਕ ਮੰਡਲੀਆਂ ਨੂੰ ਨਸ਼ਿਆਂ ਦੀ ਤਬਾਹੀ ਅਤੇ ਉਸ ਵਿੱਚੋਂ ਨਿਕਲਣ ਦਾ ਰਾਹ ਵਿਖਾਉਂਦੇ ਲਘੂ ਨਾਟਕ ਤਿਆਰ ਕਰਨ ਅਤੇ ਰਚਨਾਕਾਰਾਂ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਜਾਗਰੂਕਤਾ ਪੈਦਾ ਕਰਨ ਵਾਲੀ ਸਮੱਗਰੀ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਦਾ ਸਪਸ਼ਟ ਸੰਦੇਸ਼ ਸੀ ਕਿ ਨਸ਼ਾ ਇਕੱਲੇ ਵਿਅਕਤੀ ਨੂੰ ਨਹੀਂ, ਪੂਰੇ ਪਰਿਵਾਰ ਅਤੇ ਸਮਾਜ ਨੂੰ ਆਪਣੀ ਲਪੇਟ ਵਿਚ ਲੈਂਦਾ ਹੈ। ਸੰਧੂ ਨੇ ਕਿਹਾ ਕਿ ਪੰਜਾਬ ਲਈ ਇਸ ਸੰਕਲਪ ਦੇ ਅਰਥ ਹੋਰ ਵੀ ਡੂੰਘੇ ਹਨ। ਪੰਜਾਬ ਦੀ ਲੜਾਈ ਸਿਰਫ਼ ਨਸ਼ੇ ਦੀ ਲਤ ਨਾਲ ਨਹੀਂ, ਸਗੋਂ ਸਰਹੱਦ ਪਾਰੋਂ ਨਸ਼ਾ ਤਸਕਰੀ



ਰਾਹੀਂ ਪਲ ਰਹੇ ਨਾਰਕੋ-ਟੈਰਰ ਦੇ ਉਸ ਤੰਤਰ ਨਾਲ ਵੀ ਹੈ, ਜੋ ਸੂਬੇ ਦੀ ਨੌਜਵਾਨੀ, ਅਮਨ-ਚੈਨ ਅਤੇ ਸੁਰੱਖਿਆ ਨੂੰ ਖੋਖਲਾ ਕਰ ਰਿਹਾ ਹੈ। ਫਿਰੌਤੀਆਂ ਲਈ ਧਮਕੀਆਂ, ਜਬਰੀ ਵਸੂਲੀਆਂ, ਮਿੱਥ ਕੇ ਕੀਤੀਆਂ ਹੱਤਿਆਵਾਂ ਅਤੇ ਸੰਗਠਿਤ ਅਪਰਾਧ ਦੀਆਂ ਕਈ ਘਟਨਾਵਾਂ ਦੀਆਂ ਤੰਦਾਂ ਨਸ਼ਾ ਤਸਕਰੀ ਅਤੇ ਨਾਰਕੋ-ਟੈਰਰ ਦੇ ਜਾਲ ਨਾਲ ਜੁੜਦੀਆਂ ਹਨ। ਸੰਧੂ ਨੇ ਕਿਹਾ ਕਿ ਨਸ਼ਾ-ਮੁਕਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਨ ਵਿੱਚ ਪੰਜਾਬ ਦੀ ਭੂਮਿਕਾ ਸਭ ਤੋਂ ਅਹਿਮ ਹੋ ਸਕਦੀ ਹੈ। ਪੰਜਾਬ ਨੂੰ ਸਿਰਫ਼ ਨਸ਼ਿਆਂ ਦੀ ਮਾਰ ਤੋਂ ਬਚਾਉਣਾ ਨਹੀਂ, ਨਸ਼ਾ ਤਸਕਰੀ ਅਤੇ ਨਾਰਕੋ-ਟੈਰਰ ਦੇ ਪੂਰੇ ਤੰਤਰ ਦੀਆਂ ਜੜ੍ਹਾਂ ਪੁੱਟਣੀਆਂ ਹਨ। ਦੇਸ਼ ਨੇ ਦ੍ਰਿੜ੍ਹ ਸਿਆਸੀ ਇੱਛਾ-ਸ਼ਕਤੀ ਅਤੇ ਫ਼ੈਸਲਾਕੁਨ ਕਾਰਵਾਈ ਨਾਲ ਨਕਸਲਵਾਦ ਨੂੰ ਨਿਰਣਾਇਕ ਢੰਗ ਨਾਲ ਪਿੱਛੇ ਧੱਕਿਆ ਹੈ; ਉਸੇ ਦ੍ਰਿੜ੍ਹਤਾ, ਸੰਕਲਪ ਅਤੇ ਸਮਰੱਥਾ ਨਾਲ ਭਾਰਤੀ ਜਨਤਾ ਪਾਰਟੀ ਪੰਜਾਬ ਨੂੰ ਨਾਰਕੋ-ਟੈਰਰ ਦੇ ਜਾਲ ਤੋਂ ਮੁਕਤ ਕਰਨ ਲਈ ਵਚਨਬੱਧ ਹੈ। ਸੰਧੂ ਨੇ ਕਿਹਾ ਕਿ ਇਸ ਲੜਾਈ ਦਾ ਦੂਜਾ ਅਹਿਮ ਪੱਖ ਪੰਜਾਬ ਦੀ ਨੌਜਵਾਨੀ ਸਾਹਮਣੇ ਨਸ਼ੇ ਦੀ ਥਾਂ ਮੌਕਿਆਂ ਦਾ ਸੰਸਾਰ ਖੜ੍ਹਾ ਕਰਨਾ ਹੈ। ਸਿੱਖਿਆ, ਹੁਨਰ, ਖੇਡਾਂ, ਖੋਜ, ਰੁਜ਼ਗਾਰ ਅਤੇ ਉੱਦਮ ਰਾਹੀਂ ਨੌਜਵਾਨਾਂ ਦੀ ਊਰਜਾ ਨੂੰ ਪੰਜਾਬ ਦੀ ਤਰੱਕੀ ਦੀ ਤਾਕਤ ਬਣਾਉਣਾ ਪਵੇਗਾ। ਪੰਜਾਬ ਦੀ ਨੌਜਵਾਨੀ ਨੂੰ ਸਮੱਸਿਆ ਨਹੀਂ, ਪੰਜਾਬ ਦੇ ਪੁਨਰ-ਨਿਰਮਾਣ ਦੀ ਸਭ ਤੋਂ ਵੱਡੀ ਤਾਕਤ ਮੰਨਣਾ ਹੋਵੇਗਾ। ਉਨ੍ਹਾਂ ਕਿਹਾ ਕਿ 'ਮਨ ਕੀ ਬਾਤ' ਦੀ ਅਸਲ ਤਾਕਤ ਚੰਗੀ ਸੋਚ ਨੂੰ ਲੋਕ-ਭਾਗੀਦਾਰੀ ਅਤੇ ਲੋਕ-ਭਾਗੀਦਾਰੀ ਨੂੰ ਲੋਕ-ਲਹਿਰ ਵਿੱਚ ਬਦਲਣ ਵਿੱਚ ਹੈ। ਪ੍ਰਧਾਨ ਮੰਤਰੀ ਦਾ ਅੱਜ ਦਾ ਸੱਦਾ ਪੰਜਾਬ ਦੇ ਹਰ ਪਿੰਡ, ਹਰ ਵਿਦਿਅਕ ਸੰਸਥਾ, ਹਰ ਖੇਡ ਮੈਦਾਨ ਅਤੇ ਹਰ ਨੌਜਵਾਨ ਤੱਕ ਪਹੁੰਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਸ਼ਾ-ਮੁਕਤ ਨੌਜਵਾਨੀ, ਨਾਰਕੋ-ਟੈਰਰ ਤੋਂ ਮੁਕਤ ਪੰਜਾਬ ਅਤੇ ਨੌਜਵਾਨਾਂ ਲਈ ਮੌਕਿਆਂ ਨਾਲ ਭਰਪੂਰ ਭਵਿੱਖ—ਪ੍ਰਧਾਨ ਮੰਤਰੀ ਦੇ ਅੱਜ ਦੇ ਸੰਕਲਪ ਨੂੰ ਪੰਜਾਬ ਵਿੱਚ ਇਸੇ ਦ੍ਰਿੜ੍ਹ ਲੋਕ-ਲਹਿਰ ਵਿਚ ਬਦਲਣਾ ਹੋਵੇਗਾ।

## ਬਨੂੜ ਦੇ ਸਰਕਾਰੀ ਸਕੂਲ ’ਚ 4 ਮਹੀਨਿਆਂ ’ਚ ਦੂਜੀ ਵਾਰ ਚੋਰੀ

ਬਨੂੜ 1 ਸਤੰਬਰ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ 'ਚ ਚੋਰ ਗਿਰੋਹ ਦੇ ਮੈਂਬਰਾਂ ਨੇ ਚਾਰ ਮਹੀਨਿਆਂ ਦੌਰਾਨ ਦੂਜੀ ਵਾਰ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਹੈ। ਇਸ ਚੋਰੀ ਬਾਰੇ ਜਾਣਕਾਰੀ ਦਿੰਦੇ ਹੋਏ ਸਕੂਲ ਇੰਚਾਰਜ ਅਧਿਆਪਕ ਨਿਰਮਲ ਕੌਰ ਨੇ ਦੱਸਿਆ ਕਿ ਬੀਤੇ ਦਿਨੀਂ ਅਣਪਛਾਤੇ ਵਿਅਕਤੀਆਂ ਵੱਲੋਂ ਸਕੂਲ ਦੇ ਪਿਛਲੇ ਪਾਸੇ ਲੱਗੇ ਹੋਏ ਸੀ. ਸੀ. ਟੀ. ਵੀ. ਕੈਮਰਿਆਂ ਦੀ ਤਾਰ ਚੋਰੀ ਕਰਕੇ ਲੈ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਮਈ ਮਹੀਨੇ ਦੌਰਾਨ ਵੀ ਚੋਰ ਗਿਰੋਹ ਵੱਲੋਂ ਸਕੂਲ 'ਚ ਪੱਖੇ ਅਤੇ ਹੋਰ ਸਾਮਾਨ ਚੋਰੀ ਕਰ ਲਿਆ ਗਿਆ ਸੀ। ਅਧਿਆਪਕ ਨਿਰਮਲ ਕੌਰ ਨੇ ਦੱਸਿਆ ਕਿ ਇਸ ਘਟਨਾ ਬਾਰੇ ਪੁਲਸ ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸਕੂਲ ਦੇ ਸਟਾਫ਼ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਰਾਤ ਵੇਲੇ ਪਿੰਡ 'ਚ ਗਸ਼ਤ ਵਧਾਈ ਜਾਵੇ ਤਾਂ ਜੋ ਸਕੂਲ ਨੂੰ ਹੋ ਰਹੇ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕੇ।

# ਪੰਜਾਬ ’ਚ ਬਿਜਲੀ ਉਤਪਾਦਨ ’ਤੇ ਵਧਿਆ ਸੰਕਟ, ਲੇਹਰਾ ਮੁਹੱਬਤ ਥਰਮਲ ਪਲਾਂਟ ਦੀ ਚੌਥੀ ਯੂਨਿਟ ਵੀ ਬੰਦ

ਕੌਮੀ ਪਤ੍ਰਿਕਾ

ਬਠਿੰਡਾ 1 ਸਤੰਬਰ। ਬਠਿੰਡਾ ਜ਼ਿਲ੍ਹੇ ਦੇ ਲੇਹਰਾ ਮੁਹੱਬਤ ਸਥਿਤ ਗੁਰੂ ਹਰਿਗੋਬਿੰਦ ਥਰਮਲ ਪਲਾਂਟ (ਜੀਐੱਚਟੀਪੀ) ਵਿੱਚ ਬਿਜਲੀ ਉਤਪਾਦਨ ਨੂੰ ਵੱਡਾ ਝਟਕਾ ਲੱਗਿਆ ਹੈ। ਪਲਾਂਟ ਦੀ 210 ਮੈਗਾਵਾਟ ਸਮਰੱਥਾ ਵਾਲੀ ਚੌਥੀ ਯੂਨਿਟ, ਜੋ ਪਿਛਲੇ ਕਈ ਦਿਨਾਂ ਤੋਂ ਪਲਾਂਟ ਦੀ ਇਕਲੌਤੀ ਚਾਲੂ ਯੂਨਿਟ ਸੀ, ਵੀ ਹੁਣ ਬੰਦ ਹੋ ਗਈ ਹੈ। ਇਸ ਕਾਰਨ ਪਲਾਂਟ ਵਿੱਚ ਬਿਜਲੀ ਉਤਪਾਦਨ ਪੂਰੀ ਤਰ੍ਹਾਂ ਠੱਪ ਹੋਣ ਦੀ ਸਥਿਤੀ ਬਣ ਗਈ ਹੈ।ਇੱਕ ਸੀਨੀਅਰ ਅਧਿਕਾਰੀ ਅਨੁਸਾਰ ਚੌਥੀ ਯੂਨਿਟ ਦੇ ਬੰਦ ਹੋਣ ਪਿੱਛੇ ਤਕਨੀਕੀ ਖਰਾਬੀ ਹੋਣ ਦੀ ਸੰਭਾਵਨਾ ਹੈ। ਅਧਿਕਾਰੀ ਨੇ ਕਿਹਾ ਕਿ ਯੂਨਿਟ ਨੂੰ ਮੁੜ ਚਾਲੂ ਕਰਨ ਲਈ ਤਕਨੀਕੀ ਟੀਮਾਂ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਹਾਲਾਂਕਿ ਯੂਨਿਟ ਕਦੋਂ ਤੱਕ ਮੁੜ ਉਤਪਾਦਨ ਸ਼ੁਰੂ ਕਰੇਗੀ, ਇਸ ਬਾਰੇ ਅਜੇ ਕੋਈ ਨਿਸ਼ਚਿਤ ਸਮਾਂ ਨਹੀਂ ਦੱਸਿਆ ਗਿਆ। ਇਸ ਤੋਂ ਪਹਿਲਾਂ ਪਲਾਂਟ ਦੀਆਂ ਤਿੰਨ ਹੋਰ ਯੂਨਿਟਾਂ ਕਰੀਬ ਪੰਦਰਾਂ ਦਿਨਾਂ ਤੋਂ ਬੰਦ ਪਈਆਂ ਹਨ। ਇਸ ਤਰ੍ਹਾਂ ਪਲਾਂਟ ਦੀਆਂ ਚਾਰੋਂ ਯੂਨਿਟਾਂ ਦੇ ਬੰਦ ਹੋਣ ਨਾਲ ਸੂਬੇ ਦੇ ਬਿਜਲੀ ਉਤਪਾਦਨ 'ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੈ। ਖਾਸ ਗੱਲ ਇਹ ਹੈ ਕਿ ਚੌਥੀ ਯੂਨਿਟ ਹੀ ਪਿਛਲੇ ਦਿਨਾਂ ਦੌਰਾਨ ਪਲਾਂਟ ਦੀ ਬਿਜਲੀ ਉਤਪਾਦਨ ਦੀ ਮੁੱਖ ਉਮੀਦ ਬਣੀ ਹੋਈ ਸੀ। ਸੂਤਰਾਂ ਅਨੁਸਾਰ 210 ਮੈਗਾਵਾਟ ਸਮਰੱਥਾ ਵਾਲੀ ਇਸ ਯੂਨਿਟ ਤੋਂ ਵੀਰਵਾਰ ਨੂੰ ਕਰੀਬ 167 ਮੈਗਾਵਾਟ ਬਿਜਲੀ ਪੈਦਾ ਕੀਤੀ ਜਾ ਰਹੀ ਸੀ। ਯੂਨਿਟ ਵਿੱਚ ਹਾਲ ਹੀ ਵਿੱਚ ਵੀ ਤਕਨੀਕੀ ਖਰਾਬੀ ਆਈ ਸੀ, ਪਰ ਉਸ ਨੂੰ ਮੁਰੰਮਤ ਤੋਂ ਬਾਅਦ ਮੁੜ ਚਾਲੂ ਕਰ ਦਿੱਤਾ ਗਿਆ ਸੀ। ਹੁਣ ਦੁਬਾਰਾ ਯੂਨਿਟ ਦੇ ਬੰਦ ਹੋਣ ਨਾਲ ਪਲਾਂਟ ਪ੍ਰਬੰਧਨ ਲਈ ਚੁਣੌਤੀ ਹੋਰ ਵਧ ਗਈ ਹੈ। ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪਲਾਂਟ ਦੀਆਂ ਬਾਕੀ ਤਿੰਨ ਯੂਨਿਟਾਂ ਦੇ ਲੰਬੇ ਸਮੇਂ ਤੋਂ ਬੰਦ ਰਹਿਣ ਪਿੱਛੇ ਕਈ ਕਾਰਨਾਂ ਵਿੱਚੋਂ ਇੱਕ ਕਾਰਨ ਆਊਟਸੋਰਸ ਮੁਲਾਜ਼ਮਾਂ ਦੀ ਹੜਤਾਲ ਵੀ ਹੈ। ਪਲਾਂਟ



ਵਿੱਚ ਕੰਮ ਕਰ ਰਹੇ ਆਊਟਸੋਰਸ ਮੁਲਾਜ਼ਮ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡਨਾਲ ਸਿੱਧੀ ਨਿਯੁਕਤੀ ਦੀ ਮੰਗ ਕਰ ਰਹੇ ਹਨ। ਹੜਤਾਲ ਕਾਰਨ ਪਲਾਂਟ ਦੇ ਰੋਜ਼ਾਨਾ ਸੰਚਾਲਨ ਅਤੇ ਰੱਖ-ਰਖਾਅ ਨਾਲ ਸਬੰਧਤ ਕੰਮ ਪ੍ਰਭਾਵਿਤ ਹੋਏ ਹਨ। ਅਧਿਕਾਰੀ ਮੁਤਾਬਕ ਬਿਜਲੀ ਉਤਪਾਦਨ ਵਾਲੀਆਂ ਯੂਨਿਟਾਂ ਨੂੰ ਚਲਾਉਣ ਲਈ ਤਕਨੀਕੀ ਅਤੇ ਸਹਾਇਕ ਸਟਾਫ ਦੀ ਅਹਿਮ ਭੂਮਿਕਾ ਹੁੰਦੀ ਹੈ। ਮੁਲਾਜ਼ਮਾਂ ਦੀ ਹੜਤਾਲ ਕਾਰਨ ਪੈਦਾ ਹੋਈਆਂ ਸੰਚਾਲਕੀ ਮੁਸ਼ਕਲਾਂ ਦਾ ਵੀ ਯੂਨਿਟਾਂ ਦੀ ਕਾਰਗੁਜ਼ਾਰੀ 'ਤੇ ਅਸਰ ਪਿਆ ਹੈ। ਅਧਿਕਾਰੀ ਨੇ ਕਿਹਾ ਕਿ ਬੰਦ ਯੂਨਿਟਾਂ ਨੂੰ ਮੁੜ ਚਾਲੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਤਕਨੀਕੀ ਖਰਾਬੀਆਂ ਦੀ ਜਾਂਚ ਅਤੇ ਲੋੜੀਂਦੇ ਮੁਰੰਮਤੀ ਕੰਮ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਪਲਾਂਟ ਦੀਆਂ ਯੂਨਿਟਾਂ ਨੂੰ ਪੜਾਅਵਾਰ ਮੁੜ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਬਿਜਲੀ ਉਤਪਾਦਨ ਬਹਾਲ ਕੀਤਾ ਜਾ ਸਕੇ। ਪਲਾਂਟ ਦੀਆਂ ਚਾਰੋਂ ਯੂਨਿਟਾਂ ਦੇ ਇਕੱਠੇ ਬੰਦ ਹੋਣ ਦੀ ਸਥਿਤੀ ਨੇ ਨਾ ਸਿਰਫ਼ ਪਲਾਂਟ ਦੇ ਸੰਚਾਲਨ 'ਤੇ ਸਵਾਲ ਖੜ੍ਹੇ ਕੀਤੇ ਹਨ, ਸਗੋਂ ਬਿਜਲੀ ਉਤਪਾਦਨ ਦੀ ਸਮਰੱਥਾ ਨੂੰ ਲੈ ਕੇ ਵੀ ਚਿੰਤਾ ਵਧਾ ਦਿੱਤੀ ਹੈ। ਹੁਣ ਨਿਗਾਹ ਇਸ ਗੱਲ 'ਤੇ ਹੈ ਕਿ ਚੌਥੀ ਯੂਨਿਟ ਸਮੇਤ ਬਾਕੀ ਤਿੰਨ ਯੂਨਿਟਾਂ ਵਿੱਚੋਂ ਕਿੰਨੀ ਜਲਦੀ ਉਤਪਾਦਨ ਮੁੜ ਸ਼ੁਰੂ ਹੁੰਦਾ ਹੈ।